Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.
# ਪੰਜਾਬ ਮੇਲ
Chief Editor: Gurjatinder Singh Randhawa
Punjab Mail USA


FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।
RE/MAX
Gurjatinder S. Randhawa
REALTOR CA DRE licence # 01490567
916-320-9444

Vol. 19, Issue- 905, 07 to 13 May, 2026, Ph: 916-320-9444, E-mail: punjabmailusa@yahoo.com, Web: punjabmailusa.com

## ਕੈਲੀਫੋਰਨੀਆ ਪ੍ਰਾਇਮਰੀ ਚੋਣਾਂ 2026: ਪੰਜਾਬੀ ਭਾਈਚਾਰੇ ਨੂੰ ਵੋਟ ਪਾਉਣ ਲਈ ਅਪੀਲ

ਸੈਕਰਾਮੈਂਟੋ, (ਪੰਜਾਬ ਮੇਲ)- ਕੈਲੀਫੋਰਨੀਆ 'ਚ 2 ਜੂਨ 2026 ਨੂੰ ਪ੍ਰਾਇਮਰੀ ਚੋਣਾਂ ਹੋਣ ਜਾ ਰਹੀਆਂ ਹਨ, ਜਿਸ ਲਈ ਸੂਬੇ ਭਰ ਵਿਚ ਵੋਟਰਾਂ ਨੂੰ ਮੇਲ ਰਾਹੀਂ ਬੈਲੇਟ ਪੇਪਰ ਭੇਜੇ ਜਾ ਚੁੱਕੇ ਹਨ। ਇਹ ਚੋਣਾਂ ਅਮਰੀਕੀ ਚੋਣ ਪ੍ਰਣਾਲੀ ਦਾ ਮਹੱਤਵਪੂਰਨ ਹਿੱਸਾ ਹਨ, ਜਿੱਥੇ ਵੱਖ-ਵੱਖ ਪਾਰਟੀਆਂ ਆਪਣੇ ਉਮੀਦਵਾਰਾਂ ਦੀ ਚੋਣ ਕਰਦੀਆਂ ਹਨ, ਜੋ ਬਾਅਦ ਵਿਚ ਨਵੰਬਰ 'ਚ ਹੋਣ ਵਾਲੀਆਂ ਮੁੱਖ ਚੋਣਾਂ ਵਿਚ ਹਿੱਸਾ ਲੈਂਦੇ ਹਨ। ਕੈਲੀਫੋਰਨੀਆ ਦੇ "ਟਾਪ ਟੂ" ਸਿਸਟਮ ਅਨੁਸਾਰ, ਸਭ ਤੋਂ ਵੱਧ ਵੋਟਾਂ ਪ੍ਰਾਪਤ ਕਰਨ ਵਾਲੇ ਦੋ ਉਮੀਦਵਾਰ, ਭਾਵੇਂ ਉਹ ਕਿਸੇ ਵੀ ਪਾਰਟੀ ਨਾਲ ਸੰਬੰਧਿਤ ਹੋਣ, ਅੱਗੇ ਜਨਰਲ ਇਲੈਕਸ਼ਨ ਲਈ ਚੁਣੇ ਜਾਂਦੇ ਹਨ।

ਇਸ ਮੌਕੇ 'ਤੇ ਪੰਜਾਬੀ ਭਾਈਚਾਰੇ ਨੂੰ ਖਾਸ ਤੌਰ 'ਤੇ ਅਪੀਲ ਕੀਤੀ ਜਾ ਰਹੀ ਹੈ




ਕਿ ਜੇ ਤੁਹਾਡੇ ਘਰ ਵਿਚ ਬੈਲੇਟ ਪੇਪਰ ਆ ਗਿਆ ਹੈ, ਤਾਂ ਇਸਨੂੰ ਕਿਸੇ ਵੀ ਹਾਲਤ ਵਿਚ ਨਜ਼ਰਅੰਦਾਜ਼ ਨਾ ਕਰੋ। ਬਹੁਤ ਵਾਰ ਵੇਖਿਆ ਗਿਆ ਹੈ ਕਿ ਕਈ ਲੋਕ ਆਪਣੇ ਬੈਲੇਟ ਨੂੰ ਵਰਤਣ ਦੀ ਬਜਾਏ ਗਾਰਬੇਜ 'ਚ ਸੁੱਟ ਦਿੰਦੇ ਹਨ, ਜੋ ਕਿ ਲੋਕਤੰਤਰਿਕ ਹੱਕ ਦੀ ਅਣਦੇਖੀ ਹੈ। ਤੁਹਾਡੀ ਇੱਕ ਵੋਟ ਤੁਹਾਡੀ ਆਵਾਜ਼ ਹੈ ਅਤੇ ਇਹ ਤੁਹਾਡੇ ਮਨਪਸੰਦ ਉਮੀਦਵਾਰ ਨੂੰ ਅੱਗੇ ਲਿਆਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ।

ਵੋਟਰਾਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੈਲੇਟ ਨੂੰ ਧਿਆਨ ਨਾਲ ਭਰਨ, ਲੋੜੀਂਦੇ ਸਥਾਨ 'ਤੇ ਦਸਤਖ਼ਤ ਕਰਨ ਅਤੇ ਇਸਨੂੰ ਜਲਦੀ ਤੋਂ ਜਲਦੀ ਭੇਜਣ ਜਾਂ ਨਜ਼ਦੀਕੀ ਡਰਾਪ ਬਾਕਸ ਵਿਚ ਜਮ੍ਹਾਂ ਕਰਵਾਉਣ। ਯਾਦ ਰਹੇ ਕਿ ਇਹ ਵੋਟਿੰਗ ਪ੍ਰਕਿਰਿਆ ਸਿਰਫ਼ ਇੱਕ ਫਾਰਮੈਲਿਟੀ ਨਹੀਂ, ਸਗੋਂ ਤੁਹਾਡੇ ਅਧਿਕਾਰਾਂ ਦੀ ਪ੍ਰਤੀਕ ਹੈ। ਜੇ ਤੁਸੀਂ ਵੋਟ ਨਹੀਂ ਪਾਉਂਦੇ, ਤਾਂ ਤੁਸੀਂ ਆਪਣੇ ਫੈਸਲੇ ਦੀ ਤਾਕਤ ਦੂਜਿਆਂ ਦੇ ਹੱਥ ਵਿਚ ਦੇ ਰਹੇ ਹੋ। ਇਸ ਲਈ ਪੰਜਾਬੀ ਭਾਈਚਾਰੇ ਨੂੰ ਅਪੀਲ ਹੈ ਕਿ ਆਪਣੀ ਵੋਟ ਦਾ ਸਹੀ ਇਸਤੇਮਾਲ ਕਰੋ, ਲੋਕਤੰਤਰਿਕ ਪ੍ਰਕਿਰਿਆ ਵਿਚ ਹਿੱਸਾ ਲਵੋ ਅਤੇ ਆਪਣੇ ਹੱਕ ਦੀ ਆਵਾਜ਼ ਨੂੰ ਮਜ਼ਬੂਤ ਬਣਾਓ, ਤਾਂ ਜੋ ਆਉਣ ਵਾਲੀਆਂ ਨਵੰਬਰ ਚੋਣਾਂ ਵਿਚ ਤੁਹਾਡੇ ਮਨਪਸੰਦ ਉਮੀਦਵਾਰ ਨੂੰ ਮੌਕਾ ਮਿਲ ਸਕੇ।

## ਡੋਨਾਲਡ ਟਰੰਪ ਪ੍ਰਸ਼ਾਸਨ ਨੇ ਵਿਦੇਸ਼ੀ ਡਾਕਟਰਾਂ ਲਈ ਇਮੀਗ੍ਰੇਸ਼ਨ ਸੰਬੰਧੀ ਕਾਰਜਕਾਰੀ ਹੁਕਮ ਲਿਆ ਵਾਪਸ

ਵਾਸ਼ਿੰਗਟਨ ਡੀ.ਸੀ. (ਪੰਜਾਬ ਮੇਲ)- ਅਮਰੀਕਾ ਵਿਚ ਇਮੀਗ੍ਰੇਸ਼ਨ ਨੀਤੀਆਂ 'ਚ ਇੱਕ ਮਹੱਤਵਪੂਰਨ ਮੋੜ ਆਇਆ ਹੈ, ਜਿੱਥੇ ਟਰੰਪ ਪ੍ਰਸ਼ਾਸਨ ਨੇ ਆਪਣੇ ਹੀ ਸਖ਼ਤ ਇਮੀਗ੍ਰੇਸ਼ਨ ਸੰਬੰਧੀ ਕਾਰਜਕਾਰੀ ਹੁਕਮ ਨੂੰ ਚੁੱਪਚਾਪ ਵਾਪਸ ਲੈਣ ਦਾ ਫੈਸਲਾ ਕੀਤਾ ਹੈ। ਹੁਣ ਵਿਦੇਸ਼ ਵਿਚ ਟ੍ਰੇਨਿੰਗ ਪ੍ਰਾਪਤ ਡਾਕਟਰਾਂ ਲਈ ਵੀਜ਼ਾ ਪ੍ਰੋਸੈਸਿੰਗ ਮੁੜ ਸ਼ੁਰੂ ਕਰਨ ਦੀ ਇਜਾਜ਼ਤ ਦਿੱਤੀ ਗਈ ਹੈ, ਜਿਸ ਨਾਲ ਕਈ ਮਹੀਨਿਆਂ ਤੋਂ ਫਸੇ ਹੋਏ ਹਜ਼ਾਰਾਂ ਅਰਜ਼ੀਕਾਰਾਂ ਨੂੰ ਰਾਹਤ ਮਿਲੇਗੀ।

ਇਹ ਤਬਦੀਲੀ ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ ਵੱਲੋਂ ਜਾਰੀ ਕੀਤੀਆਂ ਨਵੀਆਂ ਹਦਾਇਤਾਂ ਤੋਂ ਬਾਅਦ ਆਈ ਹੈ, ਜਿਸ ਨਾਲ ਪਹਿਲਾਂ ਲਗਾਈ




ਗਈ ਵਿਆਪਕ ਟਰੈਵਲ ਪਾਬੰਦੀ 'ਚ ਸੋਧ ਕੀਤੀ ਗਈ। ਇਸ ਪਾਬੰਦੀ ਕਾਰਨ 39 ਦੇਸ਼ਾਂ ਦੇ ਨਾਗਰਿਕਾਂ ਲਈ ਵੀਜ਼ਾ ਐਕਸਟੈਂਸ਼ਨ, ਵਰਕ ਪਰਮਿਟ ਅਤੇ ਗ੍ਰੀਨ ਕਾਰਡ ਦੀ ਪ੍ਰਕਿਰਿਆ ਲਗਭਗ ਰੁੱਕ ਗਈ ਸੀ।

ਇਹ ਪਾਬੰਦੀਆਂ 16 ਦਸੰਬਰ, 2025 ਨੂੰ ਜਾਰੀ ਕੀਤੇ ਗਏ ਪ੍ਰੈਜ਼ੀਡੈਂਸ਼ਲ ਪ੍ਰੋਕਲੇਮੇਸ਼ਨ ਤੋਂ ਬਾਅਦ 1 ਜਨਵਰੀ 2026 ਤੋਂ ਲਾਗੂ ਹੋਈਆਂ ਸਨ, ਜਿਨ੍ਹਾਂ ਨੇ ਪਹਿਲਾਂ ਤੋਂ ਲਾਗੂ 19 ਦੇਸ਼ਾਂ ਵਾਲੀ ਸੂਚੀ ਨੂੰ ਹੋਰ ਵਧਾ ਦਿੱਤਾ ਸੀ। ਹਾਲਾਂਕਿ ਜੋ ਲੋਕ ਪਹਿਲਾਂ ਹੀ ਅਮਰੀਕਾ ਵਿਚ ਸਨ, ਉਨ੍ਹਾਂ ਨੂੰ ਤੁਰੰਤ ਦੇਸ਼ ਛੱਡਣ ਲਈ ਨਹੀਂ ਕਿਹਾ ਗਿਆ, ਪਰ ਉਨ੍ਹਾਂ ਦੀਆਂ ਵੀਜ਼ਾ ਅਤੇ ਸਟੇਟਸ ਅਪਡੇਟ ਅਰਜ਼ੀਆਂ ਅਣਮਿੱਥੇ ਸਮੇਂ ਲਈ ਅਟਕ ਗਈਆਂ।

ਹੁਣ USCIS ਨੇ ਆਪਣੀ ਗਾਈਡਲਾਈਨ ਅਪਡੇਟ ਕਰਦਿਆਂ ਸਪੱਸ਼ਟ ਕੀਤਾ ਹੈ ਕਿ ਡਾਕਟਰਾਂ 'ਤੇ ਇਹ ਪ੍ਰੋਸੈਸਿੰਗ ਸੰਬੰਧੀ ਕਾਰਜਕਾਰੀ ਹੁਕਮ ਲਾਗੂ ਨਹੀਂ ਰਹੇਗਾ। ਇਸ ਨਾਲ ਵਿਦੇਸ਼ੀ ਡਾਕਟਰਾਂ ਲਈ ਅਮਰੀਕੀ ਹਸਪਤਾਲਾਂ ਅਤੇ ਕਲੀਨਿਕਾਂ ਵਿਚ ਕੰਮ ਕਰਨ ਲਈ ਵੀਜ਼ਾ ਪ੍ਰਾਪਤ ਕਰਨ ਜਾਂ ਰਿਨਿਊ ਕਰਨ ਦਾ ਰਾਹ ਮੁੜ ਖੁੱਲ ਗਿਆ ਹੈ।

■ ਬਾਕੀ ਖਬਰ ਸਫਾ 16 'ਤੇ

## ਇੰਟਰਫੇਥ ਕੌਂਸਲ ਆਫ ਗ੍ਰੇਟਰ ਸੈਕਰਾਮੈਂਟੋ ਵੱਲੋਂ ਜੋਨ ਫਿਸ਼ ਦੇ ਸਨਮਾਨ 'ਚ ਪ੍ਰਭਾਵਸ਼ਾਲੀ ਸਮਾਗਮ



ਸੈਕਰਾਮੈਂਟੋ, (ਪੰਜਾਬ ਮੇਲ)- ਇੰਟਰਫੇਥ ਕੌਂਸਲ ਆਫ ਗ੍ਰੇਟਰ ਸੈਕਰਾਮੈਂਟੋ ਵੱਲੋਂ ਸਾਬਕਾ ਪ੍ਰਧਾਨ ਜੋਨ ਫਿਸ਼ ਦੇ ਆਦਰ-ਸਨਮਾਨ 'ਚ ਇੱਕ ਅਹਿਮ ਅਤੇ ਪ੍ਰਭਾਵਸ਼ਾਲੀ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿਚ ਸੰਸਥਾ ਦੇ ਨਵੇਂ ਅਤੇ ਪੁਰਾਣੇ ਮੈਂਬਰਾਂ ਸਮੇਤ ਵੱਖ-ਵੱਖ ਧਰਮਾਂ ਨਾਲ ਸਬੰਧਤ ਆਗੂਆਂ ਅਤੇ ਭਾਈਚਾਰਕ ਸ਼ਖ਼ਸੀਅਤਾਂ ਨੇ ਹਿੱਸਾ ਲਿਆ। ਹਾਜ਼ਰ ਮੈਂਬਰਾਂ ਨੇ ਜੋਨ ਫਿਸ਼ ਵੱਲੋਂ ਸੰਸਥਾ ਅਤੇ ਸਮੁੱਚੇ ਭਾਈਚਾਰੇ ਲਈ ਪਾਏ ਵਡਮੁੱਲੇ ਯੋਗਦਾਨ ਦੀ ਭਰਪੂਰ ਸ਼ਲਾਘਾ ਕੀਤੀ।

ਇੰਟਰਫੇਥ ਕੌਂਸਲ ਆਫ ਗ੍ਰੇਟਰ ਸੈਕਰਾਮੈਂਟੋ ਵਿਚ ਦੁਨੀਆਂ ਭਰ ਦੇ ਵੱਖ-ਵੱਖ ਧਰਮਾਂ ਨੂੰ ਮੰਨਣ ਵਾਲੇ ਮੈਂਬਰ ਸ਼ਾਮਲ ਹਨ। ਸਿੱਖ ਭਾਈਚਾਰੇ ਵੱਲੋਂ ਸੰਸਥਾ ਦੇ ਡਾਇਰੈਕਟਰ ਗੁਰਜਤਿੰਦਰ ਸਿੰਘ ਰੰਧਾਵਾ ਅਤੇ ਦਰਸ਼ਨ ਸਿੰਘ ਮੁੰਡੀ ਵੀ ਇਸ ਮੌਕੇ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਇਸ ਦੌਰਾਨ ਸੰਸਥਾ ਦੇ ਡਾਇਰੈਕਟਰ ਗੁਰਜਤਿੰਦਰ ਸਿੰਘ ਰੰਧਾਵਾ ਨੇ ਵੀ ਜੋਨ ਫਿਸ਼ ਵੱਲੋਂ ਕੀਤੇ ਗਏ ਮਹੱਤਵਪੂਰਨ ਕਾਰਜਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਅਜਿਹੀਆਂ ਸ਼ਖ਼ਸੀਅਤਾਂ ਸਮਾਜ ਲਈ ਇੱਕ ਆਈਕਨ ਵਜੋਂ ਉਭਰਦੀਆਂ ਹਨ ਅਤੇ ਉਨ੍ਹਾਂ ਦੀ ਸੋਚ, ਸਮਰਪਣ ਅਤੇ ਸੇਵਾ ਭਾਵਨਾ ਤੋਂ ਸਾਨੂੰ ਪ੍ਰੇਰਣਾ ਲੈਣੀ ਚਾਹੀਦੀ ਹੈ। ਉਨ੍ਹਾਂ ਨੇ ਇਹ ਵੀ ਜ਼ੋਰ ਦਿੱਤਾ ਕਿ ਵੱਖ-ਵੱਖ ਧਰਮਾਂ ਅਤੇ ਭਾਈਚਾਰਿਆਂ ਨੂੰ ਇਕੱਠਾ ਕਰਕੇ ਸ਼ਾਂਤੀ ਅਤੇ ਏਕਤਾ ਦਾ ਸੰਦੇਸ਼ ਦੇਣਾ ਅੱਜ ਦੇ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ।

ਇਸ ਮੌਕੇ ਵੱਖ-ਵੱਖ ਮੈਂਬਰਾਂ ਨੇ ਕਿਹਾ ਕਿ ਜੋਨ ਫਿਸ਼ ਨੇ ਆਪਣੇ ਕਾਰਜਕਾਲ ਦੌਰਾਨ ਵੱਖ-ਵੱਖ ਧਰਮਾਂ ਦੇ ਲੋਕਾਂ ਨੂੰ ਇਕ ਮੰਚ 'ਤੇ ਲਿਆਉਣ, ਆਪਸੀ ਭਾਈਚਾਰੇ ਨੂੰ ਮਜ਼ਬੂਤ ਕਰਨ ਅਤੇ ਸਮਾਜ ਵਿਚ ਸ਼ਾਂਤੀ ਤੇ ਸਦਭਾਵਨਾ ਦਾ ਸੁਨੇਹਾ ਦੇਣ ਵਿਚ ਅਹਿਮ ਭੂਮਿਕਾ ਨਿਭਾਈ। ਉਨ੍ਹਾਂ ਦੀ ਸੇਵਾ ਅਤੇ ਸਮਰਪਣ ਨੂੰ ਯਾਦ ਕਰਦਿਆਂ ਹਾਜ਼ਰ ਸ਼ਖ਼ਸੀਅਤਾਂ ਨੇ ਕਿਹਾ ਕਿ ਅਜਿਹੇ ਆਗੂ ਸਮਾਜ ਲਈ ਪ੍ਰੇਰਣਾ ਸਰੂਪ ਹੁੰਦੇ ਹਨ।

ਸੌ ਸਾਲ ਤੋਂ ਵੀ ਵੱਧ ਪੁਰਾਣੀ ਇਹ ਸੰਸਥਾ ਅਮਰੀਕਾ ਦੇ ਸੈਕਰਾਮੈਂਟੋ ਖੇਤਰ ਵਿਚ ਧਾਰਮਿਕ ਸਾਂਝ ਅਤੇ ਭਾਈਚਾਰਕ ਏਕਤਾ ਦੀ ਇੱਕ ਮਜ਼ਬੂਤ ਮਿਸਾਲ ਮੰਨੀ ਜਾਂਦੀ ਹੈ।

## ਟਰੰਪ ਦਾ ਨਵਾਂ ਰੈਂਟਲ ਨਿਯਮ: ਲੱਖਾਂ ਲੋਕਾਂ ਲਈ ਰੈਂਟ ਸਹਾਇਤਾ ਖਤਰੇ 'ਚ

ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)- ਅਮਰੀਕਾ 'ਚ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਨੀਤੀ ਨਾਲ ਜੁੜਿਆ ਇੱਕ ਨਵਾਂ ਪ੍ਰਸਤਾਵਿਤ ਨਿਯਮ ਲੱਖਾਂ ਗਰੀਬ ਪਰਿਵਾਰਾਂ ਲਈ ਵੱਡੀ ਚਿੰਤਾ ਦਾ ਕਾਰਨ ਬਣ ਗਿਆ ਹੈ। ਇਸ ਨਿਯਮ ਦੇ ਲਾਗੂ ਹੋਣ ਨਾਲ ਲਗਭਗ 3.7 ਮਿਲੀਅਨ ਲੋਕ ਆਪਣੀ ਰੈਂਟਲ ਸਹਾਇਤਾ ਗੁਆ ਸਕਦੇ ਹਨ, ਜਿਸ ਵਿਚ ਬਹੁਤ ਸਾਰੇ ਬੱਚੇ ਵੀ ਸ਼ਾਮਲ ਹਨ। ਨਵੀਂ ਪਾਲਿਸੀ ਅਨੁਸਾਰ, ਘਰ ਕਿਰਾਏ ਲਈ ਮਿਲ ਰਹੀ ਸਰਕਾਰੀ ਮਦਦ 'ਤੇ 2 ਸਾਲ ਦੀ ਸੀਮਾ (ਟਾਈਮ ਲਿਮਟ) ਲਗਾਈ ਜਾ ਸਕਦੀ ਹੈ ਅਤੇ ਨਾਲ ਹੀ ਹਫ਼ਤੇ ਦੇ 40 ਘੰਟੇ ਕੰਮ ਕਰਨ ਦੀ ਸ਼ਰਤ ਵੀ ਲਾਗੂ ਹੋ ਸਕਦੀ ਹੈ। ਜੇ ਕੋਈ ਵਿਅਕਤੀ ਇਹ ਸ਼ਰਤਾਂ ਪੂਰੀਆਂ ਨਹੀਂ ਕਰਦਾ, ਤਾਂ ਉਸ ਨੂੰ ਸਹਾਇਤਾ ਤੋਂ ਵਾਂਝਾ ਕੀਤਾ ਜਾ ਸਕਦਾ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਇਸ ਨਾਲ ਕਈ ਲੋਕ ਜਿਹੜੇ ਪਹਿਲਾਂ ਹੀ ਕੰਮ ਕਰ ਰਹੇ ਹਨ ਪਰ ਪੂਰੇ ਘੰਟੇ ਨਹੀਂ ਕਰ ਸਕਦੇ, ਉਹ ਵੀ ਪ੍ਰਭਾਵਿਤ ਹੋ

■ ਬੇਘਰ ਹੋਣ ਦਾ ਡਰ ਵਧਿਆ



ਸਕਦੇ ਹਨ। ਇਸ ਤੋਂ ਇਲਾਵਾ, ਕਾਗਜ਼ੀ ਕਾਰਵਾਈ ਅਤੇ ਸਖ਼ਤ ਨਿਯਮਾਂ ਕਾਰਨ ਉਹ ਲੋਕ ਵੀ ਸਹਾਇਤਾ ਗੁਆ ਸਕਦੇ ਹਨ, ਜੋ ਹਕੀਕਤ ਵਿਚ ਯੋਗ ਹਨ।

ਇਸ ਨੀਤੀ ਦੇ ਤਹਿਤ ਕੁਝ ਛੋਟਾਂ ਵੀ ਦਿੱਤੀਆਂ ਗਈਆਂ ਹਨ, ਜਿਵੇਂ ਕਿ ਬਜ਼ੁਰਗ, ਅਪਾਹਜ ਵਿਅਕਤੀ ਜਾਂ ਛੋਟੇ ਬੱਚਿਆਂ ਦੇ ਮਾਪੇ। ਮਾਹਿਰਾਂ ਦਾ ਕਹਿਣਾ ਹੈ ਕਿ ਅਸਲ ਵਿਚ ਕਈ ਲੋਕ ਇਹ ਛੋਟ ਲੈਣ ਦੇ ਬਾਵਜੂਦ ਵੀ ਸਿਸਟਮ ਦੀ ਜਟਿਲਤਾ ਕਾਰਨ ਬਾਹਰ ਹੋ ਸਕਦੇ ਹਨ।

■ ਬਾਕੀ ਖਬਰ ਸਫਾ 16 'ਤੇ

## ਕੋਰੋਨਾ ਦੌਰ ਦੇ ਟੈਕਸ ਮਾਮਲੇ: ਲੱਖਾਂ ਅਮਰੀਕੀ ਵਾਪਸ ਲੈ ਸਕਦੇ ਨੇ ਰਿਫੰਡ; ਪਰ ਡੈਡਲਾਈਨ ਨਜ਼ਦੀਕ

ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)- ਅਮਰੀਕਾ ਵਿਚ ਕੋਵਿਡ-19 ਦੌਰ ਨਾਲ ਜੁੜੀ ਇੱਕ ਵੱਡੀ ਟੈਕਸ ਖ਼ਬਰ ਸਾਹਮਣੇ ਆਈ ਹੈ, ਜਿਸ ਵਿਚ ਕਿਹਾ ਜਾ ਰਿਹਾ ਹੈ ਕਿ ਲੱਖਾਂ ਨਹੀਂ, ਬਲਕਿ ਕਰੋੜਾਂ ਟੈਕਸਪੇਅਰਜ਼ ਨੂੰ ਆਈ.ਆਰ.ਐੱਸ. ਵੱਲੋਂ ਦਿੱਤੇ ਗਏ ਜੁਰਮਾਨੇ ਅਤੇ ਵਿਆਜ ਦੇ ਪੈਸੇ ਵਾਪਸ ਮਿਲ ਸਕਦੇ ਹਨ।

ਇਹ ਮਾਮਲਾ ਇੱਕ ਅਦਾਲਤੀ ਫੈਸਲੇ ਤੋਂ ਬਾਅਦ ਸਾਹਮਣੇ ਆਇਆ ਹੈ, ਜਿਸ ਵਿਚ ਕਿਹਾ ਗਿਆ ਕਿ




ਕੋਰੋਨਾ ਮਹਾਮਾਰੀ ਦੌਰਾਨ (ਜਨਵਰੀ 2020 ਤੋਂ ਮਈ 2023 ਤੱਕ) ਟੈਕਸ ਦੀਆਂ ਮਿਆਦਾਂ ਆਪਣੇ ਆਪ ਵਧ ਜਾਣੀਆਂ ਚਾਹੀਦੀਆਂ ਸਨ।

ਇਸਦਾ ਮਤਲਬ ਇਹ ਹੈ ਕਿ ਜਿਨ੍ਹਾਂ ਲੋਕਾਂ ਨੇ ਉਸ ਸਮੇਂ ਦੌਰਾਨ ਲੇਟ ਫਾਇਲਿੰਗ, ਲੇਟ ਫੀਸ ਜਾਂ ਵਿਆਜ ਦੇ ਰੂਪ ਵਿਚ ਪੈਸੇ ਭਰੇ ਸਨ, ਉਹ ਹੁਣ ਰਿਫੰਡ ਲਈ ਯੋਗ ਹੋ ਸਕਦੇ ਹਨ।

ਇਸ ਰਿਫੰਡ ਨੂੰ ਲੈਣ ਲਈ ਉਹ ਵਿਅਕਤੀ ਯੋਗ ਹੋਣਗੇ, ਜਿਨ੍ਹਾਂ ਨੇ ਕੋਵਿਡ ਦੌਰ ਵਿਚ ਟੈਕਸ ਦੇਰੀ ਨਾਲ ਭਰੇ ਸਨ ਅਤੇ ਜਿਨ੍ਹਾਂ ਨੂੰ ਆਈ.ਆਰ.ਐੱਸ. ਨੇ ਜੁਰਮਾਨਾ ਜਾਂ ਵਿਆਜ ਲਾਇਆ ਸੀ ਅਤੇ ਜਿਨ੍ਹਾਂ ਨੇ ਉਹ ਜੁਰਮਾਨਾ ਪਹਿਲਾਂ ਹੀ ਅਦਾ ਕਰ ਦਿੱਤਾ ਹੈ।

■ ਬਾਕੀ ਖਬਰ ਸਫਾ 16 'ਤੇ

## ਟਰੰਪ ਵੱਲੋਂ ਦਾਅਵਾ: ਗੈਰ-ਕਾਨੂੰਨੀ ਪ੍ਰਵਾਸੀ ਸੋਸ਼ਲ ਸਕਿਓਰਿਟੀ ਸਿਸਟਮ ਤੋਂ ਹਟਾਏ

ਵਾਸ਼ਿੰਗਟਨ, (ਪੰਜਾਬ ਮੇਲ)- ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਦੇ ਪ੍ਰਸ਼ਾਸਨ ਨੇ ਲਗਭਗ 2 ਲੱਖ 75 ਹਜ਼ਾਰ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਸੋਸ਼ਲ ਸਕਿਓਰਿਟੀ ਸਿਸਟਮ ਤੋਂ ਹਟਾ ਦਿੱਤਾ ਹੈ। ਟਰੰਪ ਨੇ ਕਿਹਾ ਕਿ ਇਹ ਕਦਮ ਅਮਰੀਕੀ ਟੈਕਸਦਾਤਿਆਂ ਦੇ ਪੈਸੇ ਦੀ ਰੱਖਿਆ ਕਰਨ ਅਤੇ ਸੋਸ਼ਲ ਸਕਿਓਰਿਟੀ ਫਰਾਡ ਰੋਕਣ ਲਈ ਚੁੱਕਿਆ ਗਿਆ ਹੈ।

ਵ੍ਹਾਈਟ ਹਾਊਸ ਨੇ ਇਸ ਤੋਂ ਪਹਿਲਾਂ ਅਪ੍ਰੈਲ 2025 ਵਿਚ ਇੱਕ ਮੈਮੋਰੈਂਡਮ ਜਾਰੀ ਕੀਤਾ ਸੀ, ਜਿਸ ਦਾ




ਮਕਸਦ ਗੈਰ-ਕਾਨੂੰਨੀ ਜਾਂ ਅਯੋਗ ਲੋਕਾਂ ਨੂੰ ਸੋਸ਼ਲ ਸਕਿਓਰਿਟੀ ਐਕਟ ਬੈਨੇਫਿਟਸ ਲੈਣ ਤੋਂ ਰੋਕਣਾ ਦੱਸਿਆ ਗਿਆ ਸੀ। ਸੋਸ਼ਲ ਸਕਿਓਰਿਟੀ ਐਡਮਿਨਿਸਟ੍ਰੇਸ਼ਨ ਨੇ ਵੀ ਕਿਹਾ ਸੀ ਕਿ ਉਹ ਲਾਭ ਸਿਰਫ਼ ਯੋਗ ਲੋਕਾਂ ਤੱਕ ਪਹੁੰਚਾਉਣ ਲਈ ਕੰਮ ਕਰੇਗੀ।

ਹਾਲਾਂਕਿ, ਕੁਝ ਮਾਹਿਰਾਂ ਅਤੇ ਆਲੋਚਕਾਂ ਦਾ ਕਹਿਣਾ ਹੈ ਕਿ ਇਹ ਅੰਕੜਾ ਪੂਰੀ ਤਰ੍ਹਾਂ ਸਪੱਸ਼ਟ ਨਹੀਂ ਹੈ। ਗਵਰਨਮੈਂਟ ਐਗਜ਼ੀਕਿਊਟਿਵ ਦੀ ਰਿਪੋਰਟ ਮੁਤਾਬਕ, ਇਹ ਸੰਭਵ ਹੈ ਕਿ ਇਸ ਵਿਚ ਉਹ ਕਾਨੂੰਨੀ ਪ੍ਰਵਾਸੀ ਵੀ ਸ਼ਾਮਲ ਹੋਣ, ਜਿਨ੍ਹਾਂ ਦਾ ਸਟੇਟਸ ਬਾਅਦ ਵਿਚ ਖਤਮ ਹੋਇਆ। ਰਿਪੋਰਟ ਵਿਚ ਇਹ ਵੀ ਕਿਹਾ ਗਿਆ ਕਿ ਇਹ ਸਾਫ਼ ਨਹੀਂ ਕਿ ਹਟਾਏ ਗਏ ਸਾਰੇ ਲੋਕ ਵਾਕਈ ਸੋਸ਼ਲ ਸਕਿਓਰਿਟੀ ਚੈਕਸ ਲੈ ਰਹੇ ਸਨ ਜਾਂ ਸਿਰਫ਼ ਰਿਕਾਰਡਾਂ ਵਿਚ ਦਰਜ ਸਨ।

■ ਬਾਕੀ ਖਬਰ ਸਫਾ 16 'ਤੇ

# ਟਰੰਪ ਪ੍ਰਸ਼ਾਸਨ ਦੀ ਡਿਪੋਰਟੇਸ਼ਨ ਮੁਹਿੰਮ ਦੌਰਾਨ ਪ੍ਰਵਾਸੀਆਂ ਨਾਲ ਵੱਡੇ ਠੱਗੀ ਕਾਂਡ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਅਮਰੀਕਾ ਵਿਚ ਟਰੰਪ ਪ੍ਰਸ਼ਾਸਨ ਵੱਲੋਂ ਤੇਜ਼ ਕੀਤੀ ਗਈ ਡਿਪੋਰਟੇਸ਼ਨ ਕਾਰਵਾਈ ਦੇ ਦਰਮਿਆਨ ਪ੍ਰਵਾਸੀਆਂ ਨਾਲ ਵੱਡੇ ਪੱਧਰ 'ਤੇ ਠੱਗੀਆਂ ਦੇ ਮਾਮਲੇ ਸਾਹਮਣੇ ਆ ਰਹੇ ਹਨ। ਫਰਜ਼ੀ ਲੋਕ ਆਪਣੇ ਆਪ ਨੂੰ ਇਮੀਗ੍ਰੇਸ਼ਨ ਵਕੀਲ, ICE ਅਧਿਕਾਰੀ ਅਤੇ ਇੱਥੋਂ ਤੱਕ ਕਿ ਫੈਡਰਲ ਜੱਜ ਦੱਸ ਕੇ ਲੋਕਾਂ ਤੋਂ ਹਜ਼ਾਰਾਂ ਡਾਲਰ ਠੱਗ ਰਹੇ ਹਨ।

ਗੁਆਟੇਮਾਲਾ ਨਾਲ ਸੰਬੰਧਤ 20 ਸਾਲਾ ਐਡਿਥ, ਜੋ ਅਮਰੀਕੀ ਨਾਗਰਿਕ ਹੈ, ਨੇ ਆਪਣੀ ਦਰਦਨਾਕ ਕਹਾਣੀ ਸਾਂਝੀ ਕਰਦਿਆਂ ਦੱਸਿਆ ਕਿ ਉਸ ਦੇ ਪਤੀ ਡੀਮਾਸ ਨੂੰ ਮਾਰਚ ਮਹੀਨੇ ਵਿਚ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਗ੍ਰਿਫ਼ਤਾਰ ਕਰਕੇ ਜਾਰਜੀਆ ਦੇ ਡਿਟੇਨਸ਼ਨ ਸੈਂਟਰ ਭੇਜ ਦਿੱਤਾ ਸੀ। ਪਰਿਵਾਰ ਦਾ ਸਾਰਾ ਖਰਚਾ ਚਲਾਉਣ ਵਾਲੇ ਡੀਮਾਸ ਦੀ ਰਿਹਾਈ ਲਈ ਐਡਿਥ ਨੇ ਸੋਸ਼ਲ ਮੀਡੀਆ ਰਾਹੀਂ ਇੱਕ ਕਥਿਤ ਇਮੀਗ੍ਰੇਸ਼ਨ ਵਕੀਲ ਨਾਲ ਸੰਪਰਕ ਕੀਤਾ।

ਐਡਿਥ ਮੁਤਾਬਕ ਉਸ ਔਰਤ ਨੇ

**■ ਨਕਲੀ ਵਕੀਲਾਂ ਤੇ ਫਰਜ਼ੀ ਅਧਿਕਾਰੀਆਂ ਨੇ ਲੁੱਟੇ ਹਜ਼ਾਰਾਂ ਡਾਲਰ**

ਆਪਣੇ ਆਪ ਨੂੰ ਫਲੋਰੀਡਾ ਦੀ ਵਕੀਲ ਦੱਸਦਿਆਂ ਕਿਹਾ ਕਿ ਡੀਮਾਸ ਨੂੰ ਛੁਡਵਾਉਣ ਲਈ ਕਾਨੂੰਨੀ ਕਾਰਵਾਈ ਅਤੇ ਬੌਂਡ ਦੀ ਲੋੜ ਹੈ। ਇਸ ਤੋਂ ਬਾਅਦ ਉਸ ਨੇ ਵੱਖ-ਵੱਖ ਬਹਾਨਿਆਂ ਨਾਲ 500 ਡਾਲਰ, 600 ਡਾਲਰ, 1,750 ਡਾਲਰ ਅਤੇ 4,000 ਡਾਲਰ ਸਮੇਤ ਹਜ਼ਾਰਾਂ ਡਾਲਰ ਮੰਗੇ। ਐਡਿਥ ਨੇ ਆਪਣੀ ਗੱਡੀ ਵੇਚ ਕੇ ਅਤੇ ਜੀਵਨ ਭਰ ਦੀ ਜਮ੍ਹਾਂ ਪੂੰਜੀ ਖਰਚ ਕਰਕੇ ਇਹ ਰਕਮ ਅਦਾ ਕੀਤੀ।

ਉਸ ਨੂੰ ਅਜਿਹੇ ਦਸਤਾਵੇਜ਼ ਵੀ ਭੇਜੇ ਗਏ, ਜੋ ਦੇਖਣ ਵਿਚ ਅਮਰੀਕੀ ਇਮੀਗ੍ਰੇਸ਼ਨ ਵਿਭਾਗ USCIS ਦੇ ਅਸਲੀ ਕਾਗਜ਼ਾਂ ਵਰਗੇ ਲੱਗਦੇ ਸਨ। ਪਰ ਜਦੋਂ ਡੀਮਾਸ ਦੀ ਇਮੀਗ੍ਰੇਸ਼ਨ ਕੋਰਟ ਵਿਚ ਪਹਿਲੀ ਸੁਣਵਾਈ ਹੋਈ, ਤਾਂ ਉਹ ਕਥਿਤ ਵਕੀਲ ਵੀਡੀਓ ਕਾਲ 'ਤੇ ਹਾਜ਼ਰ ਹੀ ਨਹੀਂ ਹੋਈ। ਬਾਅਦ ਵਿਚ ਜੱਜ ਨੇ ਦੱਸਿਆ ਕਿ ਉਸ ਨਾਮ ਦੀ ਕੋਈ ਵਕੀਲ ਕੋਰਟ




ਵਿਚ ਰਜਿਸਟਰ ਹੀ ਨਹੀਂ ਹੈ।

ਇਸ ਤੋਂ ਬਾਅਦ ਐਡਿਥ ਨੂੰ ਅਹਿਸਾਸ ਹੋਇਆ ਕਿ ਉਸ ਨਾਲ 10 ਹਜ਼ਾਰ ਡਾਲਰ ਤੋਂ ਵੱਧ ਦੀ ਠੱਗੀ ਹੋ ਚੁੱਕੀ ਹੈ। ਸਾਰੀ ਜਮ੍ਹਾਂ ਪੂੰਜੀ ਖਤਮ ਹੋਣ ਕਾਰਨ ਹੁਣ ਉਹ ਆਪਣੇ ਪਤੀ ਲਈ ਅਸਲੀ ਵਕੀਲ ਵੀ ਨਹੀਂ ਕਰ ਸਕੀ ਅਤੇ ਇਮੀਗ੍ਰੇਸ਼ਨ ਜੱਜ ਨੇ ਡੀਮਾਸ ਦੀ ਡਿਪੋਰਟੇਸ਼ਨ ਦੇ ਹੁਕਮ ਜਾਰੀ ਕਰ ਦਿੱਤੇ। ਇਮੀਗ੍ਰੇਸ਼ਨ ਮਾਹਿਰਾਂ ਦਾ ਕਹਿਣਾ ਹੈ ਕਿ ਟਰੰਪ ਪ੍ਰਸ਼ਾਸਨ ਦੀਆਂ ਸਖ਼ਤ ਨੀਤੀਆਂ ਅਤੇ ਇਮੀਗ੍ਰੇਸ਼ਨ ਰਾਹਤ ਦੇ ਘਟਦੇ ਮੌਕਿਆਂ ਕਾਰਨ ਲੋਕ ਡਰੇ ਹੋਏ ਹਨ, ਜਿਸਦਾ ਫਾਇਦਾ ਠੱਗ ਚੁੱਕ ਰਹੇ ਹਨ। ਫਲੋਰੀਡਾ ਦੇ ਇਮੀਗ੍ਰੇਸ਼ਨ ਵਕੀਲ ਜੋਰਜੇ ਰਿਵੇਰਾ ਨੇ ਕਿਹਾ ਕਿ ਇਹ "ਬਿਲੀਅਨ ਡਾਲਰ ਇੰਡਸਟਰੀ" ਬਣ ਚੁੱਕੀ ਹੈ।

ਉਨ੍ਹਾਂ ਦੱਸਿਆ ਕਿ ਕਈ ਠੱਗ ਅੱਜਕੱਲ੍ਹ ਆਰਟੀਫੀਸ਼ਲ ਇੰਟੈਲੀਜੈਂਸ ਦੀ ਵਰਤੋਂ ਕਰਕੇ ਫਰਜ਼ੀ ਕੋਰਟ ਸੁਣਵਾਈਆਂ ਤੱਕ ਕਰਵਾ ਰਹੇ ਹਨ, ਜਿੱਥੇ ਨਕਲੀ ਜੱਜਾਂ ਦੇ ਕੱਪੜੇ ਪਾ ਕੇ ਲੋਕਾਂ ਨੂੰ ਧੋਖਾ ਦਿੱਤਾ ਜਾਂਦਾ ਹੈ। ਕਈ ਮਾਮਲਿਆਂ ਵਿਚ ਲੋਕ ਆਪਣੀਆਂ ਅਸਲੀ ਕੋਰਟ ਤਾਰੀਖਾਂ ਮਿਸ ਕਰ ਜਾਂਦੇ ਹਨ ਅਤੇ ਉਨ੍ਹਾਂ ਦੀ ਡਿਪੋਰਟੇਸ਼ਨ ਹੋ ਜਾਂਦੀ ਹੈ। ਹੋਮਲੈਂਡ ਸਕਿਓਰਿਟੀ ਵਿਭਾਗ ਨੇ ਵੀ ਚੇਤਾਵਨੀ ਜਾਰੀ ਕਰਦਿਆਂ ਕਿਹਾ ਹੈ ਕਿ ICE ਜਾਂ USCIS ਦੇ ਨਾਂ 'ਤੇ ਕੋਈ ਵੀ ਅਚਾਨਕ ਫੋਨ ਕਰਕੇ ਪੈਸੇ ਨਹੀਂ ਮੰਗਦਾ। ਵਿਭਾਗ ਨੇ ਲੋਕਾਂ ਨੂੰ ਗਿਫ਼ਟ ਕਾਰਡ, ਕ੍ਰਿਪਟੋਕਰੰਸੀ ਜਾਂ ਹੋਰ ਅਜਿਹੇ ਤਰੀਕਿਆਂ ਰਾਹੀਂ ਭੁਗਤਾਨ ਨਾ ਕਰਨ ਦੀ ਸਲਾਹ ਦਿੱਤੀ ਹੈ।

ਐਡਿਥ ਨੇ ਕਿਹਾ ਕਿ ਹੁਣ ਉਸ ਕੋਲ ਕੋਈ ਰਾਹ ਨਹੀਂ ਬਚਿਆ ਅਤੇ ਸੰਭਵ ਹੈ ਕਿ ਉਹ ਆਪਣੇ ਪਤੀ ਨਾਲ ਰਹਿਣ ਲਈ ਗੁਆਟੇਮਾਲਾ ਵਾਪਸ ਚਲੀ ਜਾਵੇ। ਉਸ ਨੇ ਕਿਹਾ ਕਿ "ਇਹ ਬਹੁਤ ਦਰਦਨਾਕ ਤਜ਼ਰਬਾ ਹੈ ਅਤੇ ਮੈਂ ਨਹੀਂ ਚਾਹੁੰਦੀ ਕਿ ਕਿਸੇ ਹੋਰ ਨਾਲ ਵੀ ਇਹ ਹੋਵੇ।"

# ਅਮਰੀਕਾ 'ਚ ਇਮੀਗ੍ਰੇਸ਼ਨ ਹਿਰਾਸਤ ਕੇਂਦਰਾਂ ਦੀ ਨਿਗਰਾਨੀ ਕਰਨ ਵਾਲਾ ਇਕਲੌਤਾ ਦਫ਼ਤਰ ਬੰਦ !

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਅਮਰੀਕਾ ਦੇ ਹੋਮਲੈਂਡ ਸਕਿਓਰਿਟੀ ਵਿਭਾਗ (ਡੀ.ਐੱਚ.ਐੱਸ.) ਨੇ ਚੁੱਪਚਾਪ ਉਸ ਇਕੱਲੇ ਦਫ਼ਤਰ ਨੂੰ ਬੰਦ ਕਰ ਦਿੱਤਾ ਹੈ, ਜੋ ਇਮੀਗ੍ਰੇਸ਼ਨ ਡਿਟੇਨਸ਼ਨ ਸੈਂਟਰਾਂ ਵਿਚ ਕਥਿਤ ਤਸ਼ੱਦਦ, ਬਦਸਲੂਕੀ ਅਤੇ ਗਲਤ ਵਰਤਾਰੇ ਦੀ ਜਾਂਚ ਕਰਦਾ ਸੀ। "ਆਫਿਸ ਆਫ ਇਮੀਗ੍ਰੇਸ਼ਨ ਡਿਟੇਨਸ਼ਨ ਓਮਬਡਜ਼ਮੈਨ" (ਓ.ਆਈ.ਡੀ.ਓ.) ਨਾਮਕ ਇਹ ਦਫ਼ਤਰ ਹਿਰਾਸਤ ਵਿਚ ਰੱਖੇ ਗਏ ਪ੍ਰਵਾਸੀਆਂ ਦੀਆਂ ਸ਼ਿਕਾਇਤਾਂ ਸੁਣਨ ਅਤੇ ਜਾਂਚ ਕਰਨ ਲਈ ਬਣਾਇਆ ਗਿਆ ਸੀ।

ਇਸ ਦਫ਼ਤਰ ਦੇ ਬੰਦ ਹੋਣ ਦੀ ਖ਼ਬਰ ਉਸ ਵੇਲੇ ਸਾਹਮਣੇ ਆਈ ਹੈ, ਜਦੋਂ ਟਰੰਪ ਪ੍ਰਸ਼ਾਸਨ ਵੱਲੋਂ ਇਮੀਗ੍ਰੇਸ਼ਨ ਹਿਰਾਸਤ ਕੇਂਦਰਾਂ ਦੀ ਸਮਰੱਥਾ ਵਧਾਉਣ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਰਿਪੋਰਟਾਂ ਮੁਤਾਬਕ ਪਿਛਲੇ ਸਾਲ ICE ਹਿਰਾਸਤ ਵਿਚ 30 ਤੋਂ ਵੱਧ ਲੋਕਾਂ ਦੀ ਮੌਤ ਹੋਈ ਸੀ, ਜੋ ਕਿ 2004 ਤੋਂ ਬਾਅਦ ਸਭ ਤੋਂ ਵੱਧ ਗਿਣਤੀ ਮੰਨੀ ਜਾ ਰਹੀ ਹੈ।

ਇੱਕ ਅੰਦਰੂਨੀ ਈਮੇਲ ਮੁਤਾਬਕ ਦਫ਼ਤਰ ਬੰਦ ਹੋਣ ਨਾਲ ਇਸ ਨਾਲ

**■ ਮਾਨਵ ਅਧਿਕਾਰਾਂ ਨੂੰ ਲੈ ਕੇ ਚਿੰਤਾ ਵਧੀ**

ਸੰਬੰਧਿਤ ਸਾਰੇ ਜਨਤਕ ਸਾਈਨ ਬੋਰਡ ਹਟਾਏ ਜਾਣਗੇ ਅਤੇ ਜਾਂਚਾਂ ਰੋਕ ਦਿੱਤੀਆਂ ਜਾਣਗੀਆਂ। ਦਫ਼ਤਰ ਦੀ ਉਹ ਵੈੱਬਸਾਈਟ ਵੀ ਬੰਦ ਕਰ ਦਿੱਤੀ ਗਈ ਹੈ, ਜਿਸ ਰਾਹੀਂ ਕੈਦੀਆਂ ਦੇ ਪਰਿਵਾਰ ਅਤੇ ਵਕੀਲ ਸ਼ਿਕਾਇਤਾਂ ਦਰਜ ਕਰਵਾਉਂਦੇ ਸਨ। ਡੀ.ਐੱਚ.ਐੱਸ. ਦੇ ਬੁਲਾਰੇ ਨੇ ਕਿਹਾ ਕਿ ਕਾਂਗਰਸ ਵੱਲੋਂ ਫੰਡਿੰਗ ਨਾ ਮਿਲਣ ਕਾਰਨ ਇਹ ਦਫ਼ਤਰ ਬੰਦ ਕੀਤਾ ਗਿਆ ਹੈ। ਪਰ ਮਾਹਿਰਾਂ ਦਾ ਕਹਿਣਾ ਹੈ ਕਿ ਕਾਨੂੰਨੀ ਤੌਰ 'ਤੇ ਕਾਂਗਰਸ ਨੇ ਹੀ ਇਹ ਦਫ਼ਤਰ ਬਣਾਇਆ ਸੀ ਅਤੇ ਇਸ ਨੂੰ ਖਤਮ ਕਰਨ ਦਾ ਅਧਿਕਾਰ ਵੀ ਕੇਵਲ ਕਾਂਗਰਸ ਕੋਲ ਹੀ ਹੈ। ਇਸ ਵੇਲੇ ਅਮਰੀਕਾ ਵਿਚ ਲਗਭਗ 60 ਹਜ਼ਾਰ ਲੋਕ ਇਮੀਗ੍ਰੇਸ਼ਨ ਡਿਟੇਨਸ਼ਨ ਸੈਂਟਰਾਂ ਵਿਚ ਬੰਦ ਹਨ, ਜੋ ਟਰੰਪ ਪ੍ਰਸ਼ਾਸਨ ਦੌਰਾਨ ਸਭ ਤੋਂ ਵੱਡੀ ਗਿਣਤੀ ਮੰਨੀ ਜਾ ਰਹੀ ਹੈ। ਸਿਰਫ਼ ਇਸ ਸਾਲ ਦੇ ਪਹਿਲੇ ਚਾਰ ਮਹੀਨਿਆਂ ਵਿਚ ਹੀ 18 ਮੌਤਾਂ ਦੀਆਂ ਰਿਪੋਰਟਾਂ ਸਾਹਮਣੇ ਆ ਚੁੱਕੀਆਂ ਹਨ।

# 3 ਲੱਖ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਸਮਾਜਿਕ ਸੁਰੱਖਿਆ ਤੋਂ ਕੱਢਿਆ ਬਾਹਰ !

**■ 1 ਲੱਖ ਤੋਂ ਵੱਧ ਲੋਕਾਂ ਨੂੰ ਮੈਡੀਕੇਅਰ ਸਹੂਲਤ ਤੋਂ ਕੀਤਾ ਗਿਆ ਵਾਂਝਾ**

**ਵਾਸ਼ਿੰਗਟਨ, (ਪੰਜਾਬ ਮੇਲ)-** ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਉਨ੍ਹਾਂ ਦੇ ਪ੍ਰਸ਼ਾਸਨ ਦੁਆਰਾ 300,000 ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਸਮਾਜਿਕ ਸੁਰੱਖਿਆ ਤੋਂ ਬਾਹਰ ਕੱਢ ਦਿੱਤਾ ਗਿਆ ਹੈ ਅਤੇ 100,000 ਹੋਰ ਨੂੰ ਮੈਡੀਕੇਅਰ ਤੋਂ ਬਾਹਰ ਕੱਢ ਦਿੱਤਾ ਗਿਆ ਹੈ।

ਟਰੰਪ ਨੇ ਵ੍ਹਾਈਟ ਹਾਊਸ ਦੀ ਸਮਾਜਿਕ ਸੁਰੱਖਿਆ ਲਾਭਾਂ 'ਤੇ ਕੋਈ ਟੈਕਸ ਨਾ ਲਗਾਉਣ ਦੀ ਨੀਤੀ ਨੂੰ ਉਤਸ਼ਾਹਿਤ ਕਰਨ ਲਈ ਫਲੋਰੀਡਾ ਵਿਚ ਸੇਵਾਮੁਕਤ ਲੋਕਾਂ ਦੇ ਬਣੇ ਇੱਕ ਵੱਡੇ ਭਾਈਚਾਰੇ, ਦ ਵਿਲੇਜਜ਼ ਵਿਖੇ ਇੱਕ ਸਮਾਗਮ ਦੌਰਾਨ ਅੰਕੜਿਆਂ ਦਾ ਖੁਲਾਸਾ ਕੀਤਾ। ਟਰੰਪ ਨੇ ਕਿਹਾ, "ਕਾਂਗਰਸ ਵਿਚ ਰਿਪਬਲਿਕਨਾਂ ਦੇ ਨਾਲ, ਅਸੀਂ ਸਮਾਜਿਕ ਸੁਰੱਖਿਆ ਸੂਚੀਆਂ ਤੋਂ ਲਗਭਗ 300,000 ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਹਟਾ ਦਿੱਤਾ ਹੈ ਅਤੇ ਅਸੀਂ ਮੈਡੀਕੇਅਰ ਯੋਗਤਾ ਤੋਂ 100,000 ਤੋਂ ਵੱਧ ਪ੍ਰਵਾਸੀਆਂ ਨੂੰ ਹਟਾ ਦਿੱਤਾ ਹੈ ਅਤੇ ਗਿਣਤੀ ਵੱਧ ਰਹੀ ਹੈ।"

ਰਾਸ਼ਟਰਪਤੀ ਟਰੰਪ ਨੇ ਕਿਹਾ, "ਅਸੀਂ ਅਸਲ ਵਿਚ ਜੋ ਕਰ ਰਹੇ ਹਾਂ, ਉਹ ਸਮਾਜਿਕ ਸੁਰੱਖਿਆ ਨੂੰ ਬਚਾਉਣਾ ਹੈ, ਕਿਉਂਕਿ ਇਹ ਧੋਖਾਧੜੀ ਨਾਲ ਬਹੁਤ ਜ਼ਿਆਦਾ ਭਰਿਆ ਹੋਇਆ ਸੀ ਅਤੇ ਡੈਮੋਕਰੇਟਸ ਨੂੰ ਕੋਈ ਪਰਵਾਹ ਨਹੀਂ ਸੀ। ਉਹ ਘੱਟ ਪਰਵਾਹ ਨਹੀਂ ਕਰ ਸਕਦੇ ਸਨ। ਉਨ੍ਹਾਂ ਨੂੰ ਸਿਰਫ਼ ਟਰੰਪ ਦੀ ਪਰਵਾਹ ਹੈ। ਟਰੰਪ ਡਿਰੇਂਜਮੈਂਟ ਸਿੰਡਰੋਮ।"

ਪਿਛਲੇ ਹਫਤੇ ਦੇ ਅੰਤ ਵਿਚ ਵ੍ਹਾਈਟ ਹਾਊਸ ਪੱਤਰਕਾਰ ਐਸੋਸੀਏਸ਼ਨ ਦੇ ਡਿਨਰ ਸ਼ੂਟਿੰਗ ਤੋਂ ਬਾਅਦ ਟਰੰਪ ਦਾ 'ਦਿ ਵਿਲੇਜਜ਼' ਵਿਚ ਆਉਣਾ ਉਨ੍ਹਾਂ ਦਾ ਪਹਿਲਾ

## ਅਮਰੀਕਾ ਵੱਲੋਂ ਈਰਾਨੀ ਕੰਟੇਨਰ ਜਹਾਜ਼ 'ਤੇ ਫੜੇ ਗਏ 22 ਮੈਂਬਰ ਰਿਹਾਅ

**ਇਸਲਾਮਾਬਾਦ, (ਪੰਜਾਬ ਮੇਲ)-** ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਨੇ ਸੋਮਵਾਰ ਨੂੰ ਦੱਸਿਆ ਕਿ ਅਮਰੀਕਾ ਨੇ ਇੱਕ ਈਰਾਨੀ ਕੰਟੇਨਰ ਜਹਾਜ਼ 'ਤੇ ਫੜੇ ਗਏ ਚਾਲਕ ਦਲ ਦੇ 22 ਮੈਂਬਰਾਂ ਨੂੰ ਸੁਰੱਖਿਅਤ ਢੰਗ ਨਾਲ ਪਾਕਿਸਤਾਨ ਪਹੁੰਚਾ ਦਿੱਤਾ ਹੈ ਅਤੇ ਉਨ੍ਹਾਂ ਨੂੰ ਈਰਾਨੀ ਅਧਿਕਾਰੀਆਂ ਦੇ ਹਵਾਲੇ ਕਰ ਦਿੱਤਾ ਗਿਆ। ਪਾਕਿਸਤਾਨ ਨੇ ਚਾਲਕ ਦਲ ਦੀ ਵਾਪਸੀ ਨੂੰ ਤਣਾਅ ਘਟਾਉਣ ਲਈ ਅਮਰੀਕਾ ਦੁਆਰਾ ਚੁੱਕਿਆ ਗਿਆ "ਵਿਸ਼ਵਾਸ ਵਧਾਉਣ ਵਾਲਾ ਕਦਮ" ਦੱਸਿਆ ਹੈ। ਈਰਾਨੀ ਝੰਡੇ ਵਾਲਾ ਜਹਾਜ਼ ਐੱਮ/ਵੀ ਟੁਸਕਾ, ਜੋ ਕਿ ਇਸਲਾਮਿਕ ਰੀਪਬਲਿਕ ਆਫ ਈਰਾਨ ਸ਼ਿਪਿੰਗ ਲਾਈਨਜ਼ (ਆਈ.ਆਰ.ਆਈ.ਐੱਸ.ਐੱਲ.) ਦਾ ਹਿੱਸਾ ਹੈ, ਨੂੰ ਪਿਛਲੇ ਮਹੀਨੇ ਓਮਾਨ ਦੀ ਖਾੜੀ ਵਿਚ ਅਮਰੀਕੀ ਫੌਜਾਂ ਨੇ ਜ਼ਬਤ ਕਰ ਲਿਆ ਸੀ।

# ਫਰਿਜ਼ਨੋ ਵਿਖੇ ਨੌਜਵਾਨ ਪੰਜਾਬੀ ਮਕੈਨਿਕ ਦੀ ਦਰਦਨਾਕ ਮੌਤ; ਭਾਈਚਾਰੇ 'ਚ ਸੋਗ ਦੀ ਲਹਿਰ

**ਫਰਿਜ਼ਨੋ, (ਮਾਛੀਕੇ/ਧਾਲੀਆਂ/ਪੰਜਾਬ ਮੇਲ)-** ਫਰਿਜ਼ਨੋ ਤੋਂ ਇੱਕ ਬੇਹੱਦ ਦੁਖਦਾਈ ਖ਼ਬਰ ਸਾਹਮਣੇ ਆਈ ਹੈ, ਜਿੱਥੇ ਇੱਕ ਨੌਜਵਾਨ ਪੰਜਾਬੀ ਮਕੈਨਿਕ ਦੀ ਟਰੱਕ-ਟ੍ਰੇਲਰ ਹਾਦਸੇ ਵਿਚ ਮੌਤ ਹੋ ਗਈ। ਮ੍ਰਿਤਕ ਦੀ ਪਹਿਚਾਣ ਗੁਰਪ੍ਰੀਤ ਸਿੰਘ ਵਜੋਂ ਹੋਈ ਹੈ, ਜਿਸ ਦੀ ਉਮਰ ਲਗਭਗ 20-21 ਸਾਲ ਦੱਸੀ ਜਾ ਰਹੀ ਹੈ ਅਤੇ ਉਹ ਪੰਜਾਬ ਦੇ ਪਟਿਆਲਾ ਇਲਾਕੇ ਨਾਲ ਸੰਬੰਧਤ ਸੀ।



ਪ੍ਰਾਪਤ ਜਾਣਕਾਰੀ ਅਨੁਸਾਰ ਇਹ ਦਰਦਨਾਕ ਹਾਦਸਾ ਫਰਿਜ਼ਨੋ ਦੀ ਇੱਕ ਟਰੱਕ-ਟ੍ਰੇਲਰ ਮੁਰੰਮਤ ਸ਼ਾਪ ਵਿਚ ਵਾਪਰਿਆ, ਜਿੱਥੇ ਗੁਰਪ੍ਰੀਤ ਸਿੰਘ ਮਕੈਨਿਕ ਵਜੋਂ ਕੰਮ ਕਰ ਰਿਹਾ ਸੀ। ਦੱਸਿਆ ਜਾ ਰਿਹਾ ਹੈ ਕਿ ਇੱਕ ਟ੍ਰੇਲਰ ਮੁਰੰਮਤ ਲਈ ਖੜ੍ਹਾ ਕੀਤਾ ਹੋਇਆ ਸੀ ਅਤੇ ਚੋਰੀ ਤੋਂ ਬਚਾਅ ਲਈ ਉਸ ਦੇ ਕਿੰਗਪਿੰਨ ਨੂੰ ਲਾਕ ਲਾਇਆ ਗਿਆ ਸੀ।

ਬਦਕਿਸਮਤੀ ਨਾਲ ਗੁਰਪ੍ਰੀਤ ਸਿੰਘ ਨੂੰ ਇਹ ਗੱਲ ਪਤਾ ਨਾ ਲੱਗੀ ਕਿ ਟ੍ਰੇਲਰ ਦਾ ਲੈਂਡਿੰਗ ਗੀਅਰ ਉੱਪਰ ਕੀਤਾ ਹੋਇਆ ਹੈ। ਉਸਨੇ ਡਰਾਈਵਰ ਨੂੰ ਟਰੱਕ ਅੱਗੇ ਕਰਨ ਲਈ ਕਿਹਾ। ਜਿਵੇਂ ਹੀ ਟ੍ਰੇਲਰ ਟਰੱਕ ਦੀ ਚੈਸੀ 'ਤੇ ਡਿੱਗਿਆ, ਗੁਰਪ੍ਰੀਤ ਸਿੰਘ ਟਰੱਕ ਅਤੇ ਟ੍ਰੇਲਰ ਵਿਚਕਾਰ ਆ ਜਾਣ ਕਰਕੇ ਮੌਕੇ 'ਤੇ ਹੀ ਦਮ ਤੋੜ ਗਿਆ।

ਇਸ ਹਾਦਸੇ ਨਾਲ ਫਰਿਜ਼ਨੋ ਦੇ ਪੰਜਾਬੀ ਭਾਈਚਾਰੇ ਵਿਚ ਗਹਿਰਾ ਦੁੱਖ ਅਤੇ ਸੋਗ ਪੈਦਾ ਹੋ ਗਿਆ ਹੈ। ਨੌਜਵਾਨ ਦੀ ਅਚਾਨਕ ਮੌਤ ਨੇ ਹਰ ਇੱਕ ਨੂੰ ਹਿਲਾ ਕੇ ਰੱਖ ਦਿੱਤਾ ਹੈ।

ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ, ਤਾਂ ਜੋ ਹਾਦਸੇ ਦੇ ਸਹੀ ਕਾਰਨਾਂ ਦਾ ਪਤਾ ਲਗਾਇਆ ਜਾ ਸਕੇ।

# ਫੈਡਰਲ ਜੱਜ ਨੇ ਟਰੰਪ ਪ੍ਰਸ਼ਾਸਨ ਵੱਲੋਂ ਇਮੀਗ੍ਰੇਸ਼ਨ ਅਰਜ਼ੀਆਂ 'ਤੇ ਰੋਕ ਨੂੰ ਕੀਤਾ ਰੱਦ

**ਮੈਸੇਚਿਉਸੇਟਸ, (ਪੰਜਾਬ ਮੇਲ)-** ਮੈਸੇਚਿਉਸੇਟਸ ਦੇ ਇੱਕ ਸੰਘੀ ਜੱਜ ਨੇ ਵੀਰਵਾਰ ਨੂੰ ਇਹ ਫੈਸਲਾ ਕੀਤਾ ਕਿ ਰਾਸ਼ਟਰਪਤੀ ਟਰੰਪ ਵੱਲੋਂ ਆਪਣੀ ਯਾਤਰਾ ਪਾਬੰਦੀ ਅਧੀਨ ਸੂਚੀਬੱਧ ਦੇਸ਼ਾਂ ਦੇ ਨਾਗਰਿਕਾਂ ਲਈ ਇਮੀਗ੍ਰੇਸ਼ਨ ਅਰਜ਼ੀਆਂ ਦੀ ਪ੍ਰਕਿਰਿਆ 'ਤੇ ਰੋਕ ਗੈਰ-ਕਾਨੂੰਨੀ ਸੀ, ਇੱਕ ਨੀਤੀ 'ਤੇ ਹੁਕਮ ਦੇਣਾ ਜਿਸ ਬਾਰੇ ਉਸਨੇ ਇਹ ਨਿਰਧਾਰਤ ਕੀਤਾ ਸੀ ਕਿ ਇਹ ਅਣਉਚਿਤ ਤੌਰ 'ਤੇ ਹਜ਼ਾਰਾਂ ਲੋਕਾਂ ਨੂੰ ਅੜਿੱਕੇ ਵਿਚ ਪਾ ਰਿਹਾ ਸੀ।

ਸਾਬਕਾ ਰਾਸ਼ਟਰਪਤੀ ਬਾਇਡਨ ਵੱਲੋਂ ਨਿਯੁਕਤ ਅਮਰੀਕੀ ਜ਼ਿਲ੍ਹਾ ਜੱਜ ਜੂਲੀਆ ਕੋਬਿਕ ਨੇ ਪਿਛਲੇ ਸਾਲ ਵਾਸ਼ਿੰਗਟਨ ਡੀ.ਸੀ. ਵਿਚ ਇੱਕ ਅਫਗਾਨ ਵਿਅਕਤੀ ਵੱਲੋਂ 2 ਨੈਸ਼ਨਲ ਗਾਰਡ ਮੈਂਬਰਾਂ 'ਤੇ ਹਮਲਾ ਕਰਨ ਤੋਂ ਬਾਅਦ ਲਾਗੂ ਕੀਤੀਆਂ ਗਈਆਂ ਟਰੰਪ ਪ੍ਰਸ਼ਾਸਨ ਦੀਆਂ ਕਈ ਨੀਤੀਆਂ ਨੂੰ ਤੋੜਿਆ, ਜਿਸ ਵਿਚ ਇੱਕ ਦੀ ਮੌਤ ਹੋ ਗਈ ਅਤੇ ਨਾਲ ਹੀ ਇੱਕ ਨਾਕਾਮ ਅੱਤਵਾਦੀ ਹਮਲਾ ਵੀ ਸ਼ਾਮਲ ਸੀ।

ਗੋਲੀਬਾਰੀ ਦੇ ਮੱਦੇਨਜ਼ਰ ਟਰੰਪ



ਨੇ ਕਈ ਕਾਰਵਾਈਆਂ ਕੀਤੀਆਂ, ਜਿਸ ਵਿਚ ਸ਼ਰਣ ਮੰਗਣ 'ਤੇ ਨਵੀਆਂ ਸੀਮਾਵਾਂ ਅਤੇ ਸਾਰੀਆਂ ਇਮੀਗ੍ਰੇਸ਼ਨ ਅਰਜ਼ੀਆਂ ਨੂੰ ਰੋਕਣਾ ਸ਼ਾਮਲ ਹੈ, ਜਿਸ ਵਿਚ ਗ੍ਰੀਨ ਕਾਰਡ ਪ੍ਰਾਪਤ ਕਰਨ ਜਾਂ ਨਾਗਰਿਕ ਬਣਨ ਲਈ ਅਰਜ਼ੀਆਂ ਸ਼ਾਮਲ ਹਨ।

ਕੋਬਿਕ ਨੇ ਫੈਸਲੇ ਵਿਚ ਲਿਖਿਆ, "ਅਫਗਾਨ ਨਾਗਰਿਕਾਂ ਦੁਆਰਾ ਯੋਜਨਾਬੱਧ ਜਾਂ ਕੀਤੇ ਗਏ ਅਪਰਾਧਿਕ ਕੰਮਾਂ ਦੇ ਸੰਬੰਧ ਵਿਚ, ਸਰਕਾਰ ਇਸ ਗੱਲ 'ਤੇ ਕੋਈ ਦਲੀਲ ਨਹੀਂ ਦਿੰਦੀ ਕਿ ਇੱਕ ਦੇਸ਼ ਦੇ 2 ਲੋਕਾਂ ਦੁਆਰਾ ਯੋਜਨਾਬੱਧ ਕੀਤੇ ਗਏ 2 ਗੰਭੀਰ, ਪਰ ਅਲੱਗ-ਥਲੱਗ, ਹਿੰਸਕ ਅਪਰਾਧ 39 ਵੱਖ-ਵੱਖ ਦੇਸ਼ਾਂ ਦੇ ਲੋਕਾਂ ਦੁਆਰਾ ਲਾਭ ਅਰਜ਼ੀਆਂ ਦੇ ਫੈਸਲੇ ਨੂੰ ਰੋਕਣ ਵਾਲੀ ਨੀਤੀ ਅਤੇ ਸ਼ਰਣ ਲਈ ਅਰਜ਼ੀਆਂ ਨਾਲ ਕਿਵੇਂ ਜੁੜੇ ਹੋਏ ਹਨ।" ਉਸ ਨੇ ਅੱਗੇ ਕਿਹਾ, "ਇਸ ਗੱਲ ਦਾ ਕੋਈ ਸੰਕੇਤ ਨਹੀਂ ਹੈ ਕਿ ਯੂ.ਐੱਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ (ਯੂ.ਐੱਸ.ਸੀ.ਆਈ.ਐੱਸ.) ਨੇ ਹਜ਼ਾਰਾਂ ਲਾਭ ਬਿਨੈਕਾਰਾਂ ਨੂੰ ਅਣਮਿੱਥੇ ਸਮੇਂ ਲਈ ਰੁਕਾਵਟ ਅਤੇ ਸਥਾਈ ਅਨਿਸ਼ਚਿਤਤਾ ਵਿਚ ਸੁੱਟਣ ਦੇ ਨਤੀਜਿਆਂ 'ਤੇ ਅਰਥਪੂਰਨ ਵਿਚਾਰ ਕੀਤਾ ਹੈ ਕਿ ਕੀ ਉਨ੍ਹਾਂ ਨੂੰ ਸ਼ਰਣ ਦਿੱਤੀ ਜਾਵੇਗੀ, ਸੰਯੁਕਤ ਰਾਜ ਅਮਰੀਕਾ ਦਾ ਨਾਗਰਿਕ ਬਣੇਗਾ, ਕੰਮ ਦਾ ਅਧਿਕਾਰ ਪ੍ਰਾਪਤ ਹੋਵੇਗਾ, ਜਾਂ ਗ੍ਰੀਨ ਕਾਰਡ ਪ੍ਰਾਪਤ ਹੋਵੇਗਾ।"

ਜੱਜ ਨੇ ਇਹ ਵੀ ਨੀਤੀ ਨੂੰ ਵਿਆਪਕ ਤੌਰ 'ਤੇ ਪੱਖਪਾਤੀ ਪਾਇਆ, ਕਿਉਂਕਿ ਟਰੰਪ ਪ੍ਰਸ਼ਾਸਨ "ਅੱਜ ਸੰਯੁਕਤ ਰਾਜ ਅਮਰੀਕਾ ਵਿਚ ਰਹਿ ਰਹੇ 39 ਦੇਸ਼ਾਂ ਦੇ ਵਿਅਕਤੀਆਂ ਦੁਆਰਾ ਜਨਤਕ ਸੁਰੱਖਿਆ ਜਾਂ ਰਾਸ਼ਟਰੀ ਸੁਰੱਖਿਆ ਜ਼ੋਖਮਾਂ ਬਾਰੇ ਚਿੰਤਾ ਦਾ ਇੱਕ ਤਰਕਪੂਰਨ ਆਧਾਰ" ਦਿਖਾਉਣ ਵਿਚ ਅਸਫਲ ਰਿਹਾ।

ਇਹ ਮਾਮਲਾ 200 ਤੋਂ ਵੱਧ ਮੁੱਦਈਆਂ ਦੁਆਰਾ ਲਿਆਂਦਾ ਗਿਆ ਸੀ, ਜਿਨ੍ਹਾਂ ਦੀਆਂ ਇਮੀਗ੍ਰੇਸ਼ਨ ਅਰਜ਼ੀਆਂ ਟਰੰਪ ਦੇ ਵੱਖ-ਵੱਖ ਆਦੇਸ਼ਾਂ ਦੇ ਨਤੀਜੇ ਵਜੋਂ ਰੁਕੀਆਂ ਹੋਈਆਂ ਸਨ।

ਕੋਬਿਕ ਨੇ ਇਹ ਵੀ ਪਾਇਆ ਕਿ ਟਰੰਪ ਪ੍ਰਸ਼ਾਸਨ ਇੱਕ ਏਜੰਸੀ ਨੂੰ ਆਪਣਾ ਮੁੱਖ ਮਿਸ਼ਨ ਪੂਰਾ ਨਾ ਕਰਨ ਦਾ ਨਿਰਦੇਸ਼ ਦੇ ਕੇ ਕਾਨੂੰਨ ਦੀ ਉਲੰਘਣਾ ਕਰ ਰਿਹਾ ਸੀ।

ਉਸਨੇ ਲੰਬਿਤ ਇਮੀਗ੍ਰੇਸ਼ਨ ਅਰਜ਼ੀਆਂ ਬਾਰੇ ਕਿਹਾ, "ਕਾਨੂੰਨ ਅਤੇ ਨਿਯਮ ਦੁਆਰਾ, ਕਾਂਗਰਸ ਅਤੇ ਯੂ.ਐੱਸ.ਸੀ.ਆਈ.ਐੱਸ. ਨੇ ਸਪੱਸ਼ਟ ਕੀਤਾ ਹੈ ਕਿ ਇੱਕ ਖਾਸ ਬਿੰਦੂ 'ਤੇ, ਜਾਂਚਾਂ ਖਤਮ ਹੋਣੀਆਂ ਚਾਹੀਦੀਆਂ ਹਨ ਅਤੇ ਫੈਸਲਾ ਲਿਆ ਜਾਣਾ ਚਾਹੀਦਾ ਹੈ।

ਜੱਜ ਨੇ ਅੱਗੇ ਕਿਹਾ, "ਜਾਂਚ ਕਰਨ ਦਾ ਦੋਸ਼ ਯੂ.ਐੱਸ.ਸੀ.ਆਈ.ਐੱਸ. ਨੂੰ ਅਰਜ਼ੀਆਂ ਦੇ ਨਿਰਣੇ ਵਿਚ ਲਗਾਤਾਰ ਦੇਰੀ ਕਰਨ ਦਾ ਅਧਿਕਾਰ ਨਹੀਂ ਦਿੰਦਾ ਹੈ।"

# ਅਦਾਲਤ ਵੱਲੋਂ ਮੀਨੂ ਬੱਤਰਾ ਨੂੰ ਤੁਰੰਤ ਇਮੀਗ੍ਰੇਸ਼ਨ ਹਿਰਾਸਤ 'ਚੋਂ ਰਿਹਾਅ ਕਰਨ ਦੇ ਆਦੇਸ਼

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਟੈਕਸਾਸ ਦੀ ਇਕ ਅਦਾਲਤ ਨੇ ਪਿਛਲੇ 3 ਦਹਾਕਿਆਂ ਦੇ ਵਧ ਸਮੇ ਤੋਂ ਅਮਰੀਕਾ 'ਚ ਰਹਿ ਰਹੀ ਭਾਰਤੀ ਮੂਲ ਦੀ ਮੀਨੂ ਬੱਤਰਾ ਨੂੰ ਤੁਰੰਤ ਸੰਘੀ ਇਮੀਗ੍ਰੇਸ਼ਨ ਵਿਚੋਂ ਰਿਹਾਅ ਕਰਨ ਦੇ ਆਦੇਸ਼ ਦਿੱਤੇ ਹਨ। ਅਦਾਲਤ ਨੇ ਆਪਣੇ ਆਦੇਸ਼ ਵਿਚ ਕਿਹਾ ਹੈ ਕਿ ਉਸ ਦੀ ਗ੍ਰਿਫਤਾਰੀ ਵੇਲੇ ਨਿਯਮਾਂ ਤੇ ਉਸ ਦੇ ਸੰਵਿਧਾਨਕ ਅਧਿਕਾਰਾਂ ਦੀ ਉਲੰਘਣਾ ਕੀਤੀ ਗਈ ਹੈ। ਟੈਕਸਾਸ ਵਿਚ ਬੱਤਰਾ ਇਕੋ ਇਕ ਲਾਇਸੰਸਸ਼ੁਦਾ ਦੁਭਾਸ਼ੀਆ ਹੈ, ਜੋ ਅੰਗਰੇਜੀ ਦਾ ਪੰਜਾਬੀ, ਹਿੰਦੀ ਤੇ ਉਰਦੂ ਵਿਚ ਅਨੁਵਾਦ ਕਰ ਸਕਦੀ ਹੈ। ਉਸ ਦੇ ਵਕੀਲ ਦੀਪਕ ਆਹਲੂਵਾਲੀਆ ਨੇ ਉਸ ਦੀ ਰਿਹਾਈ ਦੀ ਪੁਸ਼ਟੀ ਕਰਦਿਆਂ ਕਿਹਾ ਹੈ ਕਿ ਬੱਤਰਾ 4 ਬੱਚਿਆਂ ਦੀ ਮਾਂ ਹੈ, ਜੋ ਅਮਰੀਕੀ ਨਾਗਰਿਕ ਹਨ। ਉਸ ਨੂੰ ਹਰਲੀਨਗਨ ਵਿਚ ਵੈਲੀ ਇੰਟਰਨੈਸ਼ਨਲ ਹਵਾਈ ਅੱਡੇ 'ਤੇ 17 ਮਾਰਚ ਨੂੰ ਉਸ ਵੇਲੇ ਗ੍ਰਿਫਤਾਰ ਕਰ ਲਿਆ ਗਿਆ ਸੀ, ਜਦੋਂ ਉਹ ਮਿਲਵਾਕੀ ਵਿਚ ਕੰਮ 'ਤੇ ਜਾ ਰਹੀ ਸੀ। ਆਹਲੂਵਾਲੀਆ ਨੇ ਕਿਹਾ ਕਿ ਬੱਤਰਾ ਦੀ ਪੀ.ਆਰ. ਲੈਣ ਲਈ ਕਾਨੂੰਨੀ ਪ੍ਰਕ੍ਰਿਆ ਜਾਰੀ ਹੈ। ਵਕੀਲ ਅਨੁਸਾਰ ਕਾਨੂੰਨੀ ਲੜਾਈ ਅਜੇ ਖਤਮ ਨਹੀਂ ਹੋਈ ਤੇ ਇਸ ਨੂੰ ਅੰਜਾਮ ਤੱਕ ਲਿਜਾਣ ਲਈ ਸਮਾਂ ਲੱਗ ਸਕਦਾ ਹੈ।



*ਮੀਨੂ ਬੱਤਰਾ*

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ 40 ਮੁਕਤਿਆਂ ਦੀ ਸ਼ਹਾਦਤ ਨੂੰ ਸਮਰਪਿਤ ਅੰਗਹੀਣ ਵਿਅਕਤੀਆਂ ਨੂੰ ਦਿੱਤੀ ਵਿੱਤੀ ਸਹਾਇਤਾ




**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)**- ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਤਹਿਤ ਸ੍ਰੀ ਮੁਕਤਸਰ ਸਾਹਿਬ ਵਿਖੇ ਸ਼ਹੀਦ ਹੋਏ 40 ਮੁਕਤਿਆਂ ਦੀ ਅਤੇ ਹੋਰ ਸ਼ਹੀਦਾਂ ਦੀ ਲਾਸਾਨੀ ਸ਼ਹਾਦਤ ਨੂੰ ਕੋਟਿ-ਕੋਟਿ ਪ੍ਰਣਾਮ ਕੀਤਾ ਗਿਆ ਅਤੇ 40 ਮੁਕਤਿਆਂ ਦੀ ਯਾਦ ਵਿਚ 25 ਅੰਗਹੀਣ ਵਿਅਕਤੀਆਂ ਨੂੰ ਪੰਜੀ ਹਜ਼ਾਰ ਰੁਪਏ ਦੀ ਵਿੱਤੀ ਸਹਾਇਤਾ ਰਾਸ਼ੀ ਦਿੱਤੀ ਗਈ।



ਡਾ. ਐੱਸ.ਪੀ. ਸਿੰਘ ਓਬਰਾਏ।

ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਹ ਅੰਗਹੀਣ ਵਿਅਕਤੀ ਕੰਮ ਕਰਨ ਤੋਂ ਅਸਮਰਥ ਹਨ। ਇਨ੍ਹਾਂ ਨੂੰ ਹਰ ਮਹੀਨੇ ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ, ਤਾਂ ਜੋ ਇਹ ਲੋਕ ਆਪਣੀਆਂ ਰੋਜ਼ਾਨਾ ਦੀਆਂ ਲੋੜਾਂ ਪੂਰੀਆਂ ਕਰ ਸਕਣ। ਵਿੱਤੀ ਸਹਾਇਤਾ ਲੈਣ ਉਪਰੰਤ ਇਨ੍ਹਾਂ ਅੰਗਹੀਣ ਵਿਅਕਤੀਆਂ ਵੱਲੋਂ ਡਾ. ਓਬਰਾਏ ਦਾ ਧੰਨਵਾਦ ਕੀਤਾ ਗਿਆ ਅਤੇ ਕਿਹਾ ਕਿ ਡਾ. ਓਬਰਾਏ ਹਮੇਸ਼ਾ ਸਾਡੀ ਲਾਠੀ ਬਣਕੇ ਸਾਡੇ ਨਾਲ ਖੜ੍ਹਦੇ ਹਨ, ਸਾਨੂੰ ਕਦੇ ਵੀ ਸਾਡਾ ਸਰੀਰਕ ਅਧੂਰਾਪਨ ਮਹਿਸੂਸ ਨਹੀਂ ਹੁੰਦਾ। ਇਸ ਮੌਕੇ ਮਹੰਤ ਕਸ਼ਮੀਰ ਸਿੰਘ, ਬਲਵਿੰਦਰ ਸਿੰਘ ਬਰਾੜ ਰਿਟਾ. ਪ੍ਰਿੰਸੀਪਲ, ਗੁਰਪਾਲ ਸਿੰਘ ਪਾਲੀ, ਮਲਕੀਤ ਸਿੰਘ ਰਿਟਾ. ਬੈਂਕ ਮੈਨੇਜਰ ਮੀਤ ਪ੍ਰਧਾਨ, ਮਾਸਟਰ ਰਾਜਿੰਦਰ ਸਿੰਘ, ਸੋਮ ਨਾਥ, ਬਰਨੇਕ ਸਿੰਘ ਰਿਟਾ. ਲੈਕਚਰਾਰ, ਗੁਰਜੀਤ ਸਿੰਘ ਜੀਤਾ, ਚਰਨਜੀਤ ਸਿੰਘ ਮੈਂਬਰ ਬਲਾਕ ਸੰਮਤੀ, ਸੁਖਬੀਰ ਸਿੰਘ ਜੈਲਦਾਰ, ਬਲਜੀਤ ਸਿੰਘ ਮਾਨ ਰਿਟਾ. ਪ੍ਰਿੰਸੀਪਲ ਆਦਿ ਹਾਜ਼ਰ ਸਨ।

## ਗੁਰਦਾਸਪੁਰ 'ਚ ਨਗਰ ਕੌਂਸਲ ਚੋਣਾਂ ਦੇ ਰਸਮੀ ਐਲਾਨ ਤੋਂ ਪਹਿਲਾਂ ਹੀ ਸਿਆਸੀ ਮਾਹੌਲ ਭਖਿਆ

**ਗੁਰਦਾਸਪੁਰ, (ਪੰਜਾਬ ਮੇਲ)**- ਗੁਰਦਾਸਪੁਰ 'ਚ ਰਾਜਨੀਤਿਕ ਮਾਹੌਲ ਕਾਫੀ ਭਖਿਆ ਹੋਇਆ ਹੈ। ਭਾਵੇਂ ਪੰਜਾਬ ਚੋਣ ਕਮਿਸ਼ਨ ਨੇ ਅਜੇ ਤੱਕ ਨਗਰ ਕੌਂਸਲ ਚੋਣਾਂ ਦੀਆਂ ਤਰੀਕਾਂ ਦਾ ਰਸਮੀ ਐਲਾਨ ਨਹੀਂ ਕੀਤਾ ਪਰ ਸ਼ਹਿਰ ਦੀਆਂ ਗਲੀਆਂ ਅਤੇ ਚੌਂਕਾਂ 'ਚ ਚੋਣ ਸਰਗਰਮੀਆਂ ਸਾਫ਼ ਦਿਖਾਈ ਦੇ ਰਹੀਆਂ ਹਨ। ਨਵੀਂ ਵਾਰਡ ਸੀਮਾਬੰਦੀ ਤੋਂ ਬਾਅਦ ਸਾਰੀਆਂ ਸਿਆਸੀ ਪਾਰਟੀਆਂ ਮਜ਼ਬੂਤ ਉਮੀਦਵਾਰਾਂ ਦੀ ਭਾਲ 'ਚ ਰੁੱਝੀਆਂ ਹੋਈਆਂ ਹਨ।

ਗੁਰਦਾਸਪੁਰ ਨਗਰ ਕੌਂਸਲ ਦੇ 29 ਵਾਰਡ ਹਨ। ਪਿਛਲੀਆਂ ਚੋਣਾਂ 'ਚ ਸਾਰੇ ਵਾਰਡਾਂ 'ਚ ਕਾਂਗਰਸ ਨੇ ਜਿੱਤ ਹਾਸਲ ਕੀਤੀ ਸੀ ਅਤੇ ਗੁਰਦਾਸਪੁਰ ਪੰਜਾਬ ਦਾ ਇਕੋ-ਇਕ ਅਜਿਹਾ ਜ਼ਿਲ੍ਹਾ ਸੀ, ਜਿੱਥੇ 100 ਫੀਸਦੀ ਕੌਂਸਲਰ ਕਾਂਗਰਸ ਦੇ ਸਨ। ਹਾਲਾਂਕਿ ਨਵੀਂ ਵਾਰਡਬੰਦੀ ਨੇ ਸਮੀਕਰਨ ਬਦਲ ਦਿੱਤੇ ਹਨ। ਕਈ ਰਾਖਵੇਂ ਵਾਰਡ ਹੁਣ ਮਹਿਲਾ ਵਾਰਡ ਬਣਾ ਦਿੱਤੇ ਗਏ ਹਨ, ਜਿਸ ਕਾਰਨ ਕਈ ਦਿੱਗਜ ਕੌਂਸਲਰਾਂ ਦਾ ਵੋਟ ਬੈਂਕ ਟੁੱਟ ਗਿਆ ਹੈ ਅਤੇ ਉਨ੍ਹਾਂ ਨੂੰ ਜਨਤਾ ਨਾਲ ਨਵੇਂ ਸਿਰਿਓਂ ਸੰਪਰਕ ਕਰਨਾ ਪੈ ਰਿਹਾ ਹੈ। ਪ੍ਰਸ਼ਾਸਨ ਵੱਲੋਂ ਡਰਾਫਟ ਵੋਟਰ ਸੂਚੀਆਂ ਜਾਰੀ ਕਰਨ ਤੋਂ ਬਾਅਦ ਹਰ ਘਰ 'ਚ ਵੋਟਾਂ ਦੀ ਸੁਧਾਈ ਦਾ ਕੰਮ ਸ਼ੁਰੂ ਹੋ ਗਿਆ ਹੈ। ਇਨ੍ਹਾਂ ਗਤੀਵਿਧੀਆਂ ਨੂੰ ਦੇਖਦਿਆਂ ਉਮੀਦ ਹੈ ਕਿ ਚੋਣਾਂ ਜੂਨ-ਜੁਲਾਈ 'ਚ ਹੋ ਸਕਦੀਆਂ ਹਨ। ਭਾਜਪਾ ਨੇ ਸੰਭਾਵੀ ਉਮੀਦਵਾਰਾਂ ਤੋਂ ਅਰਜ਼ੀਆਂ ਮੰਗ ਲਈਆਂ ਹਨ, ਜਦਕਿ ਕਾਂਗਰਸ ਆਪਣੇ ਪਿਛਲੇ ਪ੍ਰਦਰਸ਼ਨ ਦੇ ਦਮ 'ਤੇ ਮੈਦਾਨ 'ਚ ਉਤਰਨ ਦੀ ਤਿਆਰੀ 'ਚ ਹੈ। ਵਿਰੋਧੀ ਧਿਰਾਂ ਸਫ਼ਾਈ, ਮਾੜੀਆਂ ਸੜਕਾਂ ਅਤੇ ਅਧੂਰੇ ਵਿਕਾਸ ਕਾਰਜਾਂ ਨੂੰ ਮੁੱਦਾ ਬਣਾ ਰਹੀਆਂ ਹਨ।

# ਬੇਅਦਬੀ ਸੋਧ ਐਕਟ ਦੇ ਮਾਮਲੇ 'ਚ ਪੰਜਾਬ ਸਪੀਕਰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਤਲਬ

■ ਪੰਥਕ ਸਹਿਮਤੀ ਤੋਂ ਬਿਨਾਂ ਐਕਟ ਪਰਵਾਨ ਨਹੀਂ: ਜਥੇਦਾਰ



ਪੰਥਕ ਜਥੇਬੰਦੀਆਂ ਨੂੰ ਸੰਬੋਧਨ ਕਰਦੇ ਹੋਏ ਜਥੇਦਾਰ ਗਿਆਨ ਕੁਲਦੀਪ ਸਿੰਘ ਗੜਗੱਜ।

**ਅੰਮ੍ਰਿਤਸਰ, (ਪੰਜਾਬ ਮੇਲ)**- ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ-2026' ਦੇ ਮਾਮਲੇ ਵਿਚ ਅਕਾਲ ਤਖ਼ਤ ਅਤੇ ਸ਼੍ਰੋਮਣੀ ਕਮੇਟੀ ਸਮੇਤ ਸਿੱਖ ਜਥੇਬੰਦੀਆਂ ਦੀ ਸਹਿਮਤੀ ਨਾ ਲਏ ਜਾਣ ਅਤੇ ਇਸ ਸਬੰਧੀ ਕਈ ਸ਼ੰਕੇ ਦੂਰ ਕਰਨ ਲਈ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ 8 ਮਈ ਨੂੰ ਅਕਾਲ ਤਖ਼ਤ 'ਤੇ ਸੱਦਿਆ ਹੈ। ਇੱਥੇ ਭਾਈ ਗੁਰਦਾਸ ਹਾਲ ਵਿਚ ਜਥੇਦਾਰ ਗੜਗੱਜ ਦੀ ਅਗਵਾਈ ਹੇਠ ਹੋਈ ਸਿੱਖ ਵਿਦਵਾਨਾਂ ਅਤੇ ਜਥੇਬੰਦੀਆਂ ਦੀ ਮੀਟਿੰਗ ਵਿਚ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਨਿਹੰਗ ਸਿੰਘ ਜਥੇਬੰਦੀਆਂ ਅਤੇ ਦਮਦਮੀ ਟਕਸਾਲ ਦੇ ਨੁਮਾਇੰਦੇ ਸ਼ਾਮਲ ਸਨ।

ਸਿੱਖ ਆਗੂਆਂ ਨੇ ਐਕਟ ਵਿਚ ਸ਼ਾਮਲ 'ਕਸਟੋਡੀਅਨ' ਵਰਗੇ ਸ਼ਬਦਾਂ ਅਤੇ ਪ੍ਰਕਾਸ਼ਨਾ ਸਬੰਧੀ ਅੰਕੜੇ ਜਨਤਕ ਕਰਨ ਵਰਗੇ ਮੁੱਦਿਆਂ 'ਤੇ ਸਖ਼ਤ ਇਤਰਾਜ਼ ਜਤਾਇਆ ਹੈ। ਜਥੇਦਾਰ ਗੜਗੱਜ ਨੇ ਸਾਫ਼ ਕੀਤਾ ਕਿ ਗੁਰੂ ਸਾਹਿਬ ਖ਼ੁਦ ਪੰਥ ਦੇ ਕਸਟੋਡੀਅਨ ਹਨ, ਇਸ ਲਈ ਕੋਈ ਸਰਕਾਰ ਜਾਂ ਅਥਾਰਟੀ ਇਹ ਰੁਤਬਾ ਨਹੀਂ ਲੈ ਸਕਦੀ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਸਿੱਖ ਸੰਸਥਾਵਾਂ ਨੂੰ ਅਣਡਿੱਠ ਕਰ ਕੇ ਪੰਥਕ ਮਾਮਲਿਆਂ ਵਿਚ ਸਿੱਧੀ ਦਖ਼ਲਅੰਦਾਜ਼ੀ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਬੇਅਦਬੀ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇਣ ਦੇ ਕਦਮ ਦਾ ਉਹ ਸਵਾਗਤ ਕਰਦੇ ਹਨ, ਪਰ ਇਸ ਦੀ ਆੜ ਵਿਚ ਸਿੱਖ ਸਰੋਕਾਰਾਂ ਨਾਲ ਜੁੜੇ ਕਾਨੂੰਨ ਪੰਥ ਦੀ ਰਾਇ ਤੋਂ ਬਿਨਾਂ ਨਹੀਂ ਬਣਾਏ ਜਾਣੇ ਚਾਹੀਦੇ।

ਜਥੇਦਾਰ ਨੇ ਸਰਕਾਰ ਨੂੰ ਸਵਾਲ ਕੀਤਾ ਕਿ ਕਾਨੂੰਨ ਦਾ ਖਰੜਾ ਮੰਗਣ ਦੇ ਬਾਵਜੂਦ ਅਕਾਲ ਤਖ਼ਤ ਸਾਹਿਬ ਨੂੰ ਕਿਉਂ ਨਹੀਂ ਭੇਜਿਆ ਗਿਆ। ਉਨ੍ਹਾਂ ਬੇਅਦਬੀ ਮਾਮਲਿਆਂ 'ਚ ਹੁਣ ਤੱਕ ਇਨਸਾਫ਼ ਨਾ ਮਿਲਣ 'ਤੇ ਵੀ ਸਰਕਾਰ ਨੂੰ ਘੇਰਿਆ। ਇਸ ਦੇ ਨਾਲ ਹੀ ਮੀਟਿੰਗ ਵਿਚ ਬਲਵੰਤ ਸਿੰਘ ਰਾਜੋਆਣਾ ਸਮੇਤ ਬੰਦੀ ਸਿੰਘਾਂ ਦੀ ਰਿਹਾਈ ਵਿਚ ਕੇਂਦਰ ਸਰਕਾਰ ਵੱਲੋਂ ਖੜ੍ਹੇ ਕੀਤੇ ਜਾ ਰਹੇ ਅੜਿੱਕਿਆਂ 'ਤੇ ਨਾਰਾਜ਼ਗੀ ਜਤਾਈ ਗਈ। ਹਾਲਾਂਕਿ, ਰਾਜੋਆਣਾ ਦੀ ਰਹਿਮ ਦੀ ਅਪੀਲ ਵਾਪਸ ਲੈਣ ਸਬੰਧੀ ਫ਼ਿਲਹਾਲ ਕੋਈ ਅੰਤਿਮ ਫ਼ੈਸਲਾ ਨਹੀਂ ਹੋਇਆ।

# ਸੈਕਰਾਮੈਂਟੋ ਸਿਟੀ ਹਾਲ 'ਚ ਸਿੱਖਾਂ ਨੂੰ ਕਿਰਪਾਨ ਲਿਜਾਣ ਦੀ ਇਜਾਜ਼ਤ ਵਾਲਾ ਨਵਾਂ ਕਾਨੂੰਨ ਲਾਗੂ

**ਚੰਡੀਗੜ੍ਹ, (ਪੰਜਾਬ ਮੇਲ)**- ਸੈਕਰਾਮੈਂਟੋ ਸਿਟੀ ਹਾਲ ਦੇ ਅੰਦਰ ਧਾਰਮਿਕ ਸ਼ਸਤਰ (ਕਿਰਪਾਨ) ਲਿਜਾਣ ਦੀ ਇਜਾਜ਼ਤ ਦੇਣ ਵਾਲਾ ਇੱਕ ਨਵਾਂ ਕਾਨੂੰਨ ਲਾਗੂ ਹੋ ਗਿਆ ਹੈ। ਇਸ ਇਤਿਹਾਸਕ ਮੌਕੇ 'ਤੇ ਸਿੱਖ ਭਾਈਚਾਰੇ ਦੇ ਮੈਂਬਰ ਸਿਟੀ ਕੌਂਸਲ ਦੇ ਚੈਂਬਰ ਵਿਚ ਇਕੱਠੇ ਹੋਏ। ਸਿੱਖ ਧਰਮ ਵਿਚ ਰਸਮੀ ਮਾਨਤਾ ਵਜੋਂ ਪੰਜ ਕਕਾਰ ਧਾਰਨ ਕੀਤੇ ਜਾਂਦੇ ਹਨ, ਜਿਨ੍ਹਾਂ ਵਿਚੋਂ ਇੱਕ ਕਿਰਪਾਨ ਹੈ।



ਇਸ ਤੋਂ ਪਹਿਲਾਂ ਸਿਟੀ ਹਾਲ ਵਿਚ ਹਰ ਤਰ੍ਹਾਂ ਦੇ ਹਥਿਆਰਾਂ 'ਤੇ ਪਾਬੰਦੀ ਹੋਣ ਕਾਰਨ ਕਿਰਪਾਨਧਾਰੀ ਸਿੱਖ ਸਿਟੀ ਹਾਲ ਦੇ ਅੰਦਰ ਦਾਖਲ ਨਹੀਂ ਹੋ ਸਕਦੇ ਸਨ ਅਤੇ ਨਾ ਹੀ ਸ਼ਹਿਰ ਦੀ ਸਰਕਾਰ ਦੀਆਂ ਗਤੀਵਿਧੀਆਂ ਵਿਚ ਹਿੱਸਾ ਲੈ ਸਕਦੇ ਸਨ। ਇਸ ਮੌਕੇ ਡਾਕਟਰ ਗੁਰਤੇਜ ਸਿੰਘ ਨੇ ਕਿਹਾ ਕਿ ਉਹ ਪਿਛਲੇ ਦੋ ਦਹਾਕਿਆਂ ਤੋਂ ਇਸ ਖੇਤਰ ਵਿਚ ਰਹਿ ਰਹੇ ਹਨ ਪਰ ਪਹਿਲੀ ਵਾਰ ਉਹ ਸਿਟੀ ਹਾਲ ਦੇ ਅੰਦਰ ਪੂਰਨ ਮਹਿਸੂਸ ਕਰਦੇ ਹੋਏ ਦਾਖਲ ਹੋਏ ਹਨ।

ਸਿਟੀ ਹਾਲ ਵਿਚ ਕਿਰਪਾਨ ਲਿਜਾਣ ਲਈ ਕੁਝ ਸ਼ਰਤਾਂ ਰੱਖੀਆਂ ਗਈਆਂ ਹਨ, ਜਿਨ੍ਹਾਂ ਅਨੁਸਾਰ ਕਿਰਪਾਨ ਦੀ ਲੰਬਾਈ 10 ਇੰਚ ਜਾਂ ਇਸ ਤੋਂ ਘੱਟ ਹੋਣੀ ਚਾਹੀਦੀ ਹੈ ਅਤੇ ਇਹ ਗਾਤਰੇ (ਮਿਆਨ) ਵਿਚ ਹੋਣੀ ਲਾਜ਼ਮੀ ਹੈ। ਕੌਂਸਲ ਮੈਂਬਰ ਕੈਟੀ ਮੇਪਲ, ਜਿਨ੍ਹਾਂ ਨੇ ਇਸ ਆਰਡੀਨੈਂਸ ਨੂੰ ਪਾਸ ਕਰਵਾਉਣ ਵਿਚ ਮੁੱਖ ਭੂਮਿਕਾ ਨਿਭਾਈ, ਨੇ ਕਿਹਾ ਕਿ ਇਹ ਸਿਰਫ਼ ਇੱਕ ਨੀਤੀ ਨਹੀਂ ਹੈ, ਸਗੋਂ ਇਹ ਸਤਿਕਾਰ ਅਤੇ ਸਾਰਿਆਂ ਨੂੰ ਸ਼ਾਮਲ ਕਰਨ ਦੀ ਭਾਵਨਾ ਬਾਰੇ ਹੈ। ਉਨ੍ਹਾਂ ਕਿਹਾ ਕਿ ਇਹ ਕਦਮ ਇਸ ਲਈ ਚੁੱਕਿਆ ਗਿਆ ਹੈ, ਤਾਂ ਕਿ ਹਰ ਕੋਈ ਸਾਡੇ ਨਾਗਰਿਕ ਸਥਾਨਾਂ ਵਿਚ ਆਪਣੀ ਪਛਾਣ ਨਾਲ ਪੂਰੀ ਤਰ੍ਹਾਂ ਮੌਜੂਦ ਰਹਿ ਸਕੇ।

ਇਸ ਮੌਕੇ ਕਈ ਬੁਲਾਰਿਆਂ ਨੇ ਇਸ ਦਿਨ ਦੀ ਮਹੱਤਤਾ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਇਸ ਦੇ ਨਾਲ ਹੀ ਸਿਟੀ ਕੌਂਸਲ ਨੇ ਅਪ੍ਰੈਲ ਮਹੀਨੇ ਨੂੰ 'ਸਿੱਖ ਵਿਰਾਸਤੀ ਮਹੀਨੇ' ਵਜੋਂ ਮਾਨਤਾ ਦੇਣ ਦਾ ਮਤਾ ਵੀ ਪਾਸ ਕੀਤਾ। ਸਿੱਖ ਸੰਸਥਾ 'ਜਕਾਰਾ ਮੂਵਮੈਂਟ' ਦੇ ਖੇਤਰੀ ਨਿਰਦੇਸ਼ਕ ਮਨਦੀਪ ਸਿੰਘ ਨੇ ਕਿਹਾ ਕਿ ਅਜਿਹੇ ਪਲ ਸਾਡੀ ਪਛਾਣ ਬਾਰੇ ਭਾਈਚਾਰੇ ਨੂੰ ਜਾਗਰੂਕ ਕਰਨ ਵਿਚ ਬਹੁਤ ਸਹਾਈ ਹੁੰਦੇ ਹਨ। ਉਨ੍ਹਾਂ ਨੇ ਇਸ ਫੈਸਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਨਾਲ ਸਿੱਖਾਂ ਬਾਰੇ ਸਮਾਜ ਵਿਚ ਚੰਗੀ ਜਾਣਕਾਰੀ ਜਾਵੇਗੀ।

## ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਚੀਫ ਖਾਲਸਾ ਦੀਵਾਨ ਦੀ ਕਮੇਟੀ ਤਲਬ

■ 8 ਮਈ ਨੂੰ ਹੋਵੇਗੀ ਪੇਸ਼ੀ

ਅੰਮ੍ਰਿਤਸਰ, (ਪੰਜਾਬ ਮੇਲ)- ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਵੱਲੋਂ ਇੱਕ ਅਹਿਮ ਆਦੇਸ਼ ਜਾਰੀ ਕਰਦਿਆਂ ਚੀਫ ਖਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਦੀ ਸਮੁੱਚੀ ਕਾਰਜਕਾਰੀ ਕਮੇਟੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਤਲਬ ਕੀਤਾ ਗਿਆ ਹੈ। ਇਹ ਕਾਰਵਾਈ ਸੁਸਾਇਟੀ ਦੇ ਪ੍ਰਬੰਧਕੀ ਮੈਂਬਰਾਂ ਦੇ ਅੰਮ੍ਰਿਤਧਾਰੀ ਨਾ ਹੋਣ ਸਬੰਧੀ ਮਿਲੀ ਲਿਖਤੀ ਸ਼ਿਕਾਇਤ ਤੋਂ ਬਾਅਦ ਅਮਲ ਵਿਚ ਲਿਆਂਦੀ ਗਈ ਹੈ।

ਮਿਲੀ ਜਾਣਕਾਰੀ ਅਨੁਸਾਰ, ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਕਮੇਟੀ ਨੂੰ 8 ਮਈ ਨੂੰ ਸਵੇਰੇ 10 ਵਜੇ ਪੇਸ਼ ਹੋਣ ਲਈ ਕਿਹਾ ਗਿਆ ਹੈ। ਇਸ ਦੌਰਾਨ ਕਮੇਟੀ ਦੇ ਜ਼ਿੰਮੇਵਾਰ ਅਧਿਕਾਰੀਆਂ ਤੋਂ ਸੂਚੀ ਨਾ ਦੇਣ ਦੇ ਕਾਰਨਾਂ ਬਾਰੇ ਵਿਸਥਾਰ ਨਾਲ ਪੁੱਛਗਿੱਛ ਕੀਤੀ ਜਾਵੇਗੀ। ਇਸੇ ਤਹਿਤ 8 ਮਈ ਦੀ ਇਸ ਇਕੱਤਰਤਾ ਦੌਰਾਨ ਸੰਸਥਾ ਦੇ ਭਵਿੱਖੀ ਪ੍ਰਬੰਧਾਂ ਅਤੇ ਮਰਿਯਾਦਾ ਦੀ ਪਾਲਣਾ ਸਬੰਧੀ ਕੋਈ ਵੱਡਾ ਫੈਸਲਾ ਲਿਆ ਜਾ ਸਕਦਾ ਹੈ।

# ਅੰਮ੍ਰਿਤਸਰ 'ਚ ਐੱਨ.ਆਰ.ਆਈ. ਦੇ ਘਰ ਦਿਨ ਦਿਹਾੜੇ ਚੋਰੀ ਅਤੇ ਭੰਨਤੋੜ

**ਅੰਮ੍ਰਿਤਸਰ, (ਪੰਜਾਬ ਮੇਲ)**- ਅੰਮ੍ਰਿਤਸਰ ਦੇ ਰਣਜੀਤ ਐਵਨਿਊ ਇਲਾਕੇ ਵਿਚ ਇੱਕ ਐੱਨ.ਆਰ.ਆਈ. ਦੇ ਘਰ ਦਿਨ ਦਿਹਾੜੇ ਦਾਖਲ ਹੋ ਕੇ ਚੋਰੀ ਅਤੇ ਤੋੜਫੋੜ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਅਨੁਸਾਰ ਕੁਝ ਅਣਪਛਾਤੇ ਵਿਅਕਤੀਆਂ ਨੇ ਜ਼ਬਰਦਸਤੀ ਘਰ ਵਿਚ ਦਾਖਲ ਹੋ ਕੇ ਪਹਿਲਾਂ ਸੀ.ਸੀ.ਟੀ.ਵੀ. ਕੈਮਰਿਆਂ ਨੂੰ ਨੁਕਸਾਨ ਪਹੁੰਚਾਇਆ ਅਤੇ ਫਿਰ ਘਰ ਵਿਚੋਂ ਜ਼ਰੂਰੀ ਕਾਰੋਬਾਰੀ ਡਾਕੂਮੈਂਟ ਚੋਰੀ ਕਰ ਲਏ। ਇਹ ਘਟਨਾ ਨੇੜਲੇ ਘਰ ਦੇ ਸੀ.ਸੀ.ਟੀ.ਵੀ. ਕੈਮਰੇ ਵਿਚ ਕੈਦ ਹੋ ਗਈ, ਜਿਸ ਨਾਲ ਪੁਲਿਸ ਨੂੰ ਜਾਂਚ ਵਿਚ ਮਦਦ ਮਿਲੀ।

ਪੀੜਤ ਪਰਿਵਾਰ ਨੇ ਦੱਸਿਆ ਕਿ ਚੋਰੀ ਹੋਏ ਸਾਮਾਨ 'ਚ ਕੰਪਨੀ ਨਾਲ ਸੰਬੰਧਿਤ ਅਹਿਮ ਡਾਕੂਮੈਂਟ, ਸਾਈਨ ਕੀਤੇ ਬਲੈਂਕ ਪੇਪਰ, ਚੈਕ ਬੁੱਕਾਂ ਅਤੇ ਹੋਰ ਕੀਮਤੀ ਚੀਜ਼ਾਂ ਸ਼ਾਮਲ ਹਨ, ਜੋ ਉਨ੍ਹਾਂ ਦੇ ਕਾਰੋਬਾਰ ਲਈ ਬਹੁਤ ਮਹੱਤਵਪੂਰਨ ਹਨ। ਪਰਿਵਾਰ ਦੇ ਮੈਂਬਰ ਆਦਮਜੀਤ ਸਿੰਘ ਦੇ ਮੁਤਾਬਕ ਦੋਸ਼ੀਆਂ ਨੇ ਪਹਿਲਾਂ ਘਰ ਦੇ ਤਾਲੇ ਅਤੇ ਬਾਰੀਆਂ ਤੋੜਨ ਦੀ ਕੋਸ਼ਿਸ਼ ਕੀਤੀ ਅਤੇ ਫਿਰ ਪਾਰਕ ਵਾਲੀ ਸਾਈਡ ਤੋਂ ਅੰਦਰ ਦਾਖਲ ਹੋ ਕੇ ਵਾਰਦਾਤ ਨੂੰ ਅੰਜਾਮ ਦਿੱਤਾ। ਪੀੜਤ ਪਰਿਵਾਰ ਨੇ ਦੋਸ਼ ਲਗਾਇਆ ਕਿ ਮੁੱਖ ਮੁਲਜ਼ਮ ਵਿਸ਼ਾਲ ਚੋਪੜਾ ਪਹਿਲਾਂ ਵੀ ਉਨ੍ਹਾਂ ਨੂੰ ਧਮਕੀਆਂ ਦੇ ਚੁੱਕਾ ਸੀ ਅਤੇ ਘਰ ਦੇ ਬਾਹਰ ਆ ਕੇ ਤੰਗ ਕਰਦਾ ਰਿਹਾ ਹੈ। ਘਟਨਾ ਤੋਂ ਬਾਅਦ ਪੁਲਿਸ ਨੂੰ ਸੂਚਿਤ ਕੀਤਾ ਗਿਆ, ਜਿਸ 'ਤੇ ਤੁਰੰਤ ਕਾਰਵਾਈ ਕਰਦਿਆਂ ਪੁਲਿਸ ਨੇ ਵਿਸ਼ਾਲ ਚੋਪੜਾ ਨੂੰ ਗ੍ਰਿਫਤਾਰ ਕਰ ਲਿਆ। ਉਸ ਦੀ ਗੱਡੀ ਵਿਚੋਂ ਕੁਝ ਸੀ.ਸੀ.ਟੀ.ਵੀ. ਉਪਕਰਣ ਵੀ ਬਰਾਮਦ ਕੀਤੇ ਗਏ ਹਨ। ਥਾਣਾ ਰਣਜੀਤ ਐਵਨਿਊ ਦੇ ਐੱਸ.ਐੱਚ.ਓ. ਰੋਬਿਨ ਹੰਸ ਅਨੁਸਾਰ, ਇਸ ਮਾਮਲੇ ਵਿਚ 3 ਵਿਅਕਤੀਆਂ ਖ਼ਿਲਾਫ਼ ਵੱਖ-ਵੱਖ ਧਾਰਾਵਾਂ ਹੇਠ ਕੇਸ ਦਰਜ ਕੀਤਾ ਗਿਆ ਹੈ।

# ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਹਰੀ ਸਿੰਘ ਨਲਵਾ 'ਤੇ ਫ਼ਿਲਮ ਬਣਾਉਣ ਦੀ ਪੇਸ਼ਕਸ਼ ਰੱਦ

**ਅੰਮ੍ਰਿਤਸਰ, (ਪੰਜਾਬ ਮੇਲ)**- ਮਹਾਨ ਸਿੱਖ ਯੋਧੇ ਹਰੀ ਸਿੰਘ ਨਲਵਾ ਦੇ ਜੀਵਨ ਉੱਤੇ ਫ਼ਿਲਮ ਬਣਾਉਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਵਿਚਾਰ ਕਰਨ ਸਬੰਧੀ ਪੁੱਜੀ ਮੰਗ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਅਪ੍ਰਵਾਨ ਕਰ ਦਿੱਤਾ ਹੈ।



ਉਨ੍ਹਾਂ ਕਿਹਾ ਕਿ ਹਾਲ ਹੀ ਵਿਚ 28 ਦਸੰਬਰ 2025 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਜ ਸਿੰਘ ਸਾਹਿਬਾਨ ਵੱਲੋਂ ਇਹ ਫ਼ੈਸਲਾ ਕੀਤਾ ਗਿਆ ਹੈ ਕਿ ਪੁਰਾਤਨ ਸਿੱਖ ਯੋਧਿਆਂ ਉੱਤੇ ਫ਼ਿਲਮਾਂ/ਐਨੀਮੇਸ਼ਨ ਫ਼ਿਲਮਾਂ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਵੀਡੀਓ ਨਹੀਂ ਬਣਾਈਆਂ ਜਾ ਸਕਦੀਆਂ। ਉਨ੍ਹਾਂ ਕਿਹਾ ਕਿ ਹਰੀ ਸਿੰਘ ਨਲਵਾ ਵੀ ਪੁਰਾਤਨ ਸਿੱਖ ਯੋਧਿਆਂ ਦੀ ਸ਼੍ਰੇਣੀ ਵਿਚ ਆਉਂਦੇ ਹਨ, ਇਸ ਲਈ ਉਨ੍ਹਾਂ ਦੇ ਜੀਵਨ ਉੱਤੇ ਫ਼ਿਲਮ ਨੂੰ ਪ੍ਰਵਾਨਗੀ ਨਹੀਂ ਦਿੱਤੀ ਜਾ ਸਕਦੀ।

ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਮੁੰਬਈ ਆਧਾਰਿਤ ਭਾਨੂਸ਼ਲੀ ਸਟੂਡੀਓ ਲਿਮੀਟਡ ਦੇ ਕੋ-ਪ੍ਰੋਡਿਊਸਰ ਸ਼੍ਰੀ ਭਾਵੇਸ਼ ਭਾਨੂਸ਼ਲੀ ਨੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਇਕ ਪੱਤਰ ਲਿਖ ਕੇ ਇਹ ਬੇਨਤੀ ਕੀਤੀ ਸੀ ਕਿ ਉਨ੍ਹਾਂ ਦਾ ਫ਼ਿਲਮ ਨਿਰਮਾਤਾ ਘਰ ਮਹਾਨ ਸਿੱਖ ਯੋਧੇ ਹਰੀ ਸਿੰਘ ਨਲਵਾ ਦੇ ਜੀਵਨ ਉੱਤੇ ਫ਼ਿਲਮ ਬਣਾਉਣਾ ਚਾਹੁੰਦਾ ਹੈ ਅਤੇ ਇਸ ਲਈ ਉਹ ਉਨ੍ਹਾਂ ਨਾਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨਾਲ ਮੁਲਾਕਾਤ ਕਰਕੇ ਵਿਚਾਰ ਕਰਨਾ ਚਾਹੁੰਦੇ ਹਨ। ਇਸ ਮਾਮਲੇ ਸਬੰਧੀ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਇੰਚਾਰਜ ਬਗੀਚਾ ਸਿੰਘ ਨੇ ਕਿਹਾ ਕਿ ਸਤਿਕਾਰਯੋਗ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਆਦੇਸ਼ ਅਨੁਸਾਰ ਭਾਨੂਸ਼ਲੀ ਸਟੂਡੀਓ ਲਿਮੀਟਡ ਦੇ ਕੋ-ਪ੍ਰੋਡਿਊਸਰ ਨੂੰ ਲਿਖਤੀ ਤੌਰ ਉੱਤੇ ਇਹ ਜਾਣਕਾਰੀ ਭੇਜ ਦਿੱਤੀ ਗਈ ਹੈ ਕਿ ਸਿੱਖ ਯੋਧੇ ਹਰੀ ਸਿੰਘ ਨਲਵਾ ਦੇ ਜੀਵਨ ਉੱਤੇ ਫ਼ਿਲਮ ਨਹੀਂ ਬਣਾਈ ਜਾ ਸਕਦੀ। ਉਨ੍ਹਾਂ ਕਿਹਾ ਕਿ ਸ਼੍ਰੀ ਭਾਨੂਸ਼ਲੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਜ ਸਿੰਘ ਸਾਹਿਬਾਨ ਵੱਲੋਂ ਫ਼ਿਲਮਾਂ ਸਬੰਧੀ ਕੀਤੇ ਗਏ ਹਾਲੀਆ ਆਦੇਸ਼ ਦੀ ਅਸਲ ਅਤੇ ਅੰਗਰੇਜ਼ੀ ਵਿਚ ਤਰਜ਼ਮਾ ਕਰਕੇ ਕਾਪੀਆਂ ਵੀ ਭੇਜ ਦਿੱਤੀਆਂ ਗਈਆਂ ਹਨ, ਤਾਂ ਜੋ ਉਹ ਭਵਿੱਖ ਵਿਚ ਸਿੱਖ ਵਿਸ਼ਿਆਂ ਸਬੰਧੀ ਫ਼ਿਲਮਾਂ ਬਣਾਉਣ ਤੋਂ ਪਹਿਲਾਂ ਸਾਵਧਾਨੀ ਵਰਤਣ ਅਤੇ ਪਾਬੰਦੀਆਂ ਨੂੰ ਧਿਆਨ 'ਚ ਰੱਖਦਿਆਂ ਕੰਮ ਕਰਨ।

# ਡੇਟਨ ਅਤੇ ਸਿਨਸਿਨਾਟੀ ਵਿਖੇ ਸਾਲਾਨਾ "ਸਿੱਖ ਯੂਥ ਸਿੰਪੋਜ਼ੀਅਮ 2026" ਦਾ ਆਯੋਜਨ





**ਓਹਾਇਓ, (ਰਾਜ ਗੋਗਨਾ/ਪੰਜਾਬ ਮੇਲ)**- ਬੀਤੇ ਦਿਨੀਂ ਅਮਰੀਕਾ ਦੇ ਓਹਾਇਓ ਸੂਬੇ ਦੇ ਸ਼ਹਿਰ ਡੇਟਨ ਅਤੇ ਸਿਨਸਿਨਾਟੀ ਵਿਖੇ ਸਿੱਖ ਨੌਜਵਾਨਾਂ ਨੇ 'ਸਿੱਖ ਯੂਥ ਅਲਾਇੰਸ ਆਫ ਨਾਰਥ ਅਮਰੀਕਾ' (ਸਿਆਨਾ) ਸੰਸਥਾ ਦੀ ਅਗਵਾਈ ਹੇਠ ਕਰਵਾਏ ਜਾਂਦੇ ਸਾਲਾਨਾ ਸਿੱਖ ਯੂਥ ਸਿੰਪੋਜ਼ੀਅਮ 2026 ਦੇ ਸਥਾਨਕ ਪੱਧਰ ਦੇ ਭਾਸ਼ਣ ਮੁਕਾਬਲਿਆਂ ਵਿਚ ਭਰਵੀਂ ਸ਼ਮੂਲੀਅਤ ਕੀਤੀ। ਸਿਨਸਿਨਾਟੀ ਅਤੇ ਡੇਟਨ ਖੇਤਰ ਦੇ ਕਨਵੀਨਰ ਸਮੀਪ ਸਿੰਘ ਗੁਮਟਾਲਾ ਅਨੁਸਾਰ ਇਹ ਸਾਲਾਨਾ ਪ੍ਰੋਗਰਾਮ ਅਮਰੀਕਾ ਅਤੇ ਕੈਨੇਡਾ ਦੇ ਵੱਖ-ਵੱਖ ਸ਼ਹਿਰਾਂ ਵਿਚ 6 ਤੋਂ 22 ਸਾਲ ਦੀ ਉਮਰ ਦੇ ਸਿੱਖ ਬੱਚਿਆਂ ਅਤੇ ਨੌਜਵਾਨਾਂ ਵਿਚ ਗੁਰਮਤਿ ਨੂੰ ਸਮਝਣ, ਵਿਚਾਰ ਕਰਨ ਅਤੇ ਭਾਸ਼ਣ ਦੀ ਕਲਾ ਨੂੰ ਉਭਾਰਨ ਦੇ ਉਦੇਸ਼ ਨਾਲ ਕਰਵਾਏ ਜਾਂਦੇ ਹਨ।

ਭਾਗ ਲੈਣ ਵਾਲੇ ਬੱਚਿਆਂ ਨੂੰ "ਉਮਰ ਅਨੁਸਾਰ ਪੰਜ ਵਰਗਾਂ ਵਿਚ ਵੰਡਿਆ ਜਾਂਦਾ ਹੈ ਅਤੇ ਹਰੇਕ ਗਰੁੱਪ ਨੂੰ ਕੁਝ ਮਹੀਨੇ ਪਹਿਲਾਂ ਇੱਕ ਕਿਤਾਬ ਅਤੇ ਤਿੰਨ ਸਵਾਲ ਦਿੱਤੇ ਜਾਂਦੇ ਹਨ। ਭਾਗੀਦਾਰ ਗੁਰਮਤਿ ਸਿਧਾਂਤਾਂ ਅਤੇ ਸਿੱਖ ਇਤਿਹਾਸ ਦੇ ਆਧਾਰ 'ਤੇ ਇਨ੍ਹਾਂ ਸਵਾਲਾਂ ਦੇ ਜਵਾਬ 5 ਤੋਂ 7 ਮਿੰਟ ਦੇ ਭਾਸ਼ਣ ਰਾਹੀਂ ਪੇਸ਼ ਕਰਦੇ ਹਨ। ਸਾਲ 2026 ਦੇ ਸਿੰਪੋਜ਼ੀਅਮ ਲਈ ਨਿਰਧਾਰਿਤ ਪਾਠਕ੍ਰਮ ਵਿਚ ਗਰੁੱਪ 1 ਲਈ "ਮਾਈ ਗੁਰੂਜ਼ ਬਲੈਸਿੰਗਜ਼ - ਬੁੱਕ 6", ਗਰੁੱਪ 2 ਲਈ "ਦੀ ਵਾਰੀਅਰ ਪ੍ਰਿੰਸੈਸ - ਪਾਰਟ 2", ਗਰੁੱਪ 3 ਲਈ "ਟੀਚਿੰਗ ਸਿੱਖ ਹੈਰੀਟੇਜ ਟੂ ਦੀ ਯੂਥ" ਅਤੇ ਗਰੁੱਪ 4 ਲਈ "ਦੀ ਮੈਸੇਜ ਆਫ ਗੁਰਬਾਣੀ" ਪੁਸਤਕਾਂ ਦਿੱਤੀਆਂ ਗਈਆਂ।

ਹਰ ਸਾਲ ਵਾਂਗ ਪ੍ਰੋਗਰਾਮ ਦੀ ਆਰੰਭਤਾ ਅਤੇ ਸਮਾਪਤੀ ਅਰਦਾਸ ਅਤੇ ਹੁਕਮਨਾਮਾ ਲੈ ਕੇ ਕੀਤੀ ਗਈ। ਪ੍ਰਤੀਯੋਗੀਆਂ ਨੇ ਬਹੁਤ ਹੀ ਆਤਮ-ਵਿਸ਼ਵਾਸ ਅਤੇ ਸਪੱਸ਼ਟਤਾ ਨਾਲ ਆਪਣੇ ਭਾਸ਼ਣ ਪੇਸ਼ ਕੀਤੇ। ਸੇਵਾਦਾਰ ਅਸੀਸ ਕੌਰ ਨੇ ਦੱਸਿਆ ਕਿ ਸਿੰਪੋਜ਼ੀਅਮ ਦੀ ਤਿਆਰੀ ਲਈ ਗੁਰਦੁਆਰਾ ਸਾਹਿਬ ਵਿਖੇ ਵਿਸ਼ੇਸ਼ ਵਰਕਸ਼ਾਪਾਂ ਲਗਾਈਆਂ ਜਾਂਦੀਆਂ ਹਨ, ਜਿੱਥੇ ਬੱਚਿਆਂ ਨੂੰ ਭਾਸ਼ਣ ਕਲਾ ਅਤੇ ਕਿਤਾਬਾਂ ਵਿਚ ਦਰਜ ਗੁਰਮਤਿ ਦੇ ਸੰਕਲਪਾਂ ਬਾਰੇ ਵਿਚਾਰ-ਵਟਾਂਦਰਾ ਕਰਨ ਦਾ ਮੌਕਾ ਮਿਲਦਾ ਹੈ। ਸਮਾਗਮ ਦੇ ਅੰਤ ਵਿਚ ਸਾਰੇ ਭਾਗੀਦਾਰਾਂ ਨੂੰ ਉਨ੍ਹਾਂ ਦੀ ਮਿਹਨਤ ਅਤੇ ਸਮਰਪਣ ਲਈ ਪੁਰਸਕਾਰ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਹੁਣ ਡੇਟਨ, ਸਿਨਸਿਨਾਟੀ, ਕੋਲੰਬਸ, ਕਲੀਵਲੈਂਡ ਅਤੇ ਪਿਟਸਬਰਗ ਦੇ ਸਥਾਨਕ ਪੱਧਰ ਦੇ ਜੇਤੂ ਅਗਲੇ ਪੜਾਅ ਵਿਚ ਹਿੱਸਾ ਲੈਣਗੇ। ਓਹਾਇਓ ਅਤੇ ਪੈਨਸਿਲਵੇਨੀਆ ਸੂਬਿਆਂ ਦਾ ਰੀਜਨਲ (ਖੇਤਰੀ) ਪੱਧਰੀ ਸਿੰਪੋਜ਼ੀਅਮ 16 ਮਈ 2026 ਨੂੰ ਸਿੱਖ ਸੁਸਾਇਟੀ ਆਫ ਡੇਟਨ ਗੁਰਦੁਆਰਾ ਸਾਹਿਬ ਵਿਖੇ ਕਰਵਾਇਆ ਜਾਵੇਗਾ, ਜਿੱਥੇ ਵੱਖ-ਵੱਖ ਸ਼ਹਿਰਾਂ ਤੋਂ ਆਏ ਭਾਗੀਦਾਰ ਸਿੱਖੀ, ਸਿੱਖ ਇਤਿਹਾਸ ਅਤੇ ਗੁਰਮਤਿ ਵਿਚਾਰਾਂ ਬਾਰੇ ਆਪਣੇ ਵਿਚਾਰ ਪੇਸ਼ ਕਰਨਗੇ।

# 18 ਲੱਖ ਡਾਲਰ ਦਾ ਜੁਰਮਾਨਾ! ਟਰੰਪ ਪ੍ਰਸ਼ਾਸਨ ਦੀ ਨਵੀਂ ਕਾਰਵਾਈ ਨਾਲ ਡਰ ਦਾ ਮਾਹੌਲ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਅਮਰੀਕਾ ਦੇ ਐਰੀਜ਼ੋਨਾ ਸੂਬੇ ਵਿਚ ਰਹਿ ਰਹੇ ਇੱਕ ਕਿਊਬਨ ਪ੍ਰਵਾਸੀ ਨੂੰ ਟਰੰਪ ਪ੍ਰਸ਼ਾਸਨ ਵੱਲੋਂ 18 ਲੱਖ ਡਾਲਰ ਤੋਂ ਵੱਧ ਦਾ ਜੁਰਮਾਨਾ ਭੇਜੇ ਜਾਣ ਮਗਰੋਂ ਪ੍ਰਵਾਸੀ ਭਾਈਚਾਰੇ ਵਿਚ ਭਾਰੀ ਚਿੰਤਾ ਪੈਦਾ ਹੋ ਗਈ ਹੈ। ਇਹ ਵਿਅਕਤੀ ਪਿਛਲੇ ਕਰੀਬ 20 ਸਾਲਾਂ ਤੋਂ ਆਪਣੇ ਪਰਿਵਾਰ ਸਮੇਤ ਅਮਰੀਕਾ ਵਿਚ ਰਹਿ ਰਿਹਾ ਹੈ ਅਤੇ ਲੈਂਡਸਕੇਪਿੰਗ ਦਾ ਕੰਮ ਕਰਦਾ ਹੈ। ਉਸ ਨੇ ਦੱਸਿਆ ਕਿ ਹੋਮਲੈਂਡ ਸਿਕਿਉਰਟੀ ਵਿਭਾਗ ਵੱਲੋਂ ਭੇਜੇ ਗਏ ਪੱਤਰ ਵਿਚ ਉਸ ਨੂੰ 1,820,252 ਡਾਲਰ ਦੀ ਰਕਮ ਭਰਨ ਲਈ ਕਿਹਾ ਗਿਆ ਹੈ।

ਪ੍ਰਵਾਸੀ ਨੇ ਕਿਹਾ ਕਿ ਇਹ ਪੱਤਰ ਵੇਖਣ ਤੋਂ ਬਾਅਦ ਉਸ ਦੀ ਨੀਂਦ ਉੱਡ ਗਈ ਹੈ ਅਤੇ ਹੁਣ ਉਹ ਹਰ ਵੇਲੇ ਡਰ ਵਿਚ ਜੀਅ ਰਹਿਆ ਹੈ। ਉਸ ਨੇ ਕਿਹਾ ਕਿ ਉਸ ਦੇ ਤਿੰਨ ਬੱਚੇ ਅਮਰੀਕੀ ਨਾਗਰਿਕ ਹਨ ਅਤੇ ਉਹ ਉਨ੍ਹਾਂ ਦੀ ਪਰਵਰਿਸ਼ ਨੂੰ ਲੈ ਕੇ ਬਹੁਤ ਚਿੰਤਤ ਹੈ। ਉਸ ਦੇ ਮੁਤਾਬਕ ਹੁਣ ਉਹ ਖੁੱਲ੍ਹੇ ਤੌਰ 'ਤੇ ਕੰਮ ਕਰਨ ਤੋਂ ਵੀ ਡਰਦਾ ਹੈ ਕਿਉਂਕਿ ਉਸ ਨੂੰ ਖ਼ਤਰਾ ਹੈ ਕਿ ਇਮੀਗ੍ਰੇਸ਼ਨ ਅਧਿਕਾਰੀ ਕਿਸੇ ਵੀ ਵੇਲੇ ਉਸ ਨੂੰ ਹਿਰਾਸਤ ਵਿਚ ਲੈ ਸਕਦੇ ਹਨ।

ਰਿਪੋਰਟਾਂ ਮੁਤਾਬਕ ਇਹ ਕੋਈ ਇਕੱਲਾ ਮਾਮਲਾ ਨਹੀਂ ਹੈ। ਟਰੰਪ ਪ੍ਰਸ਼ਾਸਨ ਨੇ ਦੇਸ਼ ਭਰ ਵਿਚ ਲਗਭਗ 65 ਹਜ਼ਾਰ ਪ੍ਰਵਾਸੀਆਂ ਨੂੰ ਇਸ ਤਰ੍ਹਾਂ ਦੇ ਨੋਟਿਸ ਭੇਜੇ ਹਨ। ਸਰਕਾਰ ਦਾ ਕਹਿਣਾ ਹੈ ਕਿ ਜਿਹੜੇ ਲੋਕ ਅਮਰੀਕਾ ਵਿਚ ਗੈਰਕਾਨੂੰਨੀ ਤੌਰ 'ਤੇ ਰਹਿ ਰਹੇ ਹਨ ਅਤੇ ਡਿਪੋਰਟ ਨਹੀਂ ਹੋ ਰਹੇ, ਉਨ੍ਹਾਂ 'ਤੇ ਪ੍ਰਤੀ ਦਿਨ ਕਰੀਬ 998 ਡਾਲਰ ਦਾ ਜੁਰਮਾਨਾ ਲਾਇਆ ਜਾ ਸਕਦਾ ਹੈ। ਪੰਜ ਸਾਲ ਤੱਕ ਇਹ ਜੁਰਮਾਨਾ ਲਗਾਤਾਰ ਲੱਗਣ ਕਾਰਨ ਰਕਮ 18 ਲੱਖ ਡਾਲਰ ਤੋਂ ਵੱਧ ਬਣ ਰਹੀ ਹੈ।

ਇਮੀਗ੍ਰੇਸ਼ਨ ਵਕੀਲਾਂ ਦਾ ਕਹਿਣਾ ਹੈ ਕਿ ਇਹ ਨੀਤੀ ਲੋਕਾਂ 'ਤੇ ਦਬਾਅ ਬਣਾਉਣ ਲਈ ਵਰਤੀ ਜਾ ਰਹੀ ਹੈ, ਤਾਂ ਜੋ ਉਹ ਖੁਦ ਹੀ ਅਮਰੀਕਾ ਛੱਡਣ ਲਈ ਮਜਬੂਰ ਹੋ ਜਾਣ। ਕਈ ਵਕੀਲਾਂ ਨੇ ਇਸ ਨੀਤੀ ਨੂੰ ਅਦਾਲਤ ਵਿਚ ਚੁਣੌਤੀ ਦਿੱਤੀ ਹੈ ਅਤੇ ਦਲੀਲ ਦਿੱਤੀ ਹੈ ਕਿ ਇਹ ਸੰਵਿਧਾਨਕ ਅਧਿਕਾਰਾਂ ਅਤੇ "ਡਿਊ ਪ੍ਰੋਸੈਸ" ਦੇ ਖ਼ਿਲਾਫ਼ ਹੈ।

ਪ੍ਰਵਾਸੀ ਨੇ ਦੱਸਿਆ ਕਿ ਉਸ ਨੂੰ ਭੇਜੇ ਗਏ ਪੱਤਰ ਵਿਚ ਕਿਹਾ ਗਿਆ ਹੈ ਕਿ ਜੇ ਉਹ ਸਰਕਾਰ ਦੇ "ਸੈਲਫ ਡਿਪੋਰਟ" ਪ੍ਰੋਗਰਾਮ ਤਹਿਤ ਦੇਸ਼ ਛੱਡ ਦੇਵੇ, ਤਾਂ ਜੁਰਮਾਨੇ ਮਾਫ਼ ਕੀਤੇ ਜਾ ਸਕਦੇ ਹਨ, ਪਰ ਉਸ ਨੂੰ ਸਰਕਾਰ 'ਤੇ ਭਰੋਸਾ ਨਹੀਂ। ਉਸ ਨੇ ਇਹ ਵੀ ਕਿਹਾ ਕਿ ਉਹ ਆਪਣੇ ਪਰਿਵਾਰ ਤੋਂ ਦੂਰ ਰਹਿ ਰਿਹਾ ਹੈ, ਤਾਂ ਜੋ ਉਨ੍ਹਾਂ ਨੂੰ ਕਿਸੇ ਛਾਪੇਮਾਰੀ ਜਾਂ ਕਾਰਵਾਈ ਦਾ ਸਾਹਮਣਾ ਨਾ ਕਰਨਾ ਪਵੇ। ਟਰੰਪ ਪ੍ਰਸ਼ਾਸਨ ਨੇ "ਪ੍ਰੋਜੈਕਟ ਹੋਮਕਮਿੰਗ" ਨਾਮ ਦੀ ਨੀਤੀ ਤਹਿਤ ਪ੍ਰਵਾਸੀਆਂ ਨੂੰ ਖੁਦ ਦੇਸ਼ ਛੱਡਣ ਲਈ ਉਤਸ਼ਾਹਿਤ ਕਰਨ ਦੀ ਯੋਜਨਾ ਬਣਾਈ ਹੈ। ਹੋਮਲੈਂਡ ਸਕਿਓਰਿਟੀ ਵਿਭਾਗ ਦਾ ਕਹਿਣਾ ਹੈ ਕਿ ਜਿਹੜੇ ਲੋਕ ਖੁਦ ਨਹੀਂ ਜਾਂਦੇ, ਉਨ੍ਹਾਂ ਨੂੰ ਜੁਰਮਾਨਿਆਂ, ਗ੍ਰਿਫ਼ਤਾਰੀ ਅਤੇ ਡਿਪੋਰਟੇਸ਼ਨ ਦਾ ਸਾਹਮਣਾ ਕਰਨਾ ਪਵੇਗਾ।


Jaspreet Singh
Attorney at Law



ਅਮਰੀਕਾ ਦੀ ਇਮੀਗ੍ਰੇਸ਼ਨ
ਰਿਫਿਊਜ਼ੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ ਵਿਆਹ,
ਐਚ.1 ਵੀਜ਼ਾ, ਲੇਬਰ ਸਰਟੀਫਿਕੇਟ ਦੇ ਕੇਸਾਂ ਲਈ
ਅਟਾਰਨੀ ਐਟ ਲਾਅ, ਨਿਊਯਾਰਕ ਅਤੇ ਕੈਲੀਫੋਰਨੀਆ

Designed By Punjab Mail USA

ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ

| SACRAMENTO | FRESNO | FREMONT | NEWYORK |
| --- | --- | --- | --- |
| 5855 Auburn Blvd, Sacramento, CA 95841, +1-916-307-4620 | 1625 E Shaw Ave #122, Fresno, CA 93726 559-271-5511 | 3155 KEARNEY ST, SUITE #248, FREMONT, CA 94538. +1-510-657-6444 | 108-14 Jamaica Ave, Richmond Hill, NY 11418 Phone: 718-533-8444 |

# ਸਿਨਸਿਨਾਟੀ ਅਤੇ ਮੇਸਨ ਸ਼ਹਿਰਾਂ ਦੀਆਂ ਨਗਰ ਕੌਂਸਲਾਂ ਨੇ ਅਪ੍ਰੈਲ ਮਹੀਨਾ 'ਸਿੱਖ ਜਾਗਰੂਕਤਾ ਮਹੀਨਾ' ਐਲਾਨਿਆ





**ਸਿਨਸਿਨਾਟੀ, (ਰਾਜ ਗੋਗਨਾ/ਪੰਜਾਬ ਮੇਲ)-** ਅਮਰੀਕਾ ਦੇ ਓਹਾਇਓ ਸੂਬੇ ਵਿਚ ਸਿੱਖ ਭਾਈਚਾਰੇ ਲਈ ਇੱਕ ਬੇਹੱਦ ਇਤਿਹਾਸਕ ਪਲ ਉਦੋਂ ਆਇਆ, ਜਦੋਂ ਸਿਨਸਿਨਾਟੀ ਅਤੇ ਨਾਲ ਲੱਗਦੇ ਸ਼ਹਿਰ ਮੇਸਨ ਦੀਆਂ ਨਗਰ ਕੌਂਸਲਾਂ ਨੇ ਅਧਿਕਾਰਤ ਤੌਰ 'ਤੇ ਅਪ੍ਰੈਲ ਮਹੀਨੇ ਨੂੰ ਹੁਣ "ਸਿੱਖ ਜਾਗਰੂਕਤਾ ਅਤੇ ਧੰਨਵਾਦ ਮਹੀਨਾ" (ਸਿੱਖ ਅਵੇਅਰਨੇਸ ਅਤੇ ਐਪਰੀਸੀਏਸ਼ਨ ਮੰਥ) ਵਜੋਂ ਮਨਾਉਣ ਦਾ ਐਲਾਨ ਕੀਤਾ ਹੈ। ਇਹ ਐਲਾਨਨਾਮੇ ਪਿਛਲੀ ਇੱਕ ਸਦੀ ਤੋਂ ਅਮਰੀਕਾ ਵੱਸਦੇ ਸਿੱਖਾਂ ਵੱਲੋਂ ਖੇਤਰ ਦੇ ਸਮਾਜਿਕ, ਸੱਭਿਆਚਾਰਕ ਅਤੇ ਆਰਥਿਕ ਵਿਕਾਸ ਵਿਚ ਪਾਏ ਗਏ ਵੱਡਮੁੱਲੇ ਯੋਗਦਾਨ ਨੂੰ ਅਧਿਕਾਰਤ ਮਾਨਤਾ ਦਿੰਦੇ ਹਨ।

ਇਸ ਮੌਕੇ 'ਤੇ ਸਥਾਨਕ ਆਗੂਆਂ ਅਤੇ ਪਰਿਵਾਰਾਂ ਸਮੇਤ ਭਾਈਚਾਰੇ ਦੇ ਮੈਂਬਰਾਂ ਨੇ ਦੋਵਾਂ ਸ਼ਹਿਰਾਂ ਦੇ ਸਿਟੀ ਹਾਲਾਂ ਵਿਚ ਇਕੱਠੇ ਹੋ ਕੇ ਸਿਨਸਿਨਾਟੀ ਦੇ ਮੇਅਰ ਆਫ਼ਤਾਬ ਪੁਰੇਵਾਲ ਅਤੇ ਮੇਸਨ ਦੇ ਮੇਅਰ ਜੋਸ਼ ਸਟਾਇਰਕੁਲਾ ਵੱਲੋਂ ਜਾਰੀ ਕੀਤੇ ਗਏ ਸਰਕਾਰੀ ਐਲਾਨਨਾਮੇ (ਪ੍ਰੋਕਲੇਮੇਸ਼ਨ) ਪ੍ਰਾਪਤ ਕੀਤੇ। ਮੇਅਰ ਪੁਰੇਵਾਲ, ਜੋ ਖੁਦ ਸਿੱਖ ਪਰਿਵਾਰ ਨਾਲ ਸਬੰਧ ਰੱਖਦੇ ਹਨ, ਵੱਲੋਂ ਦਿੱਤੀ ਗਈ ਇਸ ਮਾਨਤਾ ਦਾ ਸਿੱਖ ਭਾਈਚਾਰੇ ਵਿਚ ਵਿਸ਼ੇਸ਼ ਮਹੱਤਵ ਹੈ। ਭਾਈਚਾਰੇ ਦੇ ਨੁਮਾਇੰਦਿਆਂ ਨੇ ਮੇਅਰ ਅਤੇ ਸਿਟੀ ਕੌਂਸਲ ਦੇ ਮੈਂਬਰਾਂ ਦਾ ਇਸ ਸੁਹਿਰਦ ਕਦਮ ਲਈ ਧੰਨਵਾਦ ਕੀਤਾ। ਇਸ ਮੌਕੇ ਸਮਾਜਿਕ ਆਗੂ ਸਮੀਪ ਸਿੰਘ ਗੁਮਟਾਲਾ ਨੇ ਕਿਹਾ, "ਸਾਡੇ ਖੇਤਰ ਲਈ ਇਹ ਇੱਕ ਬਹੁਤ ਵੱਡਾ ਪਲ ਹੈ। ਸਥਾਨਕ ਸਰਕਾਰਾਂ ਵੱਲੋਂ ਅਜਿਹਾ ਕਰਨਾ ਸਾਡੀ ਨੌਜਵਾਨ ਪੀੜ੍ਹੀ ਲਈ ਅਤੇ ਸਾਡੇ ਧਰਮ ਬਾਰੇ ਵਿਆਪਕ ਜਾਗਰੂਕਤਾ ਫੈਲਾਉਣ ਲਈ ਬਹੁਤ ਜ਼ਰੂਰੀ ਹੈ। ਇਹ ਐਲਾਨਨਾਮੇ ਜਿੱਥੇ ਅਮਰੀਕਾ ਵਿਚ ਸਿੱਖਾਂ ਦੇ 125 ਸਾਲਾਂ ਦੇ ਸ਼ਾਨਦਾਰ ਇਤਿਹਾਸ ਨੂੰ ਸਲਾਮ ਕਰਦੇ ਹਨ, ਉੱਥੇ ਹੀ ਭਵਿੱਖ ਦੀਆਂ ਪੀੜ੍ਹੀਆਂ ਲਈ ਇੱਕ ਵਧੇਰੇ ਸਾਂਝੀਵਾਲਤਾ ਅਤੇ ਮਜ਼ਬੂਤ ਸਮਾਜ ਦੀ ਨੀਂਹ ਵੀ ਰੱਖਦੇ ਹਨ।

ਸਿਨਸਿਨਾਟੀ ਦੇ ਐਲਾਨਨਾਮੇ ਵਿਚ ਸਿੱਖ ਭਾਈਚਾਰੇ ਦੇ ਸਬਰ ਅਤੇ ਦਲੇਰੀ ਦੇ ਇਤਿਹਾਸਕ ਪਲਾਂ ਦਾ ਵੀ ਜ਼ਿਕਰ ਕੀਤਾ ਗਿਆ। ਇਸ ਵਿਚ 11 ਸਤੰਬਰ ਦੇ ਹਮਲਿਆਂ ਦੀ ਆਉਣ ਵਾਲੀ 25ਵੀਂ ਵਰ੍ਹੇਗੰਢ ਅਤੇ ਖਾਸ ਤੌਰ 'ਤੇ ਨਫ਼ਰਤੀ ਅਪਰਾਧ ਦਾ ਪਹਿਲਾ ਸ਼ਿਕਾਰ ਹੋਏ ਸਵਰਗੀ ਭਾਈ ਬਲਬੀਰ ਸਿੰਘ ਸੋਢੀ ਨੂੰ ਯਾਦ ਕੀਤਾ ਗਿਆ। ਇਸ ਤੋਂ ਇਲਾਵਾ ਓਕ ਕਰੀਕ ਅਤੇ ਇੰਡੀਆਨਾਪੋਲਿਸ ਵਿਖੇ ਫੈਡਐਕਸ ਗੋਲੀਬਾਰੀ ਵਰਗੇ ਦੁਖਾਂਤਕ ਹਾਦਸਿਆਂ ਦਾ ਜ਼ਿਕਰ ਕਰਦਿਆਂ ਕਿਹਾ ਗਿਆ ਕਿ ਸਿੱਖ ਭਾਈਚਾਰੇ ਨੇ ਇਨ੍ਹਾਂ ਮੁਸ਼ਕਿਲਾਂ ਦਾ ਸਾਹਮਣਾ ਹਮੇਸ਼ਾ 'ਚੜ੍ਹਦੀ ਕਲਾ' ਅਤੇ ਨਿਰਸਵਾਰਥ ਸੇਵਾ ਨਾਲ ਕੀਤਾ ਹੈ।

ਇਸ ਉਪਰਾਲੇ ਨੂੰ ਅਮਰੀਕਾ ਦੀ ਪ੍ਰਮੁੱਖ ਸਿੱਖ ਜਥੇਬੰਦੀ 'ਸਿੱਖ ਕੋਲੀਸ਼ਨ' ਦਾ ਭਰਪੂਰ ਸਹਿਯੋਗ ਮਿਲਿਆ। ਸਿੱਖ ਕੋਲੀਸ਼ਨ ਦੀ ਕਮਿਊਨਿਟੀ ਡਿਵੈਲਪਮੈਂਟ ਡਾਇਰੈਕਟਰ ਅਤੇ ਸਿਨਸਿਨਾਟੀ ਦੀ ਵਸਨੀਕ ਅਸੀਸ ਕੌਰ ਨੇ ਦੱਸਿਆ, "ਇਹ ਐਲਾਨਨਾਮਾ ਸਿਰਫ਼ ਇੱਕ ਕਾਗਜ਼ ਦਾ ਟੁਕੜਾ ਨਹੀਂ ਹੈ, ਸਗੋਂ ਇਹ ਇੱਕ ਜਨਤਕ ਐਲਾਨ ਹੈ ਕਿ ਸਿੱਖ ਭਾਈਚਾਰੇ ਨੂੰ ਅਮਰੀਕੀ ਸਮਾਜ ਵਿਚ ਦੇਖਿਆ, ਸਤਿਕਾਰਿਆ ਅਤੇ ਅਪਣਾਇਆ ਜਾ ਰਿਹਾ ਹੈ। ਖਾਸ ਕਰਕੇ ਪਹਿਲੀ ਪੀੜ੍ਹੀ ਦੇ ਪ੍ਰਵਾਸੀ ਪਰਿਵਾਰਾਂ ਲਈ, ਇਹ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਉਨ੍ਹਾਂ ਦੀ ਪਛਾਣ ਅਤੇ ਵਿਰਸਾ ਮਾਨਤਾ ਦੇ ਯੋਗ ਹੈ। ਇਹ ਮਾਨਤਾ ਸਿੱਖ ਧਰਮ ਦੇ ਬੁਨਿਆਦੀ ਸਿਧਾਂਤਾਂ 'ਸੇਵਾ' ਅਤੇ 'ਸਰਬੱਤ ਦਾ ਭਲਾ' ਨੂੰ ਦਰਸਾਉਂਦੀ ਹੈ। ਦੱਖਣ-ਪੱਛਮੀ ਓਹਾਇਓ ਖੇਤਰ, ਜਿਸ ਵਿਚ ਸਿਨਸਿਨਾਟੀ, ਮੇਸਨ, ਵੈਸਟ ਚੈਸਟਰ, ਹੈਮਿਲਟਨ, ਸਪਰਿੰਗਬੋਰੋ, ਮਿਆਮੀਸਬਰਗ ਅਤੇ ਡੇਟਨ ਵਰਗੇ ਸ਼ਹਿਰ ਸ਼ਾਮਲ ਹਨ, ਵਿਚ ਸਿੱਖ ਆਬਾਦੀ ਵਿਚ ਪਿਛਲੇ ਕੁਝ ਦਹਾਕਿਆਂ ਦੌਰਾਨ ਭਾਰੀ ਵਾਧਾ ਹੋਇਆ ਹੈ। ਖੇਤਰ ਵਿਚ ਸਥਿਤ ਤਿੰਨ ਪ੍ਰਮੁੱਖ ਗੁਰਦੁਆਰਾ ਸਾਹਿਬਾਨ ਭਾਈਚਾਰੇ ਦੇ ਮਜ਼ਬੂਤ ਕੇਂਦਰ ਵਜੋਂ ਕੰਮ ਕਰ ਰਹੇ ਹਨ, ਜਿੱਥੇ ਸਿੱਖ ਡਾਕਟਰੀ, ਇੰਜੀਨੀਅਰਿੰਗ, ਕਾਰੋਬਾਰ ਅਤੇ ਜਨਤਕ ਸੇਵਾਵਾਂ ਵਿਚ ਆਪਣਾ ਯੋਗਦਾਨ ਪਾ ਰਹੇ ਹਨ।

# ਟੈਕਸਾਸ 'ਚ 7 ਸਾਲਾ ਬੱਚੀ ਦੇ ਕਤਲ ਮਾਮਲੇ 'ਚ ਸਾਬਕਾ ਫੈਡਐਕਸ ਡਰਾਈਵਰ ਨੂੰ ਮੌਤ ਦੀ ਸਜ਼ਾ



**ਟੈਕਸਾਸ, (ਪੰਜਾਬ ਮੇਲ)-** ਅਮਰੀਕਾ ਦੇ ਟੈਕਸਾਸ ਸੂਬੇ ਵਿਚ 7 ਸਾਲਾ ਬੱਚੀ ਅਥੀਨਾ ਸਟ੍ਰੈਂਡ ਦੇ ਅਗਵਾ ਅਤੇ ਕਤਲ ਮਾਮਲੇ ਵਿਚ ਸਾਬਕਾ ਫੈਡਐਕਸ ਡਰਾਈਵਰ ਟੈਨਰ ਹੋਰਨਰ ਨੂੰ ਅਦਾਲਤ ਨੇ ਮੌਤ ਦੀ ਸਜ਼ਾ ਸੁਣਾਈ ਹੈ। ਇਹ ਦਰਦਨਾਕ ਘਟਨਾ ਸਾਲ 2022 ਵਿਚ ਉਸ ਵੇਲੇ ਵਾਪਰੀ ਸੀ, ਜਦੋਂ ਹੋਰਨਰ ਅਥੀਨਾ ਦੇ ਘਰ ਕ੍ਰਿਸਮਸ ਦਾ ਤੋਹਫ਼ਾ ਪਹੁੰਚਾਉਣ ਗਿਆ ਸੀ।

34 ਸਾਲਾ ਟੈਨਰ ਹੋਰਨਰ ਨੇ ਪਿਛਲੇ ਮਹੀਨੇ ਅਦਾਲਤ ਵਿਚ ਕਤਲ ਦਾ ਦੋਸ਼ ਕਬੂਲ ਕਰ ਲਿਆ ਸੀ। ਇਸ ਤੋਂ ਬਾਅਦ ਫੋਰਟ ਵਰਥ ਦੀ ਅਦਾਲਤ ਵਿਚ ਚੱਲੀ ਸੁਣਵਾਈ ਦੌਰਾਨ ਜੂਰੀ ਨੇ ਉਸ ਨੂੰ ਮੌਤ ਦੀ ਸਜ਼ਾ ਦੇਣ ਦਾ ਫੈਸਲਾ ਕੀਤਾ।

ਮਾਮਲੇ ਦੀ ਸੁਣਵਾਈ ਦੌਰਾਨ ਜੂਰੀ ਨੂੰ ਉਹ ਆਡੀਓ ਅਤੇ ਵੀਡੀਓ ਰਿਕਾਰਡਿੰਗ ਵੀ ਸੁਣਾਈ ਅਤੇ ਦਿਖਾਈ ਗਈ, ਜੋ ਹੋਰਨਰ ਦੀ ਡਿਲਿਵਰੀ ਵੈਨ ਦੇ ਅੰਦਰੋਂ ਮਿਲੀ ਸੀ। ਰਿਕਾਰਡਿੰਗ ਵਿਚ ਦਿਖਾਇਆ ਗਿਆ ਕਿ ਉਹ ਅਥੀਨਾ ਨੂੰ ਵੈਨ ਵਿਚ ਚੜ੍ਹਾ ਕੇ ਲੈ ਜਾਂਦਾ ਹੈ ਅਤੇ ਉਸ ਨੂੰ ਧਮਕਾਉਂਦਾ ਹੈ ਕਿ ਜੇ ਉਹ ਚੀਕੀ, ਤਾਂ ਉਹ ਉਸ ਨੂੰ ਨੁਕਸਾਨ ਪਹੁੰਚਾਏਗਾ।

ਆਡੀਓ ਵਿਚ ਬੱਚੀ ਦੀ ਡਰੀ ਹੋਈ ਆਵਾਜ਼ ਸੁਣੀ ਗਈ, ਜਿਸ ਵਿਚ ਉਹ ਆਪਣੀ ਮਾਂ ਨੂੰ ਬੁਲਾਉਂਦੀ ਹੈ ਅਤੇ ਘਰ ਜਾਣ ਦੀ ਬੇਨਤੀ ਕਰਦੀ ਹੈ। ਅਥੀਨਾ ਨੇ ਉਸ ਤੋਂ ਪੁੱਛਿਆ, "ਤੁਸੀਂ ਇਹ ਕਿਉਂ ਕਰ ਰਹੇ ਹੋ?" ਜਿਸ 'ਤੇ ਹੋਰਨਰ ਨੇ ਜਵਾਬ ਦਿੱਤਾ, "ਕਿਉਂਕਿ ਤੂੰ ਸੋਹਣੀ ਹੈਂ।"

ਰਿਕਾਰਡਿੰਗ ਦੌਰਾਨ ਬੱਚੀ ਦੀਆਂ ਚੀਖਾਂ, ਰੋਣ ਦੀਆਂ ਆਵਾਜ਼ਾਂ ਅਤੇ ਹਿੰਸਾ ਦੇ ਸੰਕੇਤ ਵੀ ਸੁਣੇ ਗਏ। ਮੈਡੀਕਲ ਜਾਂਚ ਅਨੁਸਾਰ ਅਥੀਨਾ ਦੀ ਮੌਤ ਗਲਾ ਘੁੱਟਣ, ਸਾਹ ਰੋਕਣ ਅਤੇ ਸਰੀਰ 'ਤੇ ਗੰਭੀਰ ਚੋਟਾਂ ਕਾਰਨ ਹੋਈ। ਪ੍ਰੋਸੀਕਿਊਟਰਾਂ ਨੇ ਅਦਾਲਤ ਵਿਚ ਕਿਹਾ ਕਿ ਹੋਰਨਰ ਨੇ ਜਾਂਚ ਦੌਰਾਨ ਕਈ ਝੂਠ ਬੋਲੇ। ਪਹਿਲਾਂ ਉਸ ਨੇ ਦਾਅਵਾ ਕੀਤਾ ਸੀ ਕਿ ਬੱਚੀ ਗਲਤੀ ਨਾਲ ਵੈਨ ਨਾਲ ਟਕਰਾ ਗਈ ਸੀ ਅਤੇ ਘਬਰਾਹਟ ਵਿਚ ਉਸ ਨੇ ਇਹ ਕਦਮ ਚੁੱਕਿਆ। ਪਰ ਜਾਂਚ ਅਤੇ ਸਬੂਤਾਂ ਨੇ ਉਸ ਦੇ ਦਾਅਵਿਆਂ ਨੂੰ ਝੂਠਾ ਸਾਬਤ ਕਰ ਦਿੱਤਾ। ਬਚਾਅ ਪੱਖ ਦੇ ਵਕੀਲਾਂ ਨੇ ਅਦਾਲਤ ਨੂੰ ਦੱਸਿਆ ਕਿ ਹੋਰਨਰ ਬਚਪਨ ਤੋਂ ਮਾਨਸਿਕ ਸਮੱਸਿਆਵਾਂ, ਆਟਿਜ਼ਮ ਅਤੇ ਹੋਰ ਬਿਮਾਰੀਆਂ ਨਾਲ ਪੀੜਤ ਸੀ। ਉਨ੍ਹਾਂ ਨੇ ਮੌਤ ਦੀ ਸਜ਼ਾ ਦੀ ਬਜਾਏ ਉਮਰ ਕੈਦ ਦੀ ਮੰਗ ਕੀਤੀ ਸੀ, ਪਰ ਜੂਰੀ ਨੇ ਇਹ ਦਲੀਲਾਂ ਖਾਰਜ ਕਰ ਦਿੱਤੀਆਂ। ਅਥੀਨਾ ਦੇ ਪਰਿਵਾਰ ਨੇ ਦੱਸਿਆ ਕਿ ਜਿਸ ਪੈਕੇਜ ਦੀ ਡਿਲਿਵਰੀ ਲਈ ਹੋਰਨਰ ਘਰ ਆਇਆ ਸੀ, ਉਸ ਵਿਚ ਅਥੀਨਾ ਲਈ ਬਾਰਬੀ ਗੁੱਡੀਆਂ ਦਾ ਕ੍ਰਿਸਮਸ ਤੋਹਫ਼ਾ ਸੀ।


Global Allianz

ਕਾਨੂੰਨੀ ਸਲਾਹਾਂ

LAW FIRM LLP



Atul Kapoor
C.E.O

ਇਮੀਗਰੇਸ਼ਨ ਸੇਵਾਵਾਂ
ਘਰੇਲੂ ਹਿੰਸਾ ਦੇ ਕੇਸ
ਨਸ਼ਾ ਕਰਕੇ ਗੱਡੀ ਚਲਾਉਣਾ
ਕੰਮ 'ਤੇ ਸੱਟ ਲਗਣਾ

Asylum & Deportation Defense



Neat Allen Sawyer
Attorney at law

Designed By Punjab Mail USA

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਅਮਰੀਕਾ ਵੱਲੋਂ 1.5 ਟ੍ਰਿਲੀਅਨ ਡਾਲਰ ਦਾ ਰੱਖਿਆ ਬਜਟ ਦਾ ਪ੍ਰਸਤਾਵ!

ਵਾਸ਼ਿੰਗਟਨ, (ਪੰਜਾਬ ਮੇਲ)- ਇਰਾਨ ਖਿਲਾਫ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਸ਼ੁਰੂ ਕੀਤੀ ਗਈ ਜੰਗ ਤੋਂ ਬਾਅਦ ਪਹਿਲੀ ਵਾਰ ਅਮਰੀਕੀ ਸਿਆਸਤ ਦੇ ਕੇਂਦਰ ਵਾਸ਼ਿੰਗਟਨ ਵਿਚ ਅਜਿਹਾ ਮਾਹੌਲ ਬਣਿਆ ਹੈ, ਜਿੱਥੇ ਜੰਗ ਸਿਰਫ਼ ਸਰਹੱਦਾਂ 'ਤੇ ਹੀ ਨਹੀਂ, ਸਗੋਂ ਸੰਸਦ, ਬਾਜ਼ਾਰ ਅਤੇ ਨੈਤਿਕਤਾ ਦੇ ਮੁੱਦਿਆਂ 'ਤੇ ਵੀ ਲੜੀ ਜਾ ਰਹੀ ਹੈ।

ਇਸੇ ਪਿਛੋਕੜ ਵਿਚ ਅਮਰੀਕੀ ਰੱਖਿਆ ਸਕੱਤਰ ਪੀਟ ਹੇਗਸੇਥ ਨੂੰ 'ਹਾਊਸ ਆਰਮਡ ਸਰਵਿਸਿਜ਼ ਕਮੇਟੀ' ਦੇ ਸਾਹਮਣੇ ਪੇਸ਼ ਹੋ ਕੇ ਤਿੱਖੇ ਸਵਾਲਾਂ ਦਾ ਸਾਹਮਣਾ ਕਰਨਾ ਪਿਆ। ਸੁਣਵਾਈ ਦੌਰਾਨ ਸਾਲ 2027 ਲਈ 1.5 ਟ੍ਰਿਲੀਅਨ ਡਾਲਰ ਦੇ ਰੱਖਿਆ ਬਜਟ ਦਾ ਪ੍ਰਸਤਾਵ ਰੱਖਿਆ ਗਿਆ, ਜੋ ਅਮਰੀਕੀ ਇਤਿਹਾਸ ਦਾ ਸਭ ਤੋਂ ਵੱਡਾ ਫੌਜੀ ਬਜਟ ਮੰਨਿਆ ਜਾ ਰਿਹਾ ਹੈ। ਭਾਰਤੀ ਕਰੰਸੀ ਵਿਚ ਇਹ ਰਕਮ ਲਗਭਗ 124-125 ਲੱਖ ਕਰੋੜ ਰੁਪਏ ਬਣਦੀ ਹੈ।

ਇਸ ਸੁਣਵਾਈ ਨੇ ਨਾ ਸਿਰਫ਼ ਜੰਗ ਦੀ ਦਿਸ਼ਾ ਸਗੋਂ ਅਮਰੀਕਾ ਦੀ ਵਿੱਤੀ ਪਾਰਦਰਸ਼ਤਾ ਅਤੇ ਸਿਆਸੀ ਜਵਾਬਦੇਹੀ 'ਤੇ ਵੀ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ। ਪ੍ਰਸ਼ਾਸਨ ਦਾ ਕਹਿਣਾ ਹੈ ਕਿ ਇਹ ਖਰਚਾ ਜ਼ਰੂਰੀ ਹੈ ਅਤੇ ਆਧੁਨਿਕ ਜੰਗ ਦੀਆਂ ਲੋੜਾਂ ਨੂੰ ਧਿਆਨ ਵਿਚ ਰੱਖਦੇ ਹੋਏ ਬਜਟ ਦਾ ਪੈਸਾ ਖਾਸ ਕਰਕੇ ਹੋਰਮੁਜ਼ ਸਟ੍ਰੇਟ ਅਤੇ ਹਿੰਦ ਮਹਾਸਾਗਰ ਵਰਗੇ ਰਣਨੀਤਕ ਖੇਤਰਾਂ ਵਿਚ ਡਰੋਨ ਤਕਨੀਕ, ਮਿਜ਼ਾਈਲ ਡਿਫੈਂਸ ਸਿਸਟਮ ਅਤੇ ਸਮੁੰਦਰੀ ਫੌਜ ਦੀ ਤਾਕਤ ਨੂੰ ਮਜ਼ਬੂਤ ਕਰਨ 'ਤੇ ਫੋਕਸ ਕੀਤਾ ਜਾਵੇਗਾ।

## ■ ਅਮਰੀਕੀ ਸਿਆਸਤ 'ਚ ਮਚਿਆ ਬਵਾਲ

ਇਸ ਪ੍ਰਸਤਾਵ ਨੂੰ ਲੈ ਕੇ ਅਮਰੀਕੀ ਸੰਸਦ ਵਿਚ ਤਿੱਖੀ ਬਹਿਸ ਛਿੜ ਗਈ ਹੈ। ਵਿਰੋਧੀ ਡੈਮੋਕ੍ਰੇਟਸ ਨੇ ਇਸ ਨੂੰ 'ਪਸੰਦ ਦੀ ਜੰਗ' ਦੱਸਦੇ ਹੋਏ ਇਲਜ਼ਾਮ ਲਾਇਆ ਕਿ ਇਹ ਟਕਰਾਅ ਬਿਨਾਂ ਕਿਸੇ ਸਪੱਸ਼ਟ ਸੰਸਦੀ ਮਨਜ਼ੂਰੀ ਦੇ ਸ਼ੁਰੂ ਕੀਤਾ ਗਿਆ ਸੀ। ਉਨ੍ਹਾਂ ਦਾ ਕਹਿਣਾ ਹੈ ਕਿ ਹੁਣ ਇਸ ਜੰਗ ਲਈ ਜਨਤਾ ਦੇ ਟੈਕਸ ਦਾ ਭਾਰੀ ਪੈਸਾ ਖਰਚ ਕੀਤਾ ਜਾ ਰਿਹਾ ਹੈ। ਦੂਜੇ ਪਾਸੇ, ਸਰਕਾਰ ਦਾ ਪੱਖ ਹੈ ਕਿ ਇਰਾਨ ਅਤੇ ਖੇਤਰੀ ਖ਼ਤਰਿਆਂ ਦੇ ਮੱਦੇਨਜ਼ਰ ਇਹ ਖਰਚਾ ਜ਼ਰੂਰੀ ਹੈ। ਪ੍ਰਸ਼ਾਸਨ ਦੀ ਦਲੀਲ ਹੈ ਕਿ ਰਾਸ਼ਟਰੀ ਸੁਰੱਖਿਆ ਲਈ ਮਜ਼ਬੂਤ ਫੌਜੀ ਢਾਂਚਾ ਲਾਜ਼ਮੀ ਹੈ ਅਤੇ ਇਸ ਵਿਚ ਦੇਰੀ ਜਾਂ ਕਟੌਤੀ ਜ਼ੋਖਮ ਭਰੀ ਹੋ ਸਕਦੀ ਹੈ।

ਸੁਣਵਾਈ ਦਾ ਸਭ ਤੋਂ ਨਾਟਕੀ ਪਹਿਲੂ ਉਦੋਂ ਸਾਹਮਣੇ ਆਇਆ, ਜਦੋਂ ਸੈਨੇਟਰ ਐਲਿਜ਼ਾਬੇਥ ਵਾਰੇਨ ਨੇ ਰੱਖਿਆ ਸਕੱਤਰ ਹੇਗਸੇਥ 'ਤੇ ਇਨਸਾਈਡਰ ਟ੍ਰੇਡਿੰਗ ਦੇ ਗੰਭੀਰ ਇਲਜ਼ਾਮ ਲਾਏ। ਵਾਰੇਨ ਨੇ ਤੇਲ ਬਾਜ਼ਾਰ ਵਿਚ ਹੋਏ ਸ਼ੱਕੀ ਸੌਦਿਆਂ ਵੱਲ ਇਸ਼ਾਰਾ ਕਰਦੇ ਹੋਏ ਕਿਹਾ ਕਿ ਰਾਸ਼ਟਰਪਤੀ ਟਰੰਪ ਦੇ ਜੰਗ ਸਬੰਧੀ ਐਲਾਨਾਂ ਤੋਂ ਸਿਰਫ ਕੁਝ ਮਿੰਟ ਪਹਿਲਾਂ ਵੱਡੇ ਪੱਧਰ 'ਤੇ ਟ੍ਰੇਡਿੰਗ ਹੋਈ। ਉਨ੍ਹਾਂ ਦੇ ਮੁਤਾਬਕ ਇਹ ਸੰਕੇਤ ਦਿੰਦਾ ਹੈ ਕਿ ਕਿਸੇ ਨੇ ਗੈਰ-ਜਨਤਕ ਜਾਣਕਾਰੀ ਦੀ ਵਰਤੋਂ ਕਰ ਕੇ ਭਾਰੀ ਮੁਨਾਫਾ ਕਮਾਇਆ ਹੈ।

ਹੇਗਸੇਥ ਨੇ ਤਿੱਖੇ ਅੰਦਾਜ਼ ਵਿਚ ਪੁੱਛਿਆ ਕਿ ਕੀ ਇਸ ਤੋਂ ਇਲਾਵਾ ਕੋਈ ਹੋਰ ਸਪੱਸ਼ਟੀਕਰਨ ਹੋ ਸਕਦਾ ਹੈ? ਇਸ 'ਤੇ ਹੇਗਸੇਥ ਨੇ ਸਾਫ਼ ਇਨਕਾਰ ਕਰਦਿਆਂ ਕਿਹਾ, "ਕੋਈ ਮੈਨੂੰ ਖਰੀਦ ਨਹੀਂ ਸਕਦਾ, ਸਾਡਾ ਵਿਭਾਗ ਪੂਰੀ ਤਰ੍ਹਾਂ ਪਾਰਦਰਸ਼ੀ ਤਰੀਕੇ ਨਾਲ ਕੰਮ ਕਰਦਾ ਹੈ।" ਉਨ੍ਹਾਂ ਇਹ ਵੀ ਕਿਹਾ ਕਿ ਰੱਖਿਆ ਵਿਭਾਗ ਦਾ ਧਿਆਨ ਸਿਰਫ਼ ਫੌਜੀ ਮੁਹਿੰਮਾਂ 'ਤੇ ਹੈ, ਨਾ ਕਿ ਵਿੱਤੀ ਬਾਜ਼ਾਰਾਂ 'ਤੇ।

ਬਹਿਸ ਉਸ ਸਮੇਂ ਹੋਰ ਤੇਜ਼ ਹੋ ਗਈ, ਜਦੋਂ ਇਕ ਰਿਪੋਰਟ 'ਚ ਇਹ ਦਾਅਵਾ ਕੀਤਾ ਗਿਆ ਕਿ ਹੇਗਸੇਥ ਦੇ ਇਕ ਬ੍ਰੋਕਰ ਨੇ ਜੰਗ ਸ਼ੁਰੂ ਹੋਣ ਤੋਂ ਪਹਿਲਾਂ ਬਲੈਕਰਾਕ ਰਾਹੀਂ ਲਾਕਹੀਡ ਮਾਰਟਿਨ ਅਤੇ ਨਾਰਥਰੋਪ ਗਰੁਮੈਨ ਵਰਗੀਆਂ ਰੱਖਿਆ ਕੰਪਨੀਆਂ ਨਾਲ ਜੁੜੇ ਫੰਡਾਂ ਵਿਚ ਨਿਵੇਸ਼ ਦੀ ਕੋਸ਼ਿਸ਼ ਕੀਤੀ ਸੀ। ਹਾਲਾਂਕਿ, ਪੈਂਟਾਗਨ ਨੇ ਇਸ ਰਿਪੋਰਟ ਨੂੰ ਸਿਰੇ ਤੋਂ ਖਾਰਜ ਕਰਦਿਆਂ ਇਸ ਨੂੰ ਪੂਰੀ ਤਰ੍ਹਾਂ ਝੂਠਾ ਅਤੇ ਮਨਘੜਤ ਦੱਸਿਆ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਰੱਖਿਆ ਵਿਭਾਗ ਲਈ ਹਿੱਤਾਂ ਦੇ ਟਕਰਾਅ ਨੂੰ ਰੋਕਣ ਦੇ ਸਖ਼ਤ ਨਿਯਮ ਹਨ ਅਤੇ ਉਨ੍ਹਾਂ ਦੀ ਪੂਰੀ ਤਰ੍ਹਾਂ ਪਾਲਣਾ ਕੀਤੀ ਜਾਂਦੀ ਹੈ।

ਇਸ ਪੂਰੇ ਵਿਵਾਦ ਦੇ ਵਿਚਾਲੇ ਇਕ ਹੋਰ ਮਾਮਲਾ ਸਾਹਮਣੇ ਆਇਆ ਹੈ, ਜਿਸ ਨੇ ਬਹਿਸ ਨੂੰ ਹੋਰ ਤਿੱਖਾ ਕਰ ਦਿੱਤਾ ਹੈ। ਅਮਰੀਕੀ ਫੌਜ ਦੇ ਮਾਸਟਰ ਸਾਰਜੈਂਟ ਗੈਨਨ ਕੇਨ ਵਾਨ ਡਾਇਕ 'ਤੇ ਦੋਸ਼ ਹੈ ਕਿ ਉਨ੍ਹਾਂ ਨੇ ਵੈਨੇਜ਼ੁਏਲਾ ਨਾਲ ਜੁੜੀ ਇਕ ਗੁਪਤ ਫੌਜੀ ਕਾਰਵਾਈ ਦੀ ਜਾਣਕਾਰੀ ਦੀ ਵਰਤੋਂ ਕਰ ਕੇ 'ਪ੍ਰੈਡਿਕਸ਼ਨ ਮਾਰਕੀਟ' ਵਿਚ ਸੱਟਾ ਲਾਇਆ ਅਤੇ ਲਗਭਗ 400,000 ਡਾਲਰ (3 ਕਰੋੜ 32 ਲੱਖ ਰੁਪਏ) ਦੀ ਕਮਾਈ ਕੀਤੀ। ਇਸ ਮਾਮਲੇ ਵਿਚ ਉਨ੍ਹਾਂ ਨੂੰ ਸਖ਼ਤ ਸਜ਼ਾ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਆਲੋਚਕਾਂ ਦਾ ਕਹਿਣਾ ਹੈ ਕਿ ਜਿੱਥੇ ਇਕ ਫੌਜੀ 'ਤੇ ਸਖ਼ਤ ਕਾਰਵਾਈ ਹੋ ਰਹੀ ਹੈ, ਉੱਥੇ ਹੀ ਨੇਤਾਵਾਂ ਅਤੇ ਉੱਚ ਅਧਿਕਾਰੀਆਂ ਦੇ ਮਾਮਲਿਆਂ ਵਿਚ ਓਨੀ ਸਖ਼ਤੀ ਕਿਉਂ ਨਹੀਂ ਦਿਖਦੀ। ਇਹੀ ਦੋਹਰਾ ਮਾਪਦੰਡ ਹੁਣ ਸਿਆਸੀ ਬਹਿਸ ਦਾ ਵੱਡਾ ਮੁੱਦਾ ਬਣ ਚੁੱਕਾ ਹੈ।

ਜੰਗ ਦੇ ਬਰਾਬਰ ਕੂਟਨੀਤਕ ਮੋਰਚੇ 'ਤੇ ਵੀ ਸਥਿਤੀ ਗੰਭੀਰ ਬਣੀ ਹੋਈ ਹੈ। ਇਰਾਨ ਨਾਲ ਸ਼ਾਂਤੀ ਵਾਰਤਾ ਫਿਲਹਾਲ ਠੱਪ ਨਜ਼ਰ ਆ ਰਹੀ ਹੈ। ਰਾਸ਼ਟਰਪਤੀ ਟਰੰਪ ਨੇ ਸੰਕੇਤ ਦਿੱਤੇ ਹਨ ਕਿ ਅਮਰੀਕਾ ਹੁਣ ਹੋਰ ਸਖ਼ਤ ਗੈਰ-ਪ੍ਰਮਾਣੂ ਸਮਝੌਤੇ ਦੀ ਮੰਗ ਕਰੇਗਾ, ਜਿਸ ਵਿਚ ਇਰਾਨ ਦੇ ਪ੍ਰਮਾਣੂ ਪ੍ਰੋਗਰਾਮ ਨੂੰ ਪੂਰੀ ਤਰ੍ਹਾਂ ਰੋਕਣ ਦਾ ਦਬਾਅ ਸ਼ਾਮਲ ਹੈ। ਹੋਰਮੁਜ਼ ਦੇ ਆਲੇ-ਦੁਆਲੇ ਵਧਦਾ ਤਣਾਅ ਵਿਸ਼ਵਵਿਆਪੀ ਊਰਜਾ ਸਪਲਾਈ ਅਤੇ ਖੇਤਰੀ ਸਥਿਰਤਾ ਲਈ ਵੱਡਾ ਖ਼ਤਰਾ ਮੰਨਿਆ ਜਾ ਰਿਹਾ ਹੈ, ਜਿਸ ਕਾਰਨ ਇਸ ਬਜਟ ਦੀ ਰਣਨੀਤਕ ਅਹਿਮੀਅਤ ਹੋਰ ਵੀ ਵਧ ਜਾਂਦੀ ਹੈ।

# 2028 ਦੇ ਸ਼ੁਰੂਆਤੀ ਡੈਮੋਕ੍ਰੇਟਿਕ ਉਮੀਦਵਾਰਾਂ ਦੀ ਅਗਵਾਈ ਕਰ ਰਹੀ ਹੈ ਕਮਲਾ ਹੈਰਿਸ

ਵਾਸ਼ਿੰਗਟਨ, (ਪੰਜਾਬ ਮੇਲ)- ਹਾਲ ਹੀ ਦੇ ਇੱਕ ਸਰਵੇਖਣ ਦੇ ਅਨੁਸਾਰ, ਸਾਬਕਾ ਉਪ ਰਾਸ਼ਟਰਪਤੀ ਕਮਲਾ ਹੈਰਿਸ 2028 ਦੇ ਸੰਭਾਵੀ ਡੈਮੋਕ੍ਰੇਟਿਕ ਰਾਸ਼ਟਰਪਤੀ ਪ੍ਰਾਇਮਰੀ ਚੋਣ ਦੀ ਦੌੜ ਵਿਚ ਡੈਮੋਕ੍ਰੇਟਿਕਾਂ ਵਿਚ 50 ਪ੍ਰਤੀਸ਼ਤ ਸਮਰਥਨ ਦੇ ਨਾਲ ਸਭ ਤੋਂ ਅੱਗੇ ਹੈ।



23-26 ਅਪ੍ਰੈਲ ਦੇ ਵਿਚਕਾਰ 2,745 ਰਜਿਸਟਰਡ ਵੋਟਰਾਂ ਵਿਚ ਕੀਤੇ ਗਏ ਹਾਰਵਰਡ ਸੀ.ਏ.ਪੀ.ਐੱਸ./ਹੈਰਿਸ ਸਰਵੇਖਣ ਵਿਚ ਗੈਵਿਨ ਨਿਊਸਮ ਨੂੰ 22 ਪ੍ਰਤੀਸ਼ਤ ਸਮਰਥਨ ਦੇ ਨਾਲ ਦੂਜੇ ਸਥਾਨ 'ਤੇ ਦਿਖਾਇਆ ਗਿਆ, ਉਸ ਤੋਂ ਬਾਅਦ ਜੋਸ਼ ਸ਼ਾਪੀਰੋ 9 ਪ੍ਰਤੀਸ਼ਤ, ਅਲੈਗਜ਼ੈਂਡਰੀਆ ਓਕਾਸੀਓ-ਕੋਰਟੇਜ਼ 8 ਪ੍ਰਤੀਸ਼ਤ ਦੇ ਨਾਲ ਅਤੇ ਜੇ.ਬੀ. ਪ੍ਰਿਟਜ਼ਕਰ ਲਗਭਗ 6 ਪ੍ਰਤੀਸ਼ਤ ਦੇ ਨਾਲ।

ਮਾਰਚ ਤੋਂ ਹੈਰਿਸ ਦੇ ਸਮਰਥਨ ਵਿਚ ਨੌਂ ਪ੍ਰਤੀਸ਼ਤ ਅੰਕ ਦਾ ਵਾਧਾ ਹੋਇਆ ਹੈ, ਜਿਸ ਨਾਲ ਉਸਦੀ ਲੀਡ ਹੋਰ ਵਧ ਗਈ ਹੈ। ਅਜੇ ਤੱਕ ਕਿਸੇ ਵੀ ਵੱਡੇ ਡੈਮੋਕ੍ਰੇਟਿਕ ਉਮੀਦਵਾਰ ਨੇ ਰਸਮੀ ਤੌਰ 'ਤੇ ਆਪਣੀ ਉਮੀਦਵਾਰੀ ਦਾ ਐਲਾਨ ਨਹੀਂ ਕੀਤਾ ਹੈ।

ਇਹ ਵਾਧਾ ਉਸ ਸਮੇਂ ਆਇਆ ਹੈ, ਜਦੋਂ ਹੈਰਿਸ ਨੇ ਜਨਤਕ ਤੌਰ 'ਤੇ ਸੰਕੇਤ ਦਿੱਤਾ ਹੈ ਕਿ ਉਹ ਦੁਬਾਰਾ ਵ੍ਹਾਈਟ ਹਾਊਸ ਲਈ ਚੋਣ ਲੜਨ ਬਾਰੇ ਵਿਚਾਰ ਕਰ ਰਹੀ ਹੈ। ਅਪ੍ਰੈਲ ਵਿਚ ਇੱਕ ਨੈਸ਼ਨਲ ਐਕਸ਼ਨ ਨੈੱਟਵਰਕ ਸਮਾਗਮ ਵਿਚ ਬੋਲਦਿਆਂ, ਉਸਨੇ ਕਿਹਾ ਕਿ ਉਹ 2028 ਵਿਚ ਰਾਸ਼ਟਰਪਤੀ ਲਈ ਚੋਣ ਲੜਨ ਬਾਰੇ ਵਿਚਾਰ ਕਰ ਰਹੀ ਹੈ, ਜੋ ਕਿ ਸੰਭਾਵੀ ਮੁਹਿੰਮ ਦਾ ਹੁਣ ਤੱਕ ਦਾ ਸਭ ਤੋਂ ਸਪੱਸ਼ਟ ਸੰਕੇਤ ਹੈ।

ਹੈਰਿਸ ਨੇ 2021 ਤੋਂ 2025 ਤੱਕ ਉਪ ਰਾਸ਼ਟਰਪਤੀ ਵਜੋਂ ਸੇਵਾ ਨਿਭਾਈ ਅਤੇ 2024 ਵਿਚ ਡੈਮੋਕ੍ਰੇਟਿਕ ਨਾਮਜ਼ਦ ਸੀ। ਉਹ ਜਨਤਕ ਤੌਰ 'ਤੇ ਦਿਖਾਈ ਦੇਣ ਅਤੇ ਯਾਤਰਾ ਰਾਹੀਂ ਰਾਸ਼ਟਰੀ ਪੱਧਰ 'ਤੇ ਸਰਗਰਮ ਰਹੀ ਹੈ, ਡੈਮੋਕ੍ਰੇਟਿਕ ਰਾਜਨੀਤਿਕ ਹਲਕਿਆਂ ਵਿਚ ਆਪਣੀ ਮੌਜੂਦਗੀ ਨੂੰ ਬਣਾਈ ਰੱਖਦੀ ਹੈ।

ਕਰਾਸਟੈਬ ਡੇਟਾ ਦਰਸਾਉਂਦਾ ਹੈ ਕਿ ਹੈਰਿਸ ਨੂੰ ਮੁੱਖ ਡੈਮੋਕ੍ਰੇਟਿਕ ਹਲਕਿਆਂ ਵਿਚ ਮਜ਼ਬੂਤ ਸਮਰਥਨ ਪ੍ਰਾਪਤ ਹੈ, ਜਿਸ ਵਿਚ ਕਾਲੇ ਡੈਮੋਕ੍ਰੇਟਸ ਵਿਚ 71 ਪ੍ਰਤੀਸ਼ਤ, ਹਿਸਪੈਨਿਕ ਡੈਮੋਕ੍ਰੇਟਸ ਵਿਚ 50 ਪ੍ਰਤੀਸ਼ਤ ਅਤੇ ਏਸ਼ੀਆਈ ਡੈਮੋਕ੍ਰੇਟਸ ਵਿਚ 50 ਪ੍ਰਤੀਸ਼ਤ ਸ਼ਾਮਲ ਹਨ। ਗੋਰੇ ਡੈਮੋਕ੍ਰੇਟਸ ਵਿਚ, ਉਹ 41 ਪ੍ਰਤੀਸ਼ਤ ਨਾਲ ਅੱਗੇ ਹੈ, ਜਦੋਂਕਿ ਨਿਊਸਮ ਨੂੰ 26 ਪ੍ਰਤੀਸ਼ਤ ਸਮਰਥਨ ਪ੍ਰਾਪਤ ਹੈ।




# ਅਮਰੀਕਾ ਵੱਲੋਂ ਜਰਮਨੀ ਤੋਂ 5 ਹਜ਼ਾਰ ਸੈਨਿਕਾਂ ਨੂੰ ਵਾਪਸ ਬੁਲਾਉਣ ਦੀ ਤਿਆਰੀ !

## ਟਰੰਪ ਦੀ ਧਮਕੀ ਤੋਂ ਬਾਅਦ ਪੈਂਟਾਗਨ ਦਾ ਵੱਡਾ ਫੈਸਲਾ





ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਅਗਲੇ 6 ਤੋਂ 12 ਮਹੀਨਿਆਂ ਦੇ ਅੰਦਰ ਜਰਮਨੀ ਤੋਂ ਆਪਣੇ ਲਗਭਗ 5,000 ਸੈਨਿਕਾਂ ਨੂੰ ਵਾਪਸ ਬੁਲਾਉਣ ਦੀ ਤਿਆਰੀ ਕਰ ਰਿਹਾ ਹੈ। ਪੈਂਟਾਗਨ ਵੱਲੋਂ ਦਿੱਤੀ ਗਈ ਇਸ ਜਾਣਕਾਰੀ ਅਨੁਸਾਰ, ਇਹ ਕਦਮ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਉਸ ਧਮਕੀ ਦੇ ਅਨੁਰੂਪ ਹੈ, ਜੋ ਉਨ੍ਹਾਂ ਨੇ ਈਰਾਨ ਨਾਲ ਚੱਲ ਰਹੇ ਟਕਰਾਅ ਦੌਰਾਨ ਜਰਮਨ ਨੇਤਾਵਾਂ ਨਾਲ ਮਤਭੇਦਾਂ ਕਾਰਨ ਦਿੱਤੀ ਸੀ।

ਇਸ ਫੈਸਲੇ ਦਾ ਮੁੱਖ ਕਾਰਨ ਰਾਸ਼ਟਰਪਤੀ ਟਰੰਪ ਅਤੇ ਜਰਮਨ ਚਾਂਸਲਰ ਫ੍ਰੈਡਰਿਕ ਮਰਜ਼ ਵਿਚਕਾਰ ਪੈਦਾ ਹੋਈ ਤਲਖੀ ਨੂੰ ਮੰਨਿਆ ਜਾ ਰਿਹਾ ਹੈ। ਚਾਂਸਲਰ ਮਰਜ਼ ਨੇ ਈਰਾਨ ਦੇ ਮੁੱਦੇ 'ਤੇ ਅਮਰੀਕੀ ਰਣਨੀਤੀ ਦੀ ਆਲੋਚਨਾ ਕਰਦਿਆਂ ਕਿਹਾ ਸੀ ਕਿ ਅਮਰੀਕਾ ਨੂੰ "ਅਪਮਾਨਿਤ" ਕੀਤਾ ਜਾ ਰਿਹਾ ਹੈ, ਜਿਸ ਤੋਂ ਬਾਅਦ ਟਰੰਪ ਨੇ ਨਾਟੋ ਸਹਿਯੋਗੀ ਜਰਮਨੀ ਤੋਂ ਫੌਜਾਂ ਹਟਾਉਣ ਦੀ ਚਿਤਾਵਨੀ ਦਿੱਤੀ ਸੀ।

ਪੈਂਟਾਗਨ ਦੇ ਬੁਲਾਰੇ ਸ਼ਾਨ ਪਾਰਨੇਲ ਨੇ ਸਪੱਸ਼ਟ ਕੀਤਾ ਕਿ ਇਹ ਫੈਸਲਾ ਯੂਰਪ ਵਿਚ ਵਿਭਾਗ ਦੀ ਫੌਜੀ ਸਥਿਤੀ ਦੀ ਡੂੰਘੀ ਸਮੀਖਿਆ ਤੋਂ ਬਾਅਦ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਫੈਸਲਾ ਜੰਗੀ ਖੇਤਰ ਦੀਆਂ ਲੋੜਾਂ ਅਤੇ ਜ਼ਮੀਨੀ ਹਾਲਾਤਾਂ ਨੂੰ ਧਿਆਨ ਵਿਚ ਰੱਖਦਿਆਂ ਲਿਆ ਗਿਆ ਹੈ। ਦੱਸਣਯੋਗ ਹੈ ਕਿ ਜਰਮਨੀ ਵਿਚ ਅਮਰੀਕਾ ਦੇ ਕਈ ਮਹੱਤਵਪੂਰਨ ਫੌਜੀ ਅੱਡੇ, ਰਾਮਸਟੀਨ ਏਅਰਬੇਸ ਅਤੇ ਮੈਡੀਕਲ ਸੈਂਟਰ ਮੌਜੂਦ ਹਨ।

ਜਰਮਨੀ ਦੇ ਰੱਖਿਆ ਮੰਤਰੀ ਬੋਰਿਸ ਪਿਸਟੋਰੀਅਸ ਨੇ ਕਿਹਾ ਕਿ ਇਸ ਕਦਮ ਦੀ ਉਮੀਦ ਪਹਿਲਾਂ ਹੀ ਸੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਯੂਰਪ ਅਤੇ ਖਾਸ ਕਰਕੇ ਜਰਮਨੀ ਵਿਚ ਅਮਰੀਕੀ ਫੌਜ ਦੀ ਮੌਜੂਦਗੀ ਦੋਵਾਂ ਦੇਸ਼ਾਂ ਦੇ ਹਿੱਤ ਵਿਚ ਹੈ। ਪਿਸਟੋਰੀਅਸ ਨੇ ਇਹ ਵੀ ਕਿਹਾ ਕਿ ਹੁਣ ਯੂਰਪੀ ਦੇਸ਼ਾਂ ਨੂੰ ਆਪਣੀ ਸੁਰੱਖਿਆ ਲਈ ਵਧੇਰੇ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ ਅਤੇ ਜਰਮਨੀ ਪਹਿਲਾਂ ਹੀ ਆਪਣੇ ਹਥਿਆਰਬੰਦ ਬਲਾਂ ਨੂੰ ਮਜ਼ਬੂਤ ਕਰਨ ਅਤੇ ਬੁਨਿਆਦੀ ਢਾਂਚੇ ਨੂੰ ਵਿਕਸਤ ਕਰਨ 'ਤੇ ਕੰਮ ਕਰ ਰਿਹਾ ਹੈ। ਜਰਮਨੀ ਛੱਡਣ ਵਾਲੇ ਸੈਨਿਕਾਂ ਦੀ ਗਿਣਤੀ ਉੱਥੇ ਤਾਇਨਾਤ ਕੁੱਲ 36,000 ਅਮਰੀਕੀ ਫੌਜੀਆਂ ਦਾ ਲਗਭਗ 14 ਫੀਸਦੀ ਬਣਦੀ ਹੈ।

# ਟਰੰਪ ਵੱਲੋਂ ਯੂਰਪੀ ਸੰਘ ਤੋਂ ਆਉਣ ਵਾਲੀਆਂ ਕਾਰਾਂ ਤੇ ਟਰੱਕਾਂ 'ਤੇ ਟੈਰਿਫ 'ਚ ਵਾਧਾ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਯੂਰਪੀ ਸੰਘ (ਈ.ਯੂ.) ਵਿਰੁੱਧ ਸਖ਼ਤ ਆਰਥਿਕ ਕਦਮ ਚੁੱਕਦਿਆਂ ਇੱਕ ਵੱਡਾ ਐਲਾਨ ਕੀਤਾ ਹੈ। ਰਾਸ਼ਟਰਪਤੀ ਟਰੰਪ ਨੇ ਕਿਹਾ ਹੈ ਕਿ ਅਗਲੇ ਹਫ਼ਤੇ ਤੋਂ ਯੂਰਪੀ ਸੰਘ ਤੋਂ ਅਮਰੀਕਾ ਆਉਣ ਵਾਲੀਆਂ ਕਾਰਾਂ ਅਤੇ ਟਰੱਕਾਂ 'ਤੇ ਲੱਗਣ ਵਾਲੇ ਟੈਰਿਫ (ਟੈਕਸ) ਨੂੰ ਵਧਾ ਕੇ 25 ਫੀਸਦੀ ਕਰ ਦਿੱਤਾ ਜਾਵੇਗਾ।

ਟਰੰਪ ਅਨੁਸਾਰ ਇਹ ਫੈਸਲਾ ਇਸ ਲਈ ਲਿਆ ਗਿਆ ਹੈ ਕਿਉਂਕਿ ਯੂਰਪੀ ਸੰਘ ਪਹਿਲਾਂ ਤੋਂ ਸਹਿਮਤ ਹੋਏ ਵਪਾਰਕ ਸਮਝੌਤੇ ਦੀ ਪਾਲਣਾ ਨਹੀਂ ਕਰ ਰਿਹਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਵਧੇ ਹੋਏ ਟੈਰਿਫ ਸਿਰਫ਼ ਉਨ੍ਹਾਂ ਵਾਹਨਾਂ 'ਤੇ ਲੱਗਣਗੇ ਜੋ ਬਾਹਰੋਂ ਬਣ ਕੇ ਆਉਂਦੇ ਹਨ। ਜੇਕਰ ਇਹ ਕੰਪਨੀਆਂ ਅਮਰੀਕਾ ਵਿਚ ਸਥਿਤ ਪਲਾਂਟਾਂ 'ਚ ਕਾਰਾਂ ਅਤੇ ਟਰੱਕਾਂ ਦਾ ਨਿਰਮਾਣ ਕਰਦੀਆਂ ਹਨ, ਤਾਂ ਉਨ੍ਹਾਂ 'ਤੇ ਕੋਈ ਟੈਰਿਫ ਨਹੀਂ ਲਗਾਇਆ ਜਾਵੇਗਾ।

ਰਾਸ਼ਟਰਪਤੀ ਨੇ ਦੱਸਿਆ ਕਿ ਮੌਜੂਦਾ ਸਮੇਂ ਵਿਚ ਅਮਰੀਕਾ ਵਿਚ ਕਈ ਨਵੇਂ ਆਟੋਮੋਬਾਈਲ ਪਲਾਂਟ ਉਸਾਰੀ ਅਧੀਨ ਹਨ। ਉਨ੍ਹਾਂ ਦਾਅਵਾ ਕੀਤਾ ਕਿ ਕਾਰ ਅਤੇ ਟਰੱਕ ਨਿਰਮਾਣ ਦੇ ਇਤਿਹਾਸ ਵਿਚ ਇਹ ਇੱਕ ਰਿਕਾਰਡ ਹੈ ਕਿ ਇਸ ਖੇਤਰ ਵਿਚ 100 ਅਰਬ ਡਾਲਰ ਤੋਂ ਵੱਧ ਦਾ ਨਿਵੇਸ਼ ਕੀਤਾ ਜਾ ਰਿਹਾ ਹੈ।

# ਅਮਰੀਕਾ-ਇਰਾਨ ਤਣਾਅ; ਚੀਨ ਵੱਲੋਂ ਅੰਤਰਰਾਸ਼ਟਰੀ ਭਾਈਚਾਰੇ ਨੂੰ ਜੰਗਬੰਦੀ ਕਰਵਾਉਣ ਲਈ ਅਪੀਲ

ਵਾਸ਼ਿੰਗਟਨ, (ਪੰਜਾਬ ਮੇਲ)- ਸੰਯੁਕਤ ਰਾਸ਼ਟਰ ਵਿਚ ਚੀਨ ਦੇ ਰਾਜਦੂਤ ਫੂ ਕੌਂਗ ਨੇ ਚਿਤਾਵਨੀ ਦਿੱਤੀ ਹੈ ਕਿ 'ਸਟ੍ਰੇਟ ਆਫ ਹੋਰਮੁਜ਼' ਵਿਚ ਜਾਰੀ ਨਾਕਾਬੰਦੀ ਦੁਨੀਆਂ ਭਰ ਦੀ ਆਰਥਿਕਤਾ ਲਈ ਭਿਆਨਕ ਸਾਬਿਤ ਹੋ ਰਹੀ ਹੈ। ਉਨ੍ਹਾਂ ਨੇ ਅੰਤਰਰਾਸ਼ਟਰੀ ਭਾਈਚਾਰੇ ਨੂੰ ਅਪੀਲ ਕੀਤੀ ਹੈ ਕਿ ਇਰਾਨ ਵਿਚ ਜੰਗਬੰਦੀ ਕਰਵਾਉਣਾ ਅਤੇ ਇਸ ਅਹਿਮ ਸਮੁੰਦਰੀ ਰਸਤੇ ਨੂੰ ਖੋਲ੍ਹਣਾ ਇਸ ਸਮੇਂ ਦੁਨੀਆਂ ਦਾ ਸਭ ਤੋਂ ਜ਼ਰੂਰੀ ਮੁੱਦਾ ਹੋਣਾ ਚਾਹੀਦਾ ਹੈ।

ਚੀਨੀ ਦੂਤ ਨੇ ਕਿਹਾ ਕਿ ਜੇਕਰ ਹੋਰਮੁਜ਼ ਨੂੰ ਜਲਦੀ ਨਾ ਖੋਲ੍ਹਿਆ ਗਿਆ, ਤਾਂ ਦੁਨੀਆਂ ਭਰ ਵਿਚ ਤੇਲ, ਗੈਸ ਅਤੇ ਖਾਦਾਂ ਦੀ ਸਪਲਾਈ ਪੂਰੀ ਤਰ੍ਹਾਂ ਪ੍ਰਭਾਵਿਤ ਹੋਵੇਗੀ, ਜਿਸ ਨਾਲ ਕਰੋੜਾਂ ਲੋਕ ਗਰੀਬੀ ਅਤੇ ਭੁੱਖਮਰੀ ਦੀ ਲਪੇਟ ਵਿਚ ਆ ਸਕਦੇ ਹਨ। ਫੂ ਕੌਂਗ ਨੇ ਦੱਸਿਆ ਕਿ ਚੀਨ ਦੇ ਵਿਦੇਸ਼ ਮੰਤਰੀ ਵਾਂਗ ਯੀ ਲਗਾਤਾਰ ਸਾਰੀਆਂ ਧਿਰਾਂ ਨਾਲ ਸੰਪਰਕ ਵਿਚ ਹਨ। ਚੀਨ ਇਸ ਸੰਕਟ ਨੂੰ ਸੁਲਝਾਉਣ ਲਈ ਪਾਕਿਸਤਾਨ ਵੱਲੋਂ ਕੀਤੀਆਂ ਜਾ ਰਹੀਆਂ ਵਿਚੋਲਗੀ ਦੀਆਂ ਕੋਸ਼ਿਸ਼ਾਂ ਦਾ ਵੀ ਸਮਰਥਨ ਕਰ ਰਿਹਾ ਹੈ। ਇਸ ਦੌਰਾਨ ਚੀਨ ਨੇ ਅਮਰੀਕਾ ਤੇ ਇਰਾਨ ਨੂੰ ਗੱਲਬਾਤ ਰਾਹੀਂ ਮਸਲਾ ਸੁਲਝਾਉਣ ਅਤੇ ਦੁਨੀਆਂ ਭਰ 'ਚ ਸ਼ਾਂਤੀ ਲਈ ਹੋਰਮੁਜ਼ ਤੋਂ ਆਪਣੀ ਨਾਕਾਬੰਦੀ ਹਟਾਉਣ ਦੀ ਅਪੀਲ ਕੀਤੀ ਹੈ।

ਇਸ ਤੋਂ ਪਹਿਲਾਂ ਵੀ ਚੀਨ ਨੇ ਅਮਰੀਕਾ ਵੱਲੋਂ ਇਰਾਨੀ ਬੰਦਰਗਾਹਾਂ ਦੀ ਕੀਤੀ ਗਈ ਨਾਕਾਬੰਦੀ ਨੂੰ ਖ਼ਤਰਨਾਕ ਦੱਸਿਆ ਸੀ। ਚੀਨ ਦਾ ਮੰਨਣਾ ਹੈ ਕਿ ਸਿਰਫ਼ ਮੁਕੰਮਲ ਜੰਗਬੰਦੀ ਹੀ ਇਸ ਤਣਾਅਪੂਰਨ ਸਥਿਤੀ ਨੂੰ ਸੁਧਾਰ ਸਕਦੀ ਹੈ। 'ਸਟਰੇਟ ਆਫ ਹੋਰਮੁਜ਼' ਦੁਨੀਆਂ ਦਾ ਸਭ ਤੋਂ ਮਹੱਤਵਪੂਰਨ ਤੇਲ ਮਾਰਗ (ਚੈੱਕਪੁਆਇੰਟ) ਹੈ।

ਜ਼ਿਕਰਯੋਗ ਹੈ ਕਿ ਦੁਨੀਆਂ ਦਾ ਲਗਭਗ 20 ਫੀਸਦੀ ਤੇਲ ਇਸੇ ਰਸਤੇ ਰਾਹੀਂ ਸਪਲਾਈ ਹੁੰਦਾ ਹੈ। ਫਰਵਰੀ 2026 ਤੋਂ ਬਾਅਦ ਇਸ ਰਸਤੇ 'ਤੇ ਹੋਈਆਂ ਹਿੰਸਕ ਘਟਨਾਵਾਂ ਕਾਰਨ ਸਮੁੰਦਰੀ ਆਵਾਜਾਈ ਵਿਚ 90 ਫੀਸਦੀ ਦੀ ਗਿਰਾਵਟ ਆਈ ਹੈ। ਯੂ.ਐੱਨ. ਸਕੱਤਰ-ਜਨਰਲ ਐਂਟੋਨੀਓ ਗੁਟੇਰੇਸ ਨੇ ਵੀ ਕਿਹਾ ਹੈ ਕਿ ਜੇਕਰ ਇਹ ਨਾਕਾਬੰਦੀ ਜਾਰੀ ਰਹੀ, ਤਾਂ ਵਿਸ਼ਵ ਵਿਕਾਸ ਦਰ 3.4 ਫ਼ੀਸਦੀ ਤੋਂ ਡਿੱਗ ਕੇ 2 ਫ਼ੀਸਦੀ ਰਹਿ ਸਕਦੀ ਹੈ ਅਤੇ ਮਹਿੰਗਾਈ 6 ਫ਼ੀਸਦੀ ਤੋਂ ਉੱਪਰ ਜਾ ਸਕਦੀ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**




# ਸੈਨੇਟ ਕਮੇਟੀ ਵੱਲੋਂ ਕੇਵਿਨ ਵਾਰਸ਼ ਦੀ ਫੈਡਰਲ ਰਿਜ਼ਰਵ ਮੁਖੀ ਵਜੋਂ ਨਿਯੁਕਤੀ ਨੂੰ ਮਨਜ਼ੂਰੀ

## ਜੇ ਪਾਵੇਲ ਦੀ ਹੋਵੇਗੀ ਛੁੱਟੀ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਸੈਨੇਟ ਦੀ ਇੱਕ ਪ੍ਰਮੁੱਖ ਕਮੇਟੀ ਨੇ ਕੇਵਿਨ ਵਾਰਸ਼ ਦੀ ਫੈੱਡਰਲ ਰਿਜ਼ਰਵ (ਅਮਰੀਕਾ ਦਾ ਕੇਂਦਰੀ ਬੈਂਕ) ਦੇ ਅਗਲੇ ਚੇਅਰਮੈਨ ਵਜੋਂ ਨਾਮਜ਼ਦਗੀ ਨੂੰ ਮਨਜ਼ੂਰੀ ਦੇ ਦਿੱਤੀ ਹੈ। ਬੈਂਕਿੰਗ ਕਮੇਟੀ ਵਿਚ ਹੋਈ ਵੋਟਿੰਗ ਦੌਰਾਨ ਵਾਰਸ਼ ਦੇ ਪੱਖ 'ਚ 13 ਅਤੇ ਵਿਰੋਧ 'ਚ 11 ਵੋਟਾਂ ਪਈਆਂ। ਹੁਣ ਇਸ ਨਿਯੁਕਤੀ 'ਤੇ ਅੰਤਿਮ ਫੈਸਲੇ ਲਈ ਪੂਰੀ ਸੈਨੇਟ 'ਚ ਵੋਟਿੰਗ ਹੋਵੇਗੀ, ਜਿੱਥੇ ਰਿਪਬਲਿਕਨਾਂ ਦੇ ਬਹੁਮਤ ਕਾਰਨ ਉਨ੍ਹਾਂ ਦੀ ਜਿੱਤ ਲਗਭਗ ਤੈਅ ਮੰਨੀ ਜਾ ਰਹੀ ਹੈ।

ਵਾਰਸ਼ ਦੀ ਨਾਮਜ਼ਦਗੀ ਪਿਛਲੇ ਕੁਝ ਸਮੇਂ ਤੋਂ ਰੁਕੀ ਹੋਈ ਸੀ ਕਿਉਂਕਿ ਉੱਤਰੀ ਕੈਰੋਲੀਨਾ ਦੇ ਰਿਪਬਲਿਕਨ ਸੈਨੇਟਰ ਥੌਮ ਟਿਲਿਸ ਨੇ ਇਸ ਦਾ ਵਿਰੋਧ ਕੀਤਾ ਸੀ। ਟਿਲਿਸ ਦੀ ਸ਼ਰਤ ਸੀ ਕਿ ਜਦੋਂ ਤੱਕ ਮੌਜੂਦਾ ਫੈੱਡਰਲ ਰਿਜ਼ਰਵ ਮੁਖੀ ਜੇ ਪਾਵੇਲ ਵਿਰੁੱਧ ਚੱਲ ਰਹੀ ਅਪਰਾਧਿਕ ਜਾਂਚ ਬੰਦ ਨਹੀਂ ਹੁੰਦੀ, ਉਹ ਵਾਰਸ਼ ਦਾ ਸਮਰਥਨ ਨਹੀਂ ਕਰਨਗੇ। ਬੀਤੇ ਹਫ਼ਤੇ ਅਮਰੀਕੀ ਨਿਆਂ ਵਿਭਾਗ ਵੱਲੋਂ ਇਸ ਜਾਂਚ ਨੂੰ ਵਾਪਸ ਲੈਣ ਅਤੇ ਕੇਸ ਨੂੰ ਫੈੱਡਰਲ ਰਿਜ਼ਰਵ ਦੇ ਇੰਸਪੈਕਟਰ ਜਨਰਲ ਨੂੰ ਸੌਂਪਣ ਤੋਂ



ਬਾਅਦ ਟਿਲਿਸ ਨੇ ਆਪਣਾ ਵਿਰੋਧ ਵਾਪਸ ਲੈ ਲਿਆ, ਜਿਸ ਨਾਲ ਵਾਰਸ਼ ਲਈ ਰਾਹ ਪੱਧਰਾ ਹੋ ਗਿਆ।

ਡੈਮੋਕਰੇਟਿਕ ਪਾਰਟੀ ਨੇ ਵਾਰਸ਼ ਦੀ ਨਿਯੁਕਤੀ ਦਾ ਸਖ਼ਤ ਵਿਰੋਧ ਕੀਤਾ ਹੈ। ਸੀਨੀਅਰ ਸੈਨੇਟਰ ਐਲਿਜ਼ਾਬੈਥ ਵਾਰਨ ਨੇ ਦੋਸ਼ ਲਾਇਆ ਕਿ ਵਾਰਸ਼ ਰਾਸ਼ਟਰਪਤੀ ਟਰੰਪ ਦੇ ਹੱਥਾਂ ਦੀ "ਕਠਪੁਤਲੀ" ਵਜੋਂ ਕੰਮ ਕਰਨਗੇ। ਡੈਮੋਕਰੇਟਸ ਦਾ ਮੰਨਣਾ ਹੈ ਕਿ ਟਰੰਪ ਫੈਡਰਲ ਰਿਜ਼ਰਵ ਦੀ ਸੁਤੰਤਰਤਾ ਨੂੰ ਖਤਮ ਕਰ ਕੇ ਆਪਣੀ ਮਰਜ਼ੀ ਅਨੁਸਾਰ ਫੈਸਲੇ ਕਰਵਾਉਣਾ ਚਾਹੁੰਦੇ ਹਨ।

ਆਪਣੀ ਸੁਣਵਾਈ ਦੌਰਾਨ ਵਾਰਸ਼ ਨੇ ਕਿਹਾ ਕਿ ਰਾਸ਼ਟਰਪਤੀ ਟਰੰਪ ਨੇ ਉਨ੍ਹਾਂ ਨੂੰ ਕਦੇ ਵੀ ਵਿਆਜ ਦਰਾਂ ਬਾਰੇ ਕੋਈ ਪਹਿਲਾਂ ਤੋਂ ਤੈਅ ਫੈਸਲਾ ਲੈਣ ਲਈ ਨਹੀਂ ਕਿਹਾ। ਹਾਲਾਂਕਿ, ਜਦੋਂ ਉਨ੍ਹਾਂ ਤੋਂ 2020 ਦੀਆਂ ਚੋਣਾਂ 'ਚ ਟਰੰਪ ਦੀ ਹਾਰ ਬਾਰੇ ਪੁੱਛਿਆ ਗਿਆ, ਤਾਂ ਉਨ੍ਹਾਂ ਨੇ ਸਿੱਧਾ ਜਵਾਬ ਦੇਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਉਹ ਰਾਜਨੀਤੀ ਨੂੰ ਫੈਡਰਲ ਰਿਜ਼ਰਵ ਤੋਂ ਦੂਰ ਰੱਖਣਾ ਚਾਹੁੰਦੇ ਹਨ। ਦੱਸਣਯੋਗ ਹੈ ਕਿ ਟਰੰਪ ਲਗਾਤਾਰ ਵਿਆਜ ਦਰਾਂ ਘਟਾਉਣ ਦੀ ਮੰਗ ਕਰ ਰਹੇ ਹਨ।

ਮੌਜੂਦਾ ਚੇਅਰਮੈਨ ਜੇ ਪਾਵੇਲ ਦਾ ਕਾਰਜਕਾਲ 15 ਮਈ ਨੂੰ ਖਤਮ ਹੋ ਰਿਹਾ ਹੈ। ਹਾਲਾਂਕਿ ਉਨ੍ਹਾਂ ਕੋਲ 2028 ਤੱਕ ਬੈਂਕ ਦੇ ਗਵਰਨਰ ਵਜੋਂ ਬਣੇ ਰਹਿਣ ਦਾ ਬਦਲ ਮੌਜੂਦ ਹੈ, ਪਰ ਆਮ ਤੌਰ 'ਤੇ ਅਹੁਦਾ ਛੱਡਣ ਤੋਂ ਬਾਅਦ ਚੇਅਰਮੈਨ ਬੈਂਕ ਤੋਂ ਵਿਦਾ ਲੈ ਲੈਂਦੇ ਹਨ। ਦੂਜੇ ਪਾਸੇ, ਟਰੰਪ ਪ੍ਰਸ਼ਾਸਨ ਨੇ ਫੈੱਡਰਲ ਗਵਰਨਰ ਲੀਜ਼ਾ ਕੁੱਕ ਨੂੰ ਵੀ ਹਟਾਉਣ ਦੀ ਕੋਸ਼ਿਸ਼ ਕੀਤੀ ਹੈ, ਜਿਸ ਦਾ ਮਾਮਲਾ ਸੁਪਰੀਮ ਕੋਰਟ 'ਚ ਵਿਚਾਰ ਅਧੀਨ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

## ਸੁਪਰੀਮ ਕੋਰਟ ਵੱਲੋਂ ਦੁਬਈ 'ਚ ਫਸੇ ਭਾਰਤੀ ਨੂੰ ਰਾਹਤ ਦੇਣ ਤੋਂ ਇਨਕਾਰ

**ਨਵੀਂ ਦਿੱਲੀ, (ਪੰਜਾਬ ਮੇਲ)-** ਸੁਪਰੀਮ ਕੋਰਟ ਨੇ ਦੁਬਈ ਵਿਚ ਰਹਿ ਰਹੇ ਇੱਕ ਭਾਰਤੀ ਨਾਗਰਿਕ ਆਸਿਫ਼ ਆਜ਼ਾਦ ਦੀ ਉਸ ਪਟੀਸ਼ਨ 'ਤੇ ਕੋਈ ਵੀ ਰਾਹਤ ਦੇਣ ਤੋਂ ਇਨਕਾਰ ਕਰ ਦਿੱਤਾ ਹੈ, ਜਿਸ ਵਿਚ ਉਸ ਨੇ ਦੁਬਈ ਅਧਿਕਾਰੀਆਂ ਵੱਲੋਂ ਪ੍ਰੇਸ਼ਾਨ ਕੀਤੇ ਜਾਣ ਅਤੇ ਉਸ ਦੀ ਯਾਤਰਾ 'ਤੇ ਪਾਬੰਦੀ ਲਗਾਉਣ ਦੀ ਸ਼ਿਕਾਇਤ ਕੀਤੀ। ਚੀਫ਼ ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਬਾਗਚੀ ਦੇ ਬੈਂਚ ਨੇ ਪਟੀਸ਼ਨਰ ਨੂੰ ਭਾਰਤੀ ਦੂਤਾਵਾਸ ਨਾਲ ਸੰਪਰਕ ਕਰਨ ਦੇ ਨਿਰਦੇਸ਼ ਦਿੱਤੇ ਹਨ।

MATRIMONIAL

Jatt Sikh, Chatha, Age 33yrs, height 6'-1", American born boy, Fully family values known, Gursikh Lawyer boy, working in Los Angeles county as Lawyer supervisor, looking for an educated & beautiful girl in California.
for more information Contact at : 818-645-9810
895

# ਨਿਊਜ਼ੀਲੈਂਡ ਵੱਲੋਂ ਇਮੀਗ੍ਰੇਸ਼ਨ ਨਿਯਮਾਂ 'ਚ ਸਖਤੀ

**ਆਕਲੈਂਡ, (ਪੰਜਾਬ ਮੇਲ)-** ਨਿਊਜ਼ੀਲੈਂਡ ਸਰਕਾਰ ਨੇ ਆਪਣੀ ਇਮੀਗ੍ਰੇਸ਼ਨ ਨੀਤੀ ਵਿਚ ਮਹੱਤਵਪੂਰਨ ਬਦਲਾਅ ਕੀਤੇ ਹਨ ਅਤੇ ਇਸਦਾ ਪ੍ਰਭਾਵ ਭਾਰਤੀਆਂ, ਖਾਸ ਕਰਕੇ ਪੰਜਾਬ ਦੇ ਲੋਕਾਂ 'ਤੇ ਵੱਧ ਰਿਹਾ ਹੈ। ਨਵੇਂ ਨਿਯਮਾਂ ਦੇ ਤਹਿਤ ਵੀਜ਼ਾ ਫੀਸਾਂ ਵਿਚ ਵਾਧਾ ਕੀਤਾ ਗਿਆ ਹੈ ਅਤੇ ਬਿਨੈਕਾਰਾਂ ਨੂੰ ਹੁਣ ਆਪਣੇ ਬੈਂਕ ਖਾਤਿਆਂ ਵਿਚ 11.20 ਲੱਖ ਡਾਲਰ ਦੇ ਫੰਡ ਦਾ ਸਬੂਤ ਦਿਖਾਉਣਾ ਪਵੇਗਾ। ਇਸ ਤੋਂ ਇਲਾਵਾ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਸਿਰਫ ਇੱਕ ਵਾਰ ਵਰਕ ਪਰਮਿਟ ਦਿੱਤਾ ਜਾਵੇਗਾ।ਅੱਪਡੇਟ ਕੀਤੀ ਗਈ ਨੀਤੀ ਸਾਰੇ ਵਰਗਾਂ ਦੇ ਕਾਮਿਆਂ ਲਈ ਅੰਗਰੇਜ਼ੀ ਭਾਸ਼ਾ ਦਾ ਟੈਸਟ ਵੀ ਲਾਜ਼ਮੀ ਬਣਾਉਂਦੀ ਹੈ। ਸਫਾਈ ਸੇਵਕਾਂ, ਫੈਕਟਰੀ ਕਾਮਿਆਂ ਅਤੇ ਡਰਾਈਵਰਾਂ ਵਰਗੀਆਂ ਨੌਕਰੀਆਂ ਲਈ ਬਿਨੈਕਾਰਾਂ ਨੂੰ ਵੀ ਹੁਣ ਅੰਗਰੇਜ਼ੀ ਮੁਹਾਰਤ ਟੈਸਟ ਪਾਸ ਕਰਨਾ ਲਾਜ਼ਮੀ ਹੈ। ਅਧਿਕਾਰੀਆਂ ਨੇ ਸਰਪ੍ਰਾਈਜ਼ ਇੰਟਰਵਿਊ ਵੀ ਸ਼ੁਰੂ ਕੀਤੇ ਹਨ ਅਤੇ ਉਨ੍ਹਾਂ ਨੂੰ ਪਾਸ ਕਰਨ ਵਿਚ ਅਸਫਲ ਰਹਿਣ ਨਾਲ ਤੁਰੰਤ ਦੇਸ਼ ਨਿਕਾਲਾ ਹੋ ਸਕਦਾ ਹੈ।ਰਿਪੋਰਟਾਂ ਦਰਸਾਉਂਦੀਆਂ ਹਨ ਕਿ ਇੱਕ ਹਫ਼ਤੇ ਦੇ ਅੰਦਰ ਪੰਜਾਬ ਦੇ ਘੱਟੋ-ਘੱਟ ਦੋ ਵਿਅਕਤੀਆਂ ਨੂੰ ਨਵੇਂ ਨਿਯਮਾਂ ਦੇ ਤਹਿਤ ਦੇਸ਼ ਵਿਚ ਦਾਖਲ ਹੋਣ ਵਿਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਇਹ ਵੀ ਖੁਲਾਸਾ ਹੋਇਆ ਹੈ ਕਿ ਲਗਭਗ 42% ਵਿਦਿਆਰਥੀ ਵੀਜ਼ਾ ਹਾਲ ਹੀ ਵਿਚ ਰੱਦ ਕੀਤੇ ਗਏ ਹਨ। ਇੱਕ ਰਿਪੋਰਟ ਦੇ ਅਨੁਸਾਰ 2026 ਵਿਚ ਪਰਮਿਟ ਅਰਜ਼ੀਆਂ ਵੀ ਧੜਾ-ਧੜ ਰੱਦ ਕੀਤੀਆਂ ਜਾ ਰਹੀਆਂ ਹਨ। ਲਗਭਗ 30-40% ਭਾਰਤੀ ਬਿਨੈਕਾਰਾਂ ਨੂੰ ਰੱਦ ਕਰਨ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹਰ ਸਾਲ ਪੰਜਾਬ ਤੋਂ ਲਗਭਗ 10,000 ਵਿਦਿਆਰਥੀ ਸਟੱਡੀ ਵੀਜ਼ਾ 'ਤੇ ਨਿਊਜ਼ੀਲੈਂਡ ਜਾਂਦੇ ਹਨ, ਜਿਸ ਨਾਲ ਨਵੇਂ ਨਿਯਮ ਚਾਹਵਾਨ ਪ੍ਰਵਾਸੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਚਿੰਤਾ ਦਾ ਵਿਸ਼ਾ ਬਣ ਜਾਂਦੇ ਹਨ।ਨਿਊਜ਼ੀਲੈਂਡ ਸਰਕਾਰ ਵੱਲੋਂ ਵਰਕ ਵੀਜ਼ਾ ਲਈ ਤੈਅ ਕੀਤੀ ਉਜਰਤ ਦਰ ਵੱਡੇ ਅੜਿੱਕੇ ਪੈਦਾ ਕਰ ਰਹੀ ਹੈ, ਜਿਸ ਤਹਿਤ ਇੰਪਲੌਇਰ 35 ਡਾਲਰ ਪ੍ਰਤੀ ਘੰਟਾ ਅਦਾਇਗੀ ਕਰਨ ਲਈ ਪਾਬੰਦ ਕੀਤੇ ਗਏ ਹਨ। ਐਨਾ ਜ਼ਿਆਦਾ ਮਿਹਨਤਾਨਾ ਅਦਾ ਕਰਨਾ ਕਈ ਕੰਪਨੀਆਂ ਲਈ ਸੰਭਵ ਹੈ ਅਤੇ ਜਿਹੜੀਆਂ ਕੰਪਨੀਆਂ 35 ਡਾਲਰ ਪ੍ਰਤੀ ਘੰਟਾ ਮਿਹਨਤਾਨੇ ਦੀ ਪੇਸ਼ਕਸ਼ ਕਰ ਰਹੀਆਂ ਹਨ, ਉਨ੍ਹਾਂ ਦੇ ਵਿੱਤੀ ਰਿਕਾਰਡ ਫਰੋਲੇ ਜਾ ਰਹੇ ਹਨ। ਪੜਤਾਲ ਦੌਰਾਨ ਕੰਪਨੀ ਦੀ ਵਿੱਤੀ ਹਾਲਤ ਮਜ਼ਬੂਤ ਨਾ ਹੋਈ, ਤਾਂ ਵੀਜ਼ਾ ਅਰਜ਼ੀਆਂ ਰੱਦ ਕਰ ਦਿਤੀਆਂ ਜਾਣਗੀਆਂ।



# ਰਿਚਮੰਡ ਹਿੱਲ ਇਲਾਕੇ ’ਚ ਪੰਜਾਬੀ ਨੌਜਵਾਨਾਂ ਦੀਆਂ ਦੋ ਧਿਰਾਂ ਵਿਚਾਲੇ ਹਿੰਸਕ ਝੜਪ

**■ ਪੁਲਿਸ ਨੇ ਕੀਤਾ ਗ੍ਰਿਫ਼ਤਾਰ; ਹੁਣ ਕੀਤਾ ਜਾਵੇਗਾ ਡਿਪੋਰਟ**



ਨਿਊਯਾਰਕ, (ਪੰਜਾਬ ਮੇਲ)- ਅਮਰੀਕਾ ਦੇ ਨਿਊਯਾਰਕ ਸ਼ਹਿਰ ਵਿਚ ਪੰਜਾਬੀਆਂ ਦਾ ਗੜ੍ਹ ਮੰਨੇ ਜਾਂਦੇ ਰਿਚਮੰਡ ਹਿੱਲ ਇਲਾਕੇ ਵਿਚ ਪੰਜਾਬੀ ਨੌਜਵਾਨਾਂ ਦੀਆਂ ਦੋ ਧਿਰਾਂ ਵਿਚਾਲੇ ਹਿੰਸਕ ਝੜਪ ਹੋ ਗਈ, ਜਿਸ ਦੀ ਵੀਡੀਓ ਸੋਸ਼ਲ ਮੀਡੀਆ ’ਤੇ ਤੇਜ਼ੀ ਨਾਲ ਵਾਇਰਲ ਹੋ ਗਈ। ਇਸ ਝਗੜੇ ਵਿਚ ਨੌਜਵਾਨਾਂ ਨੇ ਇਕ ਦੂਜੇ ’ਤੇ ਸ਼ਰੇਆਮ ਹਥਿਆਰਾਂ ਅਤੇ ਡੰਡਿਆਂ ਨਾਲ ਹਮਲਾ ਕੀਤਾ, ਜਿਸ ਕਾਰਨ ਇਲਾਕੇ ਵਿਚ ਦਹਿਸ਼ਤ ਦਾ ਮਾਹੌਲ ਬਣ ਗਿਆ।

ਮਿਲੀ ਜਾਣਕਾਰੀ ਅਨੁਸਾਰ ਇਹ ਘਟਨਾ ਰਿਚਮੰਡ ਹਿੱਲ ਦੀ 101 ਸਟ੍ਰੀਟ ’ਤੇ ਵਾਪਰੀ। ਦੱਸਿਆ ਜਾ ਰਿਹਾ ਹੈ ਕਿ ਦੋਵਾਂ ਧਿਰਾਂ ਵਿਚਾਲੇ ਗੱਡੀਆਂ ਦੇ ਹਾਰਨ ਵਜਾਉਣ ਨੂੰ ਲੈ ਕੇ ਮਾਮੂਲੀ ਬਹਿਸ ਹੋਈ ਸੀ, ਜੋ ਕਿ ਛੇਤੀ ਹੀ ਝੜਪ ’ਚ ਬਦਲ ਗਈ ਤੇ 4 ਪੰਜਾਬੀ ਨੌਜਵਾਨ ਗਲੀ ਦੇ ਵਿਚਾਲੇ ਹੀ ਇੱਕ-ਦੂਜੇ ਨਾਲ ਭਿੜ ਗਏ। ਝਗੜੇ ਦੌਰਾਨ ਇੱਕ ਨੌਜਵਾਨ ਨੇ ਦੂਜੇ ’ਤੇ ਕੜੇ ਅਤੇ ਡੰਡਿਆਂ ਨਾਲ ਹਮਲਾ ਕੀਤਾ। ਇਸ ਹਮਲੇ ਵਿਚ ਇੱਕ ਨੌਜਵਾਨ ਗੰਭੀਰ ਜ਼ਖ਼ਮੀ ਹੋ ਗਿਆ ਅਤੇ ਉਸ ਦੇ ਸਿਰ ’ਚ ਕਾਫ਼ੀ ਡੂੰਘੀ ਸੱਟ ਲੱਗੀ।

ਇਸ ਘਟਨਾ ਦੀ ਜਾਣਕਾਰੀ ਮਿਲਦਿਆਂ ਹੀ ਪੁਲਿਸ ਟੀਮ ਮੌਕੇ ’ਤੇ ਪਹੁੰਚੀ ਤੇ ਚਾਰਾਂ ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਦੱਸਿਆ ਜਾ ਰਿਹਾ ਹੈ ਕਿ ਇਨ੍ਹਾਂ ਨੌਜਵਾਨਾਂ ਦਾ ਵਰਕ ਪਰਮਿਟ ਖ਼ਤਮ ਹੋ ਗਿਆ ਸੀ ਤੇ ਇਨ੍ਹਾਂ ਨੇ ਹੁਣ ਇਨ੍ਹਾਂ ਨੇ ਇੱਥੇ ਅਸਾਈਲਮ ਲਈ ਅਪਲਾਈ ਕੀਤਾ ਹੋਇਆ ਸੀ। ਪਰ ਹੁਣ ਇਸ ਘਟਨਾ ਤੋਂ ਬਾਅਦ ਅਸਾਈਲਮ ਰੱਦ ਹੋਣ ਦੇ ਨਾਲ-ਨਾਲ ਉਨ੍ਹਾਂ ’ਤੇ ਡਿਪੋਰਟੇਸ਼ਨ ਦੀ ਤਲਵਾਰ ਵੀ ਲਟਕ ਗਈ ਹੈ। ਹਾਲਾਂਕਿ ਉਨ੍ਹਾਂ ਦੀ ਪਛਾਣ ਹਾਲੇ ਜਨਤਕ ਨਹੀਂ ਕੀਤੀ ਗਈ ਹੈ, ਪਰ ਇਸ ਘਟਨਾ ਕਾਰਨ ਪੂਰੇ ਪੰਜਾਬੀ ਭਾਈਚਾਰੇ ’ਚ ਗੁੱਸਾ ਦੇਖਿਆ ਜਾ ਰਿਹਾ ਹੈ।

# ਗੈਰਕਾਨੂੰਨੀ ਤਰੀਕੇ ਨਾਲ ਅਮਰੀਕਾ ’ਚ ਦਾਖਲ ਹੋਏ ਲੱਖਾਂ ਪ੍ਰਵਾਸੀਆਂ ਨੂੰ ਵੱਡੀ ਰਾਹਤ

**■ ਦੇਸ਼ ’ਚ ਦਾਖਲ ਹੋਏ ਪ੍ਰਵਾਸੀਆਂ ਨੂੰ ਬਿਨਾਂ ਪੱਖ ਸੁਣੇ ਨਹੀਂ ਕੀਤਾ ਜਾ ਸਕਦਾ ਡਿਪੋਰਟ**

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਵਿਚ ਇਮੀਗ੍ਰੇਸ਼ਨ ਮਾਮਲੇ ’ਚ ਟਰੰਪ ਸਰਕਾਰ ਨੂੰ ਵੱਡਾ ਝਟਕਾ ਲੱਗਿਆ ਹੈ। ਅਪੀਲ ਅਦਾਲਤ ਨੇ ਫ਼ੈਸਲਾ ਦਿੱਤਾ ਹੈ ਕਿ ਗੈਰਕਾਨੂੰਨੀ ਤਰੀਕੇ ਨਾਲ ਦੇਸ਼ ਵਿਚ ਦਾਖਲ ਹੋਏ ਪ੍ਰਵਾਸੀਆਂ ਨੂੰ ਬਿਨਾਂ ਉਨ੍ਹਾਂ ਦਾ ਪੱਖ ਸੁਣੇ ਡਿਪੋਰਟ ਨਹੀਂ ਕੀਤਾ ਜਾ ਸਕਦਾ।

ਅਦਾਲਤ ਨੇ ਸਪੱਸ਼ਟ ਕੀਤਾ ਕਿ ਮੈਕਸੀਕੋ ਜਾਂ ਕੈਨੇਡਾ ਦੀ ਸਰਹੱਦ ਰਾਹੀਂ ਆਉਣ ਵਾਲੇ ਲੋਕਾਂ ਨੂੰ ਅਸਾਇਲਮ ਜਾਂ ਕਿਸੇ ਹੋਰ ਕਾਨੂੰਨੀ ਸੁਰੱਖਿਆ ਦੇ ਹੱਕ ਤੋਂ ਵਾਂਝਾ ਨਹੀਂ ਕੀਤਾ ਜਾ ਸਕਦਾ। ਅਦਾਲਤ ਨੇ ਕਿਹਾ ਕਿ ਮੌਜੂਦਾ ਇਮੀਗ੍ਰੇਸ਼ਨ ਕਾਨੂੰਨ ਸਰਕਾਰ ਨੂੰ ਨਵੀਂ ਪ੍ਰਕਿਰਿਆ ਰਾਹੀਂ ਤੁਰੰਤ ਡਿਪੋਰਟ ਕਰਨ ਦੀ ਆਗਿਆ ਨਹੀਂ ਦਿੰਦਾ ਅਤੇ ਨਾ ਹੀ ਪ੍ਰਵਾਸੀਆਂ ਨੂੰ ਪਨਾਹ ਮੰਗਣ ਤੋਂ ਰੋਕਿਆ ਜਾ ਸਕਦਾ ਹੈ।

ਤਿੰਨ ਜੱਜਾਂ ਦੇ ਬੈਂਚ ਵਿਚੋਂ ਦੋ ਜੱਜਾਂ ਨੇ ਪ੍ਰਵਾਸੀਆਂ ਦੇ ਹੱਕ ਵਿਚ ਫ਼ੈਸਲਾ ਦਿੱਤਾ, ਜਦਕਿ ਇਕ ਜੱਜ ਨੇ ਅਸਹਿਮਤੀ ਜਤਾਈ। ਜਸਟਿਸ ਜੇ. ਮਿਸ਼ੇਲ ਚਾਇਲਡਜ਼ ਨੇ ਆਪਣੇ ਫ਼ੈਸਲੇ ਵਿਚ ਕਿਹਾ ਕਿ ਇਮੀਗ੍ਰੇਸ਼ਨ ਅਤੇ ਨੈਸ਼ਨੈਲਿਟੀ ਐਕਟ ਸਪੱਸ਼ਟ ਹੈ ਅਤੇ ਰਾਸ਼ਟਰਪਤੀ ਦੇ ਹੁਕਮਾਂ ਰਾਹੀਂ ਇਸ ਨੂੰ ਬਦਲਿਆ ਨਹੀਂ ਜਾ ਸਕਦਾ। ਇਸ ਨੀਤੀ ਨੂੰ ਅਮਰੀਕਨ ਸਿਵਲ ਲਿਬਰਟੀਜ਼ ਯੂਨੀਅਨ ਵੱਲੋਂ ਚੁਣੌਤੀ ਦਿੱਤੀ ਗਈ ਸੀ। ਫ਼ੈਸਲੇ ਤੋਂ ਬਾਅਦ ਸੰਸਥਾ ਦੇ ਵਕੀਲ ਨੇ ਕਿਹਾ ਕਿ ਇਸ ਨਾਲ ਹਜ਼ਾਰਾਂ ਲੋਕਾਂ ਦੀਆਂ ਜਾਨਾਂ ਬਚ ਸਕਦੀਆਂ ਹਨ, ਕਿਉਂਕਿ ਪਹਿਲਾਂ ਪ੍ਰਵਾਸੀਆਂ ਨੂੰ ਪਨਾਹ ਦੀ ਅਰਜ਼ੀ ਦੇਣ ਦਾ ਮੌਕਾ ਨਹੀਂ ਮਿਲਦਾ ਸੀ ਅਤੇ ਸਿੱਧੇ ਹੀ ਡਿਪੋਰਟ ਕਰ ਦਿੱਤਾ ਜਾਂਦਾ ਸੀ।

ਦੂਜੇ ਪਾਸੇ, ਟਰੰਪ ਸਰਕਾਰ ਇਸ ਫ਼ੈਸਲੇ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦੇ ਸਕਦੀ ਹੈ। ਟਰੰਪ ਨੇ ਆਪਣੇ ਕਾਰਜਕਾਲ ਦੀ ਸ਼ੁਰੂਆਤ ਵਿਚ ਹੀ ਅਸਾਇਲਮ ਦਾਅਵਿਆਂ ’ਤੇ ਪਾਬੰਦੀ ਲਗਾਉਣ ਦਾ ਐਲਾਨ ਕੀਤਾ ਸੀ ਅਤੇ ਕਿਹਾ ਸੀ ਕਿ ਦੇਸ਼ ਦੀ ਸੁਰੱਖਿਆ ਲਈ ਗੈਰਕਾਨੂੰਨੀ ਦਾਖਲਾ ਰੋਕਣਾ ਜ਼ਰੂਰੀ ਹੈ।

ਇਸ ਦੇ ਤਹਿਤ ਹੋਮਲੈਂਡ ਸਕਿਓਰਿਟੀ ਵਿਭਾਗ ਨੇ ਬਾਰਡਰ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕਰ ਦਿੱਤੀਆਂ ਸਨ, ਜਿਸ ਨਾਲ ਸਰਹੱਦ ’ਤੇ ਆਉਣ ਵਾਲੇ ਲੋਕਾਂ ਨੂੰ ਅਸਾਇਲਮ ਦਾ ਹੱਕ ਨਹੀਂ ਦਿੱਤਾ ਜਾ ਰਿਹਾ ਸੀ। ਸੁਣਵਾਈ ਦੌਰਾਨ ਸਰਕਾਰ ਨੇ ਕਿਹਾ ਕਿ ਰਾਸ਼ਟਰਪਤੀ ਕੋਲ ਇਹ ਅਧਿਕਾਰ ਹਨ, ਪਰ ਅਦਾਲਤ ਨੇ ਇਸ ਗੱਲ ਨੂੰ ਨਹੀਂ ਮਨਿਆ ਅਤੇ ਕਿਹਾ ਕਿ ਅਸਾਇਲਮ ਦੇ ਨਿਯਮ ਕਾਂਗਰਸ ਬਣਾਉਂਦੀ ਹੈ ਅਤੇ ਬਦਲਾਅ ਵੀ ਉੱਥੇ ਤੋਂ ਹੀ ਹੋ ਸਕਦਾ ਹੈ।

# ਅਮਰੀਕਾ ਵੱਲੋਂ ਦੂਜੀ ਦੁਨੀਆਂ ਦੇ ਰਾਜ਼ ਖੋਲ੍ਹਣ ਦੀ ਤਿਆਰੀ !

**■ ਟਰੰਪ ਨੇ ਪੈਂਟਾਗਨ ਨੂੰ ਯੂ.ਐੱਫ.ਓ. ਫਾਈਲਾਂ ਜਾਰੀ ਕਰਨ ਲਈ ਕਿਹਾ**

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਦੁਨੀਆਂ ਭਰ ਵਿਚ ਜਗਿਆਸਾ ਪੈਦਾ ਕਰਦਿਆਂ ਐਲਾਨ ਕੀਤਾ ਹੈ ਕਿ ਪੈਂਟਾਗਨ ਵੱਲੋਂ ਕੁਝ ਬਹੁਤ ਹੀ ਦਿਲਚਸਪ ਯੂ.ਐੱਫ.ਓ. (ਅਣਪਛਾਤੀਆਂ ਉੱਡਦੀਆਂ ਵਸਤਾਂ ਜਾਂ ਉਡਣ ਤਸ਼ਤਰੀਆਂ) ਸਬੰਧੀ ਫਾਈਲਾਂ ਜਾਰੀ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਇਹ ਫਾਈਲਾਂ ਉਨ੍ਹਾਂ ਦੇ ਪ੍ਰਸ਼ਾਸਨ ਦੌਰਾਨ ਸਾਹਮਣੇ ਆਈਆਂ ਹਨ, ਜੋ ਦੂਜੇ ਗ੍ਰਹਿਆਂ ’ਤੇ ਜੀਵਨ (ਏਲੀਅਨਜ਼) ਬਾਰੇ ਕਈ ਅਣਸੁਲਝੇ ਸਵਾਲਾਂ ਤੋਂ ਪਰਦਾ ਹਟਾ ਸਕਦੀਆਂ ਹਨ। ਵ੍ਹਾਈਟ ਹਾਊਸ ’ਚ ਨਾਸਾ ਦੇ ਪੁਲਾੜ ਯਾਤਰੀਆਂ ਦੇ ਸਨਮਾਨ ਵਿਚ ਰੱਖੇ ਗਏ ਸਮਾਗਮ ਦੌਰਾਨ ਟਰੰਪ ਨੇ ਕਿਹਾ, “ਅਸੀਂ ਬਹੁਤ ਸਾਰੀਆਂ ਅਜਿਹੀਆਂ ਚੀਜ਼ਾਂ ਜਾਰੀ ਕਰਨ ਜਾ ਰਹੇ ਹਾਂ, ਜੋ ਪਹਿਲਾਂ ਕਦੇ ਜਨਤਕ ਨਹੀਂ ਕੀਤੀਆਂ ਗਈਆਂ। ਮੈਨੂੰ ਲੱਗਦਾ ਹੈ ਕਿ ਇਨ੍ਹਾਂ ਵਿਚੋਂ ਕੁਝ ਜਾਣਕਾਰੀਆਂ ਲੋਕਾਂ ਲਈ ਬਹੁਤ ਹੈਰਾਨੀਜਨਕ ਅਤੇ ਦਿਲਚਸਪ ਹੋਣਗੀਆਂ।” ਜ਼ਿਕਰਯੋਗ ਹੈ ਕਿ ਟਰੰਪ ਲਗਾਤਾਰ ਖ਼ੁਦ ਨੂੰ ਅਜਿਹੇ ਰਾਸ਼ਟਰਪਤੀ ਵਜੋਂ ਪੇਸ਼ ਕਰ ਰਹੇ ਹਨ, ਜੋ ਸਾਲਾਂ ਤੋਂ ਦਬਾਏ ਗਏ ਸਰਕਾਰੀ ਭੇਤਾਂ ਨੂੰ ਜਨਤਕ ਕਰਨ ਦੀ ਹਿੰਮਤ ਰੱਖਦੇ ਹਨ। ਇਸ ਸਾਲ ਫਰਵਰੀ ਵਿਚ ਉਨ੍ਹਾਂ ਸੰਘੀ ਏਜੰਸੀਆਂ ਨੂੰ ਨਿਰਦੇਸ਼ ਦਿੱਤੇ ਸਨ ਕਿ ਏਲੀਅਨਜ਼ ਅਤੇ ‘ਉਡਣ ਤਸ਼ਤਰੀਆਂ’ ਨਾਲ ਸਬੰਧਤ ਸਾਰੇ ਰਿਕਾਰਡ ਖੋਲ੍ਹੇ ਜਾਣ। ਸੋਸ਼ਲ ਮੀਡੀਆ ’ਤੇ ਆਪਣੀ ਪੋਸਟ ਵਿਚ ਉਨ੍ਹਾਂ ਲਿਖਿਆ ਸੀ ਕਿ ਅਮਰੀਕੀ ਲੋਕ ਪਾਰਦਰਸ਼ਤਾ ਅਤੇ ਸੱਚਾਈ ਦੇ ਹੱਕਦਾਰ ਹਨ। ਸੱਤਾ ਵਿਚ ਵਾਪਸੀ ਦੇ ਪਹਿਲੇ ਹਫ਼ਤੇ ਹੀ ਟਰੰਪ ਨੇ ਜੌਹਨ ਐੱਫ ਕੈਨੇਡੀ, ਰੌਬਰਟ ਐੱਫ ਕੈਨੇਡੀ ਅਤੇ ਮਾਰਟਿਨ ਲੂਥਰ ਕਿੰਗ ਜੂਨੀਅਰ ਦੇ ਕਤਲ ਨਾਲ ਜੁੜੇ ਰਿਕਾਰਡ ਜਾਰੀ ਕਰਨ ਦੇ ਹੁਕਮ ਦਿੱਤੇ ਸਨ। ਉਂਜ ਉਨ੍ਹਾਂ ਦਸਤਾਵੇਜ਼ਾਂ ਵਿਚੋਂ ਕੋਈ ਬਹੁਤ ਵੱਡੀ ਗੱਲ ਨਿਕਲ ਕੇ ਨਹੀਂ ਆਈ ਸੀ ਪਰ ਹੁਣ ਯੂ.ਐੱਫ.ਓ. ਫਾਈਲਾਂ ਨੂੰ ਲੈ ਕੇ ਲੋਕਾਂ ਦੀਆਂ ਉਮੀਦਾਂ ਕਾਫ਼ੀ ਜ਼ਿਆਦਾ ਹਨ। ਟਰੰਪ ਦੇ ਪ੍ਰਸ਼ੰਸਕ ਇਸ ਕਦਮ ਨੂੰ ਇਤਿਹਾਸਕ ਮੰਨ ਰਹੇ ਹਨ।




# ਰਾਜ ਸਭਾ ਮੈਂਬਰ ਹਰਭਜਨ ਸਿੰਘ ਸੁਰੱਖਿਆ ਵਾਪਸ ਲੈਣ ਖਿਲਾਫ਼ ਹਾਈ ਕੋਰਟ ਪੁੱਜਾ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਵੀਰਵਾਰ ਨੂੰ ਪੰਜਾਬ ਸਰਕਾਰ ਨੂੰ ਹੁਕਮ ਦਿੱਤੇ ਹਨ ਕਿ ਕ੍ਰਿਕਟਰ ਤੋਂ ਰਾਜ ਸਭਾ ਮੈਂਬਰ ਬਣੇ ਹਰਭਜਨ ਸਿੰਘ ਤੇ ਉਨ੍ਹਾਂ ਦੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ, ਤਾਂ ਜੋ ਪੰਜਾਬ ਵਿਚ ਰਹਿਣ ਦੌਰਾਨ ਉਨ੍ਹਾਂ ਨੂੰ ਕੋਈ ਜਾਨੀ-ਮਾਲੀ ਨੁਕਸਾਨ ਨਾ ਹੋਵੇ। ਹਾਈ ਕੋਰਟ ਦੇ ਜੱਜ ਜਗਮੋਹਨ ਬਾਂਸਲ ਦੀ ਬੈਂਚ ਨੇ ਹਰਭਜਨ ਸਿੰਘ ਦੀ ਅਪੀਲ ’ਤੇ ਪੰਜਾਬ ਸਰਕਾਰ ਅਤੇ ਹੋਰਨਾਂ ਨੂੰ ਨੋਟਿਸ ਜਾਰੀ ਕਰਦਿਆਂ ਇਹ ਅੰਤਰਿਮ ਹੁਕਮ ਦਿੱਤੇ ਹਨ। ਹਰਭਜਨ ਸਿੰਘ ਨੇ ਏ.ਡੀ.ਜੀ.ਪੀ. (ਸੁਰੱਖਿਆ) ਦੇ ਉਸ 25 ਅਪ੍ਰੈਲ ਦੇ ਫੈਸਲੇ ਨੂੰ ਚੁਣੌਤੀ ਦਿੱਤੀ ਹੈ, ਜਿਸ ਤਹਿਤ ਉਨ੍ਹਾਂ ਦੀ ਸੁਰੱਖਿਆ ਹਟਾ ਦਿੱਤੀ ਗਈ ਸੀ।



ਪਟੀਸ਼ਨ ਵਿਚ ਦਲੀਲ ਦਿੱਤੀ ਗਈ ਹੈ ਕਿ ਉਨ੍ਹਾਂ ਦਾ ਪੱਖ ਸੁਣੇ ਬਿਨਾਂ ਅਤੇ ਖ਼ਤਰੇ ਦਾ ਕੋਈ ਨਵਾਂ ਮੁਲਾਂਕਣ ਕੀਤੇ ਬਗੈਰ ਹੀ ਸੁਰੱਖਿਆ ਵਾਪਸ ਲਈ ਗਈ ਹੈ। ਉਨ੍ਹਾਂ ਨੇ ਆਪਣੀ ਸੁਰੱਖਿਆ ਤੁਰੰਤ ਬਹਾਲ ਕਰਨ ਦੇ ਨਿਰਦੇਸ਼ਾਂ ਦੀ ਵੀ ਮੰਗ ਕੀਤੀ।

ਹਰਭਜਨ ਸਿੰਘ ਨੇ ਆਪਣੀ ਅਪੀਲ ਵਿਚ ਦੱਸਿਆ ਕਿ ਉਹ 10 ਅਪ੍ਰੈਲ 2022 ਨੂੰ ਆਮ ਆਦਮੀ ਪਾਰਟੀ ਰਾਹੀਂ ਰਾਜ ਸਭਾ ਮੈਂਬਰ ਚੁਣੇ ਗਏ ਸਨ ਅਤੇ ਜਲੰਧਰ ਵਿਚ ਆਪਣੇ ਪਰਿਵਾਰ ਨਾਲ ਰਹਿ ਰਹੇ ਹਨ। ਉਨ੍ਹਾਂ ਕਿਹਾ ਕਿ ਸੁਰੱਖਿਆ ਹਟਾਏ ਜਾਣ ਤੋਂ ਸਿਰਫ਼ ਇੱਕ ਦਿਨ ਪਹਿਲਾਂ ਰਾਜ ਸਭਾ ਮੈਂਬਰ ਰਾਘਵ ਚੱਢਾ ਨੇ ਇਹ ਐਲਾਨ ਕੀਤਾ ਸੀ ਕਿ ਉਹ (ਚੱਢਾ) ਅਤੇ ਹਰਭਜਨ ਸਿੰਘ ਸਮੇਤ 6 ਹੋਰ ਸੰਸਦ ਮੈਂਬਰਾਂ ਨੇ ਪਾਰਟੀ ਛੱਡ ਦਿੱਤੀ ਹੈ।

ਉਨ੍ਹਾਂ ਦੋਸ਼ ਲਗਾਇਆ ਕਿ ਇਸ ਤੋਂ ਬਾਅਦ ਖ਼ਤਰੇ ਬਾਰੇ ਕੋਈ ਨਵੀਂ ਰਿਪੋਰਟ ਲਏ ਬਿਨਾਂ ਹੀ ਸੁਰੱਖਿਆ ਵਾਪਸ ਲੈ ਲਈ ਗਈ। ਇਸ ਹੁਕਮ ਨੂੰ ਬਦਲਾਖੋਰੀ ਦੱਸਦਿਆਂ ਹਰਭਜਨ ਨੇ ਕਿਹਾ ਕਿ ਇੱਕ ਭੀੜ ਉਨ੍ਹਾਂ ਦੀ ਰਿਹਾਇਸ਼ ’ਤੇ ਪਹੁੰਚੀ, ਬਾਹਰਲੀਆਂ ਕੰਧਾਂ ’ਤੇ ਗੱਦਾਰ ਸ਼ਬਦ ਲਿਖ ਦਿੱਤਾ ਅਤੇ ਮੁੱਖ ਗੇਟ ਤੋੜਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਅੱਗੇ ਦੱਸਿਆ ਕਿ ਜਦੋਂ ਉਨ੍ਹਾਂ ਨੂੰ ਆਪਣੇ ਜੀਜਾ ਰਾਹੀਂ ਇਸ ਘਟਨਾ ਦਾ ਪਤਾ ਲੱਗਾ, ਤਾਂ ਉਹ ਕਿਸੇ ਨਿੱਜੀ ਕੰਮ ਲਈ ਮੁੰਬਈ ਵਿਚ ਸਨ।

ਦੂਜੇ ਪਾਸੇ ਪੰਜਾਬ ਦੇ ਐਡਵੋਕੇਟ ਜਨਰਲ ਮਨਿੰਦਰਜੀਤ ਬੇਦੀ ਨੇ ਕਿਹਾ ਕਿ ਪਟੀਸ਼ਨਕਰਤਾ ਨੂੰ ਕੇਂਦਰ ਵੱਲੋਂ ਸੁਰੱਖਿਆ ਦਿੱਤੀ ਗਈ ਹੈ। ਉਨ੍ਹਾਂ ਇਹ ਵੀ ਦਲੀਲ ਦਿੱਤੀ ਕਿ ਪਟੀਸ਼ਨਕਰਤਾ ਆਮ ਤੌਰ ’ਤੇ ਪੰਜਾਬ ਵਿਚ ਨਹੀਂ ਰਹਿ ਰਿਹਾ ਸੀ।

ਦੋਵਾਂ ਪੱਖਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਬੈਂਚ ਨੇ ਨੋਟਿਸ ਜਾਰੀ ਕੀਤਾ ਅਤੇ ਮਾਮਲੇ ਦੀ ਅਗਲੀ ਸੁਣਵਾਈ 12 ਮਈ ਤੈਅ ਕੀਤੀ ਹੈ। ਇਸ ਕੇਸ ਦੀ ਸੁਣਵਾਈ ਇੱਕ ਹੋਰ ਸਬੰਧਤ ਪਟੀਸ਼ਨ ਦੇ ਨਾਲ ਕੀਤੀ ਜਾਵੇਗੀ।

# ਪੰਜਾਬ ਦੀ ਸਿਆਸਤ ’ਚ ਇਕ ਹੋਰ ਨਵੀਂ ਪਾਰਟੀ ‘ਮਿਸਲ ਸਤਲੁਜ’ ਦੀ ਐਂਟਰੀ

■ 2027 ਦੀਆਂ ਵਿਧਾਨ ਸਭਾ ਚੋਣਾਂ ਲੜਨ ਦਾ ਐਲਾਨ

**ਫਰੀਦਕੋਟ, (ਪੰਜਾਬ ਮੇਲ)-** ਇਕ ਪਾਸੇ ਜਿੱਥੇ 2027 ਦੀਆਂ ਚੋਣਾਂ ਨੂੰ ਲੈ ਕੇ ਹਰ ਪਾਰਟੀ ਨੇ ਜ਼ੋਰ ਲਾਉਣਾ ਸ਼ੁਰੂ ਕਰ ਦਿੱਤਾ ਹੈ, ਉੱਥੇ ਹੀ ਹੁਣ ਪੰਜਾਬ ਦੀ ਸਿਆਸਤ ਵਿਚ ਇਕ ਹੋਰ ਪਾਰਟੀ (ਮਿਸਲ ਸਤਲੁਜ) ਦੀ ਐਂਟਰੀ ਹੋਈ ਹੈ। ਇਸ ਦੇ ਚੱਲਦੇ ਮਿਸਲ ਸਤਲੁਜ ਵੱਲੋਂ ਲਗਾਤਾਰ ਹਲਕਾ ਇੰਚਾਰਜਾਂ ਦੇ ਐਲਾਨ ਕੀਤੇ ਜਾ ਰਹੇ ਹਨ, ਜਿਸ ਦੇ ਤਹਿਤ ਪਾਰਟੀ ਵੱਲੋਂ ਫਰੀਦਕੋਟ ਵਿਚ ਆਪਣੇ ਹਲਕਾ ਇੰਚਾਰਜ ਦਾ ਐਲਾਨ ਕੀਤਾ ਗਿਆ ਹੈ। ਪਾਰਟੀ ਨੇ ਰਣਪਿੰਦਰਜੀਤ ਸਿੰਘ ਗੋਲਡੀ ਪਿੱਪਲੀ ਨੂੰ ਹਲਕਾ ਇੰਚਾਰਜ ਫਰੀਦਕੋਟ ਨਿਯੁਕਤ ਕੀਤਾ ਗਿਆ ਹੈ। ਮਿਸਲ ਸਤਲੁਜ ਦੇ ਪ੍ਰਧਾਨ ਅਜੇਪਾਲ ਸਿੰਘ ਬਰਾੜ ਨੇ ਫਰੀਦਕੋਟ ਪਹੁੰਚ ਕੇ ਜਥੇਬੰਦੀ ਦੇ ਆਗੂਆਂ ਨਾਲ ਮੀਟਿੰਗ ਕਰਕੇ ਨਿਯੁਕਤੀਆਂ ਕੀਤੀਆਂ। ਉਨ੍ਹਾਂ ਕਿਹਾ ਕਿ ਮਿਸਲ ਸਤਲੁਜ ਲਗਾਤਾਰ ਪੰਜਾਬ ਦੇ ਪਾਣੀਆਂ, ਚੰਡੀਗੜ੍ਹ ਦੇ ਮਸਲੇ ਅਤੇ ਹੋਰ ਗੰਭੀਰ ਮੁੱਦਿਆਂ ਨੂੰ ਚੁੱਕ ਰਹੀ ਹੈ ਅਤੇ ਹੁਣ ਉਨ੍ਹਾਂ ਵੱਲੋਂ 2027 ਚੋਣਾਂ ਦੀ ਤਿਆਰੀ ਕੀਤੀ ਗਈ ਜਾ ਰਹੀ ਹੈ।

# ਗਗਨਦੀਪ ਰੰਧਾਵਾ ਖੁਦਕੁਸ਼ੀ ਮਾਮਲਾ: ਅਦਾਲਤ ਵੱਲੋਂ ਸਾਬਕਾ ਮੰਤਰੀ ਦੇ ਪੀ.ਏ. ਦੀ ਅਗਾਊਂ ਜ਼ਮਾਨਤ ਅਰਜ਼ੀ ਖਾਰਜ

**ਅੰਮ੍ਰਿਤਸਰ, (ਪੰਜਾਬ ਮੇਲ)-** ਜ਼ਿਲ੍ਹਾ ਅਤੇ ਸੈਸ਼ਨ ਕੋਰਟ ਨੇ ਡਾ. ਗਗਨਦੀਪ ਸਿੰਘ ਰੰਧਾਵਾ ਖੁਦਕੁਸ਼ੀ ਮਾਮਲੇ ਦੇ ਤੀਜੇ ਮੁਲਜ਼ਮ ਦਿਲਬਾਗ ਸਿੰਘ ਦੀ ਅਗਾਊਂ ਜ਼ਮਾਨਤ ਦੀ ਅਰਜ਼ੀ ਖਾਰਜ ਕਰ ਦਿੱਤੀ ਹੈ। ਉਹ ਇਸ ਮਾਮਲੇ ਵਿਚ ਮੁੱਖ ਸ਼ੱਕੀ ਅਤੇ ਪੰਜਾਬ ਦੇ ਸਾਬਕਾ ਮੰਤਰੀ ਲਾਲਜੀਤ ਸਿੰਘ ਭੁੱਲਰ ਦਾ ਨਿੱਜੀ ਸਹਾਇਕ ਸੀ। ਸਾਬਕਾ ਮੰਤਰੀ ਇਸ ਸਮੇਂ ਇਸ ਮਾਮਲੇ ਵਿਚ ਨਿਆਂਇਕ ਹਿਰਾਸਤ ਵਿਚ ਹੈ। ਦਿਲਬਾਗ ਸਿੰਘ ਮਾਰਕੀਟ ਕਮੇਟੀ ਪੱਟੀ ਦਾ ਚੇਅਰਮੈਨ ਵੀ ਸੀ। ਅਗਾਊਂ ਜ਼ਮਾਨਤ ਅਰਜ਼ੀ ਵਿਚ, ਉਸਨੇ ਦਾਅਵਾ ਕੀਤਾ ਸੀ ਕਿ ਉਸਨੂੰ ਇਸ ਮਾਮਲੇ ਵਿਚ ਝੂਠਾ ਫਸਾਇਆ ਗਿਆ।

ਦੱਸਣਯੋਗ ਹੈ ਕਿ ਗਗਨਦੀਪ ਸਿੰਘ ਰੰਧਾਵਾ ਨੇ ਖੁਦਕੁਸ਼ੀ ਕਰਨ ਤੋਂ ਪਹਿਲਾਂ ਇੱਕ ਵੀਡੀਓ ਬਣਾਈ ਸੀ, ਜਿਸ ਵਿਚ ਖੁਦਕੁਸ਼ੀ ਲਈ ਮਜਬੂਰ ਕਰਨ ਵਾਸਤੇ ਲਾਲਜੀਤ ਸਿੰਘ ਭੁੱਲਰ ਨੂੰ ਜ਼ਿੰਮੇਵਾਰ ਠਹਿਰਾਇਆ ਸੀ। ਭਾਵੇਂ ਇਸ ਵੀਡੀਓ ਵਿਚ ਉਸਦਾ ਨਾਮ ਨਹੀਂ ਲਿਆ ਸੀ। ਪਰ ਇਸ ਤੋਂ ਪਹਿਲਾਂ ਵਿਭਾਗ ਨੂੰ ਭੇਜੇ ਗਏ ਪੱਤਰਾਂ ਵਿਚ ਕੀਤੇ ਗਏ ਤਸ਼ੱਦਦ ਵਾਸਤੇ ਉਸ ਨੂੰ ਵੀ ਦੋਸ਼ੀ ਦੱਸਿਆ ਸੀ। 23 ਅਪ੍ਰੈਲ ਨੂੰ, ਇਸੇ ਅਦਾਲਤ ਨੇ ਖੁਦਕੁਸ਼ੀ ਮਾਮਲੇ ਵਿਚ ਲਾਲਜੀਤ ਭੁੱਲਰ ਦੇ ਪਿਤਾ ਸੁਖਦੇਵ ਸਿੰਘ ਦੀ ਅਗਾਊਂ ਜ਼ਮਾਨਤ ਵੀ ਰੱਦ ਕਰ ਦਿੱਤੀ ਸੀ। ਇਸ ਮਾਮਲੇ ਵਿਚ ਇਹ ਦੋਵੇਂ ਮੁਲਜ਼ਮ ਫ਼ਰਾਰ ਹਨ। ਗਗਨਦੀਪ ਸਿੰਘ ਰੰਧਾਵਾ ਨੇ 21 ਮਾਰਚ ਨੂੰ ਕੋਈ ਜ਼ਹਿਰੀਲੀ ਚੀਜ਼ ਖਾ ਕੇ ਖੁਦਕੁਸ਼ੀ ਕਰ ਲਈ ਸੀ ਅਤੇ ਇੱਕ ਵੀਡੀਓ ਵਿਚ ਮੰਤਰੀ ਲਾਲਜੀਤ ਸਿੰਘ ਭੁੱਲਰ ਨੂੰ ਇਸ ਲਈ ਜ਼ਿੰਮੇਵਾਰ ਠਹਿਰਾਇਆ ਸੀ। ਇਸ ਘਟਨਾ ਨੇ ਸਿਆਸੀ ਹੰਗਾਮਾ ਛੇੜ ਦਿੱਤਾ ਸੀ, ਜਿਸ ਵਿਚ ਵਿਰੋਧੀ ਧਿਰ ਨੇ ਲਾਲਜੀਤ ਅਤੇ ਹੋਰਾਂ ਖ਼ਿਲਾਫ਼ ਮਾਮਲੇ ਵਿਚ ਐੱਫ.ਆਈ.ਆਰ. ਦਰਜ ਕਰਨ ਦੀ ਮੰਗ ਕੀਤੀ ਸੀ। ਬਾਅਦ ਵਿਚ ਪੁਲਿਸ ਨੇ ਮ੍ਰਿਤਕ ਦੀ ਪਤਨੀ ਉਪਿੰਦਰ ਕੌਰ ਦੇ ਬਿਆਨ ’ਤੇ ਲਾਲਜੀਤ, ਉਸਦੇ ਪਿਤਾ ਸੁਖਦੇਵ ਅਤੇ ਨਿੱਜੀ ਸਹਾਇਕ ਦਿਲਬਾਗ ਸਿੰਘ ਖ਼ਿਲਾਫ਼ ਮਾਮਲਾ ਦਰਜ ਕੀਤਾ। ਜਦੋਂ ਕਿ ਲਾਲਜੀਤ ਨੂੰ 23 ਮਾਰਚ ਨੂੰ ਮੰਡੀ ਗੋਬਿੰਦਗੜ੍ਹ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ, ਪਰ ਬਾਕੀ ਮੁਲਜ਼ਮ ਫਰਾਰ ਹਨ।



# ਟਰੰਪ ’ਤੇ ਹਮਲਾ ‘ਸੋਚੀ-ਸਮਝੀ ਸਾਜ਼ਿਸ਼’, ਜਾਂਚਕਰਤਾਵਾਂ ਕੋਲ ਸਬੂਤ ਮੌਜੂਦ



**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਅਮਰੀਕੀ ਅਟਾਰਨੀ ਜੀਨੀਨ ਪਿਰੋ ਨੇ 3 ਮਈ ਨੂੰ ਕਿਹਾ ਕਿ ਪਿਛਲੇ ਹਫ਼ਤੇ ਵਾਸ਼ਿੰਗਟਨ ਵਿਚ ਹੋਏ ਸਮਾਗਮ ਦੌਰਾਨ ਗੋਲੀਬਾਰੀ ਕਰਨ ਵਾਲੇ ਸ਼ੱਕੀ ਵਿਅਕਤੀ ਕੋਲ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਮਾਰਨ ਦੀ ਇੱਕ “ਪਹਿਲਾਂ ਤੋਂ ਸੋਚੀ-ਸਮਝੀ” ਯੋਜਨਾ ਸੀ। ਉਨ੍ਹਾਂ ਨੇ ਇਹ ਦਾਅਵਾ ਜਾਂਚਕਰਤਾਵਾਂ ਦੁਆਰਾ ਇਕੱਠੇ ਕੀਤੇ ਗਏ ਸਬੂਤਾਂ ਦੇ ਆਧਾਰ ’ਤੇ ਕੀਤਾ। ਪਿਰੋ ਨੇ ਦੱਸਿਆ ਕਿ ਫੋਰੈਂਸਿਕ ਅਤੇ ਵੀਡੀਓ ਸਬੂਤ ਸਿੱਧੇ ਤੌਰ ’ਤੇ ਸ਼ੱਕੀ ਨੂੰ ਵ੍ਹਾਈਟ ਹਾਊਸ ਕੋਰਸਪੌਂਡੈਂਟਸ ਐਸੋਸੀਏਸ਼ਨ ਦੇ ਰਾਤ ਦੇ ਭੋਜਨ ਦੌਰਾਨ ਇੱਕ ਸੀਕਰੇਟ ਸਰਵਿਸ ਅਫ਼ਸਰ ’ਤੇ ਹੋਏ ਹਮਲੇ ਨਾਲ ਜੋੜਦੇ ਹਨ। ਉਨ੍ਹਾਂ ਕਿਹਾ, “ਇਹ ਨਿਸ਼ਚਿਤ ਤੌਰ ’ਤੇ ਉਸ ਦੀ ਹੀ ਗੋਲੀ ਹੈ ” ਅਤੇ ਦੱਸਿਆ ਕਿ ਅਫ਼ਸਰ ਦੀ ਜੈਕਟ ਵਿਚੋਂ ਸ਼ੱਕੀ ਦੀ ਸ਼ਾਟਗਨ ਦਾ ਇੱਕ ਛਰਾ ਬਰਾਮਦ ਹੋਇਆ ਹੈ।

ਉਨ੍ਹਾਂ ਨੇ ਇਸ ਹਮਲੇ ਨੂੰ ਸੋਚਿਆ-ਸਮਝਿਆ ਅਤੇ ਯੋਜਨਾਬੱਧ ਦੱਸਿਆ। ਪਿਰੋ ਨੇ ਕਿਹਾ, “ਇਹ ਇਕ ਸੋਚੀ-ਸਮਝੀ, ਹਿੰਸਕ ਕਾਰਵਾਈ ਸੀ, ਜੋ ਰਾਸ਼ਟਰਪਤੀ (ਟਰੰਪ) ਅਤੇ ਹਮਲੇ ਦੀ ਜ਼ਦ ਵਿਚ ਆਉਣ ਵਾਲੇ ਕਿਸੇ ਵੀ ਵਿਅਕਤੀ ਨੂੰ ਖਤਮ ਕਰਨ ਲਈ ਕੀਤੀ ਗਈ ਸੀ।”

ਅਮਰੀਕੀ ਅਟਾਰਨੀ ਅਨੁਸਾਰ, ਜਾਂਚਕਰਤਾਵਾਂ ਨੇ ਸ਼ੱਕੀ ਦੀਆਂ ਗਤੀਵਿਧੀਆਂ ਅਤੇ ਡਿਜੀਟਲ ਸਬੂਤਾਂ ਦੇ ਆਧਾਰ ’ਤੇ ਕੇਸ ਤਿਆਰ ਕੀਤਾ ਹੈ। ਉਨ੍ਹਾਂ ਦੱਸਿਆ ਕਿ ਜਿਵੇਂ ਹੀ ਰਾਸ਼ਟਰਪਤੀ ਨੇ ਹਿਲਟਨ ਹੋਟਲ ਵਿਚ ਹੋਣ ਵਾਲੇ ਸਮਾਗਮ ਵਿਚ ਸ਼ਾਮਲ ਹੋਣ ਦਾ ਐਲਾਨ ਕੀਤਾ ਗਿਆ, ਤਾਂ ਸ਼ੱਕੀ ਨੇ ਆਪਣੀ ਯੋਜਨਾ ਬਣਾਉਣੀ ਸ਼ੁਰੂ ਕਰ ਦਿੱਤੀ। ਸ਼ੱਕੀ ਵਿਅਕਤੀ ਰਾਸ਼ਟਰਪਤੀ ਦੀ ਹਰ ਹਰਕਤ ’ਤੇ ਨਜ਼ਰ ਰੱਖ ਰਿਹਾ ਸੀ, ਜਿਸ ਵਿਚ ਉਨ੍ਹਾਂ ਦੇ ਆਉਣ ਅਤੇ ਬੈਠਣ ਦਾ ਸਮਾਂ ਵੀ ਸ਼ਾਮਲ ਸੀ।

ਪਿਰੋ ਨੇ ਅੱਗੇ ਕਿਹਾ ਕਿ ਜਾਂਚਕਰਤਾਵਾਂ ਨੇ ਅਜਿਹੇ ਹਥਿਆਰ ਅਤੇ ਸਾਜ਼ੋ-ਸਾਮਾਨ ਬਰਾਮਦ ਕੀਤੇ ਹਨ, ਜੋ ਵੱਡੇ ਪੱਧਰ ’ਤੇ ਹਮਲੇ ਦੀ ਤਿਆਰੀ ਵੱਲ ਇਸ਼ਾਰਾ ਕਰਦੇ ਹਨ। ਸ਼ੱਕੀ ਕੋਲ ਇੱਕ ਸ਼ਾਟਗਨ, ਹੈਂਡਗਨ, ਚਾਕੂ ਅਤੇ ਹੋਰ ਸੰਦ ਸਨ। ਪਿਰੋ ਨੇ ਕਿਹਾ, “ਇਹ ਬੰਦਾ ਆਪਣੇ ਆਪ ਨੂੰ ਰੈਂਬੋ ਸਮਝਦਾ ਸੀ... ਉਹ ਹਥਿਆਰਾਂ ਨਾਲ ਪੂਰੀ ਤਰ੍ਹਾਂ ਲੈਸ ਸੀ।”

ਅਧਿਕਾਰੀਆਂ ਨੇ ਨਿਗਰਾਨੀ ਫੁਟੇਜ ਵੀ ਜਾਰੀ ਕੀਤੀ ਹੈ, ਜਿਸ ਵਿਚ ਸ਼ੱਕੀ ਨੂੰ ਹੋਟਲ ਵਿਚ ਘੁੰਮਦੇ ਹੋਏ ਦੇਖਿਆ ਜਾ ਸਕਦਾ ਹੈ। ਉਹ ਇੱਕ ਕਮਰੇ ਵਿਚ ਦਾਖਲ ਹੋ ਕੇ ਆਪਣਾ ਕੋਟ ਉਤਾਰਦਾ ਹੈ, ਤਾਂ ਜੋ ਹਥਿਆਰ ਲੁਕਾਇਆ ਜਾ ਸਕੇ।

ਪਿਰੋ ਨੇ ਕਿਹਾ ਕਿ ਜਿਵੇਂ-ਜਿਵੇਂ ਕੇਸ ਅੱਗੇ ਵਧੇਗਾ, ਹੋਰ ਵੀਡੀਓ ਸਬੂਤ ਸਾਹਮਣੇ ਲਿਆਂਦੇ ਜਾਣਗੇ।

ਪਿਰੋ ਨੇ ਕੇਸ ਤੋਂ ਪਿੱਛੇ ਹਟਣ ਦੇ ਸੁਝਾਵਾਂ ਨੂੰ ਰੱਦ ਕਰ ਦਿੱਤਾ, ਹਾਲਾਂਕਿ ਉਹ ਖੁਦ ਉਸ ਸਮਾਗਮ ਵਿਚ ਮੌਜੂਦ ਸਨ। ਉਨ੍ਹਾਂ ਕਿਹਾ ਕਿ ਉੱਥੇ ਹਜ਼ਾਰਾਂ ਲੋਕ ਮੌਜੂਦ ਸਨ। ਉਨ੍ਹਾਂ ਨੇ ਸਿਆਸੀ ਬਿਆਨਬਾਜ਼ੀ ਜਾਂ ਸਾਜ਼ਿਸ਼ੀ ਸਿਧਾਂਤਾਂ ਨੂੰ ਖਾਰਜ ਕਰਦਿਆਂ ਕਿਹਾ ਕਿ ਕੇਸ ਸਿਰਫ਼ ਤੱਥਾਂ ਅਤੇ ਸਬੂਤਾਂ ’ਤੇ ਟਿਕਿਆ ਹੋਇਆ ਹੈ।

ਬਚਾਅ ਪੱਖ ਦੇ ਸੰਭਾਵਿਤ ਦਾਵਿਆਂ ਦਾ ਜਵਾਬ ਦਿੰਦੇ ਹੋਏ ਪਿਰੋ ਨੇ ਕਿਹਾ ਕਿ ਸ਼ੱਕੀ ਮਾਨਸਿਕ ਤੌਰ ’ਤੇ ਬਿਲਕੁਲ ਤੰਦਰੁਸਤ ਅਤੇ ਹੁਸ਼ਿਆਰ ਹੈ। ਉਨ੍ਹਾਂ ਕਿਹਾ, “ਉਹ ਪਾਗਲ ਨਹੀਂ ਹੈ। ਉਹ ਬਹੁਤ ਸਪੱਸ਼ਟ ਅਤੇ ਤੇਜ਼ ਦਿਮਾਗ ਹੈ।” ਇਹ ਘਟਨਾ ਵਧ ਰਹੇ ਸਿਆਸੀ ਤਣਾਅ ਅਤੇ ਰਾਸ਼ਟਰਪਤੀ ਨਾਲ ਜੁੜੇ ਜਨਤਕ ਸਮਾਗਮਾਂ ਦੀ ਸੁਰੱਖਿਆ ਚਿੰਤਾਵਾਂ ਦੇ ਵਿਚਕਾਰ ਵਾਪਰੀ ਹੈ। ਸ਼ੱਕੀ ਇਸ ਵੇਲੇ ਹਿਰਾਸਤ ਵਿਚ ਹੈ।

ਮਾਹਿਰਾਂ ਦਾ ਕਹਿਣਾ ਹੈ ਕਿ ਇਸ ਹਮਲੇ ਦੀ ਕੋਸ਼ਿਸ਼ ਤੋਂ ਬਾਅਦ ਅਮਰੀਕਾ ਵਿਚ ਵੱਡੇ ਸਿਆਸੀ ਸਮਾਗਮਾਂ ਲਈ ਸੁਰੱਖਿਆ ਪ੍ਰਬੰਧਾਂ ਦੀ ਮੁੜ ਸਮੀਖਿਆ ਕੀਤੀ ਜਾ ਸਕਦੀ ਹੈ।

# ਨਿਊਜਰਸੀ ਵਿਚ ਭਾਰਤੀ ਮੂਲ ਦੇ ਗ੍ਰੀਨ ਕਾਰਡ ਧਾਰਕ ’ਤੇ ਗੈਰ-ਕਾਨੂੰਨੀ ਵੋਟਿੰਗ ਦੇ ਦੋਸ਼




**ਨਿਊਜਰਸੀ, (ਪੰਜਾਬ ਮੇਲ)**- ਨਿਊਜਰਸੀ ਦੇ ਮੋਨਮਾਊਥ ਕਾਊਂਟੀ ਵਿਚ ਰਹਿੰਦੇ ਇੱਕ ਭਾਰਤੀ-ਅਮਰੀਕੀ ਗ੍ਰੀਨ ਕਾਰਡ ਧਾਰਕ ’ਤੇ ਅਮਰੀਕੀ ਸੰਘੀ ਚੋਣਾਂ ਵਿਚ ਗੈਰ-ਕਾਨੂੰਨੀ ਤੌਰ ’ਤੇ ਵੋਟ ਪਾਉਣ ਅਤੇ ਝੂਠੇ ਬਿਆਨਾਂ ਰਾਹੀਂ ਨਾਗਰਿਕਤਾ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਨ ਦੇ ਦੋਸ਼ ਲਗਾਏ ਗਏ ਹਨ। ਇਸ ਸਬੰਧੀ ਜਾਣਕਾਰੀ ਸੰਘੀ ਵਕੀਲਾਂ ਵੱਲੋਂ ਜਾਰੀ ਕੀਤੀ ਗਈ ਹੈ। ਸ਼ਿਕਾਇਤ ਅਨੁਸਾਰ, ਵਿਗ ਨਾਮਕ ਵਿਅਕਤੀ, ਜੋ ਉਸ ਸਮੇਂ ਅਮਰੀਕੀ ਨਾਗਰਿਕ ਨਹੀਂ ਸੀ, ਉਸ ਨੇ ਨਿਊਜਰਸੀ ਵਿਚ ਵੋਟਰ ਵਜੋਂ ਰਜਿਸਟ੍ਰੇਸ਼ਨ ਕਰਵਾਈ ਅਤੇ ਝੂਠਾ ਪ੍ਰਮਾਣ ਪੱਤਰ ਦਿੱਤਾ ਕਿ ਉਹ ਵੋਟ ਪਾਉਣ ਲਈ ਯੋਗ ਹੈ। ਉਸ ’ਤੇ 2020 ਦੀਆਂ ਆਮ ਚੋਣਾਂ, ਜਿਨ੍ਹਾਂ ਵਿਚ ਰਾਸ਼ਟਰਪਤੀ ਚੋਣ ਵੀ ਸ਼ਾਮਲ ਸੀ, ਦੌਰਾਨ ਵੋਟ ਪਾਉਣ ਦਾ ਦੋਸ਼ ਹੈ। ਵਕੀਲਾਂ ਦਾ ਇਹ ਵੀ ਕਹਿਣਾ ਹੈ ਕਿ ਵੋਟ ਪਾਉਣ ਤੋਂ ਬਾਅਦ ਵਿਗ ਨੇ ਅਮਰੀਕੀ ਨਾਗਰਿਕਤਾ ਲਈ ਅਰਜ਼ੀ ਦਿੱਤੀ ਅਤੇ ਸਹੁੰ ਦੇ ਕੇ ਇਹ ਝੂਠਾ ਬਿਆਨ ਦਿੱਤਾ ਕਿ ਉਸਨੇ ਕਦੇ ਵੀ ਕਿਸੇ ਸੰਘੀ ਚੋਣ ਵਿਚ ਨਾ ਤਾਂ ਰਜਿਸਟਰ ਕੀਤਾ ਹੈ ਅਤੇ ਨਾ ਹੀ ਵੋਟ ਪਾਈ ਹੈ। ਵਿਗ ’ਤੇ ਅਮਰੀਕੀ ਕਾਨੂੰਨ 18 ਯੂ.ਐੱਸ.ਸੀ. 1425(ਏ) ਅਧੀਨ ਗੈਰ-ਕਾਨੂੰਨੀ ਤੌਰ ’ਤੇ ਨਾਗਰਿਕਤਾ ਜਾਂ ਨੈਚੁਰਲਾਈਜ਼ੇਸ਼ਨ ਪ੍ਰਾਪਤ ਕਰਨ ਦਾ ਦੋਸ਼ ਲਗਾਇਆ ਗਿਆ ਹੈ। ਉਸਨੇ 1 ਮਈ ਨੂੰ ਨਿਊਆਰਕ ਦੀ ਸੰਘੀ ਅਦਾਲਤ ਵਿਚ ਮੈਜਿਸਟ੍ਰੇਟ ਜੱਜ ਕੈਥੀ ਵਾਲਡੋਰ ਦੇ ਸਾਹਮਣੇ ਆਪਣੀ ਪਹਿਲੀ ਪੇਸ਼ੀ ਦਿੱਤੀ। ਅਮਰੀਕੀ ਅਟਾਰਨੀ ਫਿਲਿਪ ਸੈਲਿੰਗਰ ਦੇ ਦਫ਼ਤਰ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਕਿ ਦੋਸ਼ਾਂ ਅਨੁਸਾਰ ਮੁਲਜ਼ਮ ਨੇ ਉਨ੍ਹਾਂ ਚੋਣਾਂ ਵਿਚ ਹਿੱਸਾ ਲਿਆ, ਜਿਨ੍ਹਾਂ ਵਿਚ ਉਹ ਯੋਗ ਨਹੀਂ ਸੀ ਅਤੇ ਇਸ ਗਲਤ ਕਿਰਿਆ ਨੂੰ ਛੁਪਾਉਣ ਲਈ ਸਹੁੰ ਹੇਠ ਝੂਠੇ ਬਿਆਨ ਦਿੱਤੇ।

ਇਸ ਮਾਮਲੇ ’ਤੇ ਟਿੱਪਣੀ ਕਰਦਿਆਂ ਕਾਰਜਕਾਰੀ ਅਟਾਰਨੀ ਜਨਰਲ ਟੌਡ ਬਲੈਂਚ ਨੇ ਕਿਹਾ ਕਿ ਪ੍ਰਸ਼ਾਸਨ ਕਿਸੇ ਵੀ ਵਿਦੇਸ਼ੀ ਵਿਅਕਤੀ ਨੂੰ ਬਰਦਾਸ਼ਤ ਨਹੀਂ ਕਰੇਗਾ, ਜੋ ਜਾਣਬੁੱਝ ਕੇ ਅਮਰੀਕੀ ਚੋਣ ਪ੍ਰਕਿਰਿਆ ਵਿਚ ਗੈਰ-ਕਾਨੂੰਨੀ ਤੌਰ ’ਤੇ ਵੋਟ ਪਾਉਣ ਦੀ ਕੋਸ਼ਿਸ਼ ਕਰਦਾ ਹੈ। ਇਸੇ ਤਰ੍ਹਾਂ ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ ਦੇ ਡਾਇਰੈਕਟਰ ਕਾਸ਼ ਪਟੇਲ ਨੇ ਕਿਹਾ ਕਿ ਗੈਰ-ਨਾਗਰਿਕਾਂ ਵੱਲੋਂ ਵੋਟ ਪਾਉਣਾ ਇੱਕ ਸੰਘੀ ਅਪਰਾਧ ਹੈ ਅਤੇ ਇਸ ਵਿਰੁੱਧ ਕਾਰਵਾਈ ਜਾਰੀ ਰਹੇਗੀ।

# ਟਰੰਪ ਵੱਲੋਂ ‘ਪ੍ਰੋਜੈਕਟ ਫ੍ਰੀਡਮ’ ਮੁਅੱਤਲ ਕਰਨ ਦਾ ਐਲਾਨ-ਇਰਾਨ ਨਾਲ ਸਮਝੌਤੇ ਦੀ ਉਮੀਦ ਵਧੀ



**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਇਰਾਨ ਨਾਲ ਜੰਗ ਖ਼ਤਮ ਕਰਨ ਲਈ ਚੱਲ ਰਹੀ ਗੱਲਬਾਤ ਵਿੱਚ ‘ਵੱਡੀ ਪ੍ਰਗਤੀ’ ਦਾ ਦਾਅਵਾ ਕਰਦਿਆਂ ਹੋਰਮੁਜ਼ ਜਲਡਮਰੂ ਵਿਚ ਫਸੇ ਜਹਾਜ਼ਾਂ ਨੂੰ ਸੁਰੱਖਿਅਤ ਬਾਹਰ ਕੱਢਣ ਦੀ ਮੁਹਿੰਮ ‘ਪ੍ਰੋਜੈਕਟ ਫ੍ਰੀਡਮ’ ਨੂੰ ਮੁਅੱਤਲ ਕਰ ਦਿੱਤਾ ਹੈ। ਟਰੰਪ ਨੇ ਸੋਸ਼ਲ ਮੀਡੀਆ ਪਲੇਟਫਾਰਮ ‘ਟਰੂਥ ਸੋਸ਼ਲ’ ’ਤੇ ਮੰਗਲਵਾਰ ਨੂੰ ਇੱਕ ਪੋਸਟ ਰਾਹੀਂ ਦੱਸਿਆ ਕਿ ਇਰਾਨੀ ਨੁਮਾਇੰਦਿਆਂ ਨਾਲ ਇੱਕ ਮੁਕੰਮਲ ਅਤੇ ਅੰਤਿਮ ਸਮਝੌਤੇ ਦੀ ਦਿਸ਼ਾ ਵਿਚ ਅਹਿਮ ਪੁਲਾਂਘਾਂ ਪੁੱਟੀਆਂ ਗਈਆਂ ਹਨ।ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਪਾਕਿਸਤਾਨ ਅਤੇ ਕੁਝ ਹੋਰ ਦੇਸ਼ਾਂ ਦੀ ਬੇਨਤੀ ਅਤੇ ਇਰਾਨ ਵਿਰੁੱਧ ਫੌਜੀ ਮੁਹਿੰਮ ਦੌਰਾਨ ਮਿਲੀ ਵੱਡੀ ਸਫਲਤਾ ਨੂੰ ਦੇਖਦੇ ਹੋਏ ਇਹ ਫੈਸਲਾ ਲਿਆ ਗਿਆ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਹਾਲਾਂਕਿ ਇਰਾਨ ਦੀ ਘੇਰਾਬੰਦੀ ਪੂਰੀ ਤਰ੍ਹਾਂ ਜਾਰੀ ਰਹੇਗੀ, ਪਰ ‘ਪ੍ਰੋਜੈਕਟ ਫ੍ਰੀਡਮ’ ਨੂੰ ਕੁਝ ਸਮੇਂ ਲਈ ਰੋਕਿਆ ਜਾ ਰਿਹਾ ਹੈ, ਤਾਂ ਜੋ ਇਹ ਦੇਖਿਆ ਜਾ ਸਕੇ ਕਿ ਸਮਝੌਤੇ ਨੂੰ ਅੰਤਿਮ ਰੂਪ ਦਿੱਤਾ ਜਾ ਸਕਦਾ ਹੈ ਜਾਂ ਨਹੀਂ। ਜ਼ਿਕਰਯੋਗ ਹੈ ਕਿ ਇਹ ਪ੍ਰੋਜੈਕਟ ਸੋਮਵਾਰ ਨੂੰ ਹੀ ਉਨ੍ਹਾਂ ਜਹਾਜ਼ਾਂ ਨੂੰ ਬਚਾਉਣ ਲਈ ਸ਼ੁਰੂ ਕੀਤਾ ਗਿਆ ਸੀ, ਜੋ ਖਾੜੀ ਖੇਤਰ ਵਿਚ ਰਸਤਾ ਬੰਦ ਹੋਣ ਕਾਰਨ ਫਸ ਗਏ ਸਨ।ਦੂਜੇ ਪਾਸੇ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਵਾਈਟ ਹਾਊਸ ਵਿਚ ਪ੍ਰੈੱਸ ਕਾਨਫਰੰਸ ਦੌਰਾਨ ਐਲਾਨ ਕੀਤਾ ਕਿ 28 ਫਰਵਰੀ ਨੂੰ ਸ਼ੁਰੂ ਕੀਤੀ ਗਈ ‘ਅਪਰੇਸ਼ਨ ਐਪਿਕ ਫਿਊਰੀ’ ਸਫ਼ਲਤਾਪੂਰਵਕ ਮੁਕੰਮਲ ਹੋ ਗਈ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਜੰਗ ਦੀ ਬਜਾਏ ਸ਼ਾਂਤੀ ਦਾ ਰਸਤਾ ਚਾਹੁੰਦਾ ਹੈ। ਰੂਬੀਓ ਨੇ ਦੱਸਿਆ ਕਿ ਪ੍ਰੋਜੈਕਟ ਫ੍ਰੀਡਮ ਦਾ ਮੁੱਖ ਉਦੇਸ਼ 87 ਦੇਸ਼ਾਂ ਦੇ ਲਗਭਗ 23,000 ਨਾਗਰਿਕਾਂ ਨੂੰ ਬਚਾਉਣਾ ਸੀ, ਜੋ ਇਰਾਨੀ ਸ਼ਾਸਨ ਕਾਰਨ ਫ਼ਾਰਸ ਦੀ ਖਾੜੀ ਵਿੱਚ ਫਸੇ ਹੋਏ ਸਨ। ਉਨ੍ਹਾਂ ਕਿਹਾ ਕਿ ਇਹ ਕੋਈ ਹਮਲਾਵਰ ਕਾਰਵਾਈ ਨਹੀਂ, ਸਗੋਂ ਬਚਾਅ ਮੁਹਿੰਮ ਸੀ।

**ਰੋਜ਼ਾਨਾ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ :**
**www.punjabmailusa.com**

# ਵ੍ਹਾਈਟ ਹਾਊਸ ਨੇੜੇ ਮੁੜ ਗੋਲੀਬਾਰੀ ! ਇਕ ਗ੍ਰਿਫ਼ਤਾਰ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਡੀ.ਸੀ. ਵਿਚ ਵ੍ਹਾਈਟ ਹਾਊਸ ਨੇੜੇ ਇਕ ਵਾਰ ਫਿਰ ਗੋਲੀਬਾਰੀ ਦੀ ਘਟਨਾ ਵਾਪਰੀ ਹੈ। ਇੱਕ ਹਥਿਆਰਬੰਦ ਵਿਅਕਤੀ ਅਤੇ ਅਮਰੀਕੀ ਗੁਪਤ ਸੇਵਾ ਦੇ ਅਧਿਕਾਰੀਆਂ ਵਿਚਕਾਰ ਭਿਆਨਕ ਗੋਲੀਬਾਰੀ ਤੋਂ ਬਾਅਦ ਸੁਰੱਖਿਆ ਕਾਰਨਾਂ ਕਰਕੇ ਵ੍ਹਾਈਟ ਹਾਊਸ ਨੂੰ ਥੋੜ੍ਹੇ ਸਮੇਂ ਲਈ ਪੂਰੀ ਤਰ੍ਹਾਂ ਬੰਦ ਕਰ ਦਿੱਤਾ ਗਿਆ। ਇਹ ਘਟਨਾ ਵਾਸ਼ਿੰਗਟਨ ਸਮਾਰਕ ਦੇ ਨੇੜੇ ਵਾਪਰੀ, ਜਦੋਂ ਅਮਰੀਕੀ ਉਪ ਰਾਸ਼ਟਰਪਤੀ ਜੇ.ਡੀ. ਵੈਂਸ ਦਾ ਮੋਟਰ ਕਾਫ਼ਲਾ ਲੰਘ ਰਿਹਾ ਸੀ। ਸੋਮਵਾਰ ਦੁਪਹਿਰ ਲਗਭਗ 3:30 ਵਜੇ 15ਵੀਂ ਸਟਰੀਟ ਐੱਸ.ਡਬਲਯੂ. ਅਤੇ ਇੰਡੀਪੈਂਡੈਂਸ ਐਵੇਨਿਊ ਐੱਸ.ਡਬਲਯੂ. ਨੇੜੇ ਇੱਕ ਸ਼ੱਕੀ ਵਿਅਕਤੀ ਨੂੰ ਹਥਿਆਰ ਨਾਲ ਦੇਖਿਆ ਗਿਆ। ਅਮਰੀਕੀ ਗੁਪਤ ਸੇਵਾ ਦੇ ਡਿਪਟੀ ਡਾਇਰੈਕਟਰ ਮੈਥਿਊ ਸੀ. ਕੁਇਨ ਨੇ ਇੱਕ ਪ੍ਰੈੱਸ ਕਾਨਫਰੰਸ ਵਿਚ ਕਿਹਾ ਕਿ ਵ੍ਹਾਈਟ ਹਾਊਸ ਕੰਪਲੈਕਸ ਦੇ ਬਾਹਰਵਾਰ ਗਸ਼ਤ ਕਰ ਰਹੇ ਸਾਦੇ ਕੱਪੜਿਆਂ ਵਾਲੇ ਏਜੰਟਾਂ ਨੇ ਬੰਦੂਕ ਨਾਲ ਲੈਸ ਇੱਕ ਸ਼ੱਕੀ ਵਿਅਕਤੀ ਦੀ ਪਛਾਣ ਕੀਤੀ। ਜਦੋਂ ਵਰਦੀਧਾਰੀ ਅਧਿਕਾਰੀ ਪਹੁੰਚੇ, ਤਾਂ ਸ਼ੱਕੀ ਨੇ ਪੈਦਲ ਹੀ ਮੌਕੇ ਤੋਂ ਭੱਜਣ ਦੀ ਕੋਸ਼ਿਸ਼ ਕੀਤੀ ਅਤੇ ਗੁਪਤ ਸੇਵਾ ਦੇ ਏਜੰਟਾਂ ’ਤੇ ਸਿੱਧੀ ਗੋਲੀਬਾਰੀ ਕਰ ਦਿੱਤੀ। ਸ਼ੱਕੀ ਦੇ ਅਚਾਨਕ ਹਮਲੇ ਤੋਂ ਬਾਅਦ ਗੁਪਤ ਸੇਵਾ ਦੇ ਏਜੰਟਾਂ ਨੇ ਤੁਰੰਤ ਜਵਾਬੀ ਗੋਲੀਬਾਰੀ ਕੀਤੀ, ਜਿਸ ਨਾਲ ਉਹ ਜ਼ਖਮੀ ਹੋ ਗਿਆ। ਉਸਨੂੰ ਤੁਰੰਤ ਹਿਰਾਸਤ ਵਿਚ ਲੈ ਲਿਆ ਗਿਆ ਅਤੇ ਇਲਾਜ ਲਈ ਸਥਾਨਕ ਹਸਪਤਾਲ ਲਿਜਾਇਆ ਗਿਆ। ਸੀਕ੍ਰੇਟ ਸਰਵਿਸ ਅਫਸਰ ਕੁਇਨ ਨੇ ਦੱਸਿਆ ਕਿ ਸ਼ੱਕੀ ਵੱਲੋਂ ਚਲਾਈ ਗਈ ਗੋਲੀ ਉੱਥੇ ਮੌਜੂਦ ਇੱਕ ਨਾਬਾਲਗ ਨੂੰ ਲੱਗੀ। ਹਾਲਾਂਕਿ, ਚੰਗੀ ਖ਼ਬਰ ਇਹ ਹੈ ਕਿ ਨਾਬਾਲਗ ਠੀਕ ਹੈ ਅਤੇ ਉਸ ਦੀਆਂ ਸੱਟਾਂ ਜਾਨਲੇਵਾ ਨਹੀਂ ਹਨ।



# ਪੱਤਰਕਾਰੀ ਦੀ ਆਜ਼ਾਦੀ ਦਾ ਮਾਮਲਾ : ਭਾਰਤ 180 ਦੇਸ਼ਾਂ ਦੀ ਸੂਚੀ 'ਚ 157ਵੇਂ ਸਥਾਨ 'ਤੇ ਪਹੁੰਚਿਆ

**ਨਵੀਂ ਦਿੱਲੀ, (ਪੰਜਾਬ ਮੇਲ)-** ਪੱਤਰਕਾਰੀ ਦੀ ਆਜ਼ਾਦੀ ਦੇ ਮਾਮਲੇ 'ਚ ਭਾਰਤ ਦੀ ਵਿਸ਼ਵ ਪੱਧਰੀ ਰੈਂਕਿੰਗ ਵਿਚ ਵੱਡੀ ਗਿਰਾਵਟ ਦਰਜ ਕੀਤੀ ਗਈ ਹੈ। 'ਰਿਪੋਰਟਰਜ਼ ਵਿਦਾਊਟ ਬਾਰਡਰਜ਼' (ਆਰ.ਐੱਸ.ਐੱਫ.) ਵੱਲੋਂ ਜਾਰੀ ਕੀਤੇ ਗਏ ਵਿਸ਼ਵ ਪ੍ਰੈੱਸ ਫ੍ਰੀਡਮ ਇੰਡੈਕਸ 2026 ਅਨੁਸਾਰ, ਭਾਰਤ 180 ਦੇਸ਼ਾਂ ਦੀ ਸੂਚੀ ਵਿਚ ਖਿਸਕ ਕੇ 157ਵੇਂ ਸਥਾਨ 'ਤੇ ਆ ਗਿਆ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਭਾਰਤ ਇਸ ਸੂਚੀ ਵਿਚ ਜੰਗ ਪ੍ਰਭਾਵਿਤ ਫਲਸਤੀਨ (156), ਤਾਜਿਕਸਤਾਨ (155), ਪਾਕਿਸਤਾਨ (153) ਅਤੇ ਬੰਗਲਾਦੇਸ਼ (152) ਤੋਂ ਵੀ ਹੇਠਾਂ ਚਲਾ ਗਿਆ ਹੈ।



ਪਿਛਲੇ ਸਾਲ ਭਾਰਤ 151ਵੇਂ ਸਥਾਨ 'ਤੇ ਸੀ, ਪਰ ਇੱਕ ਸਾਲ ਦੇ ਅੰਦਰ ਹੀ ਇਸ ਦੀ ਰੈਂਕਿੰਗ ਵਿਚ 6 ਅੰਕਾਂ ਦੀ ਹੋਰ ਗਿਰਾਵਟ ਆਈ ਹੈ। ਰਿਪੋਰਟ ਮੁਤਾਬਕ ਭਾਰਤ ਹੁਣ ਸਿਰਫ਼ 23 ਦੇਸ਼ਾਂ ਤੋਂ ਉੱਪਰ ਹੈ, ਜਦਕਿ ਇਰੀਟਰੀਆ ਸੂਚੀ ਵਿਚ ਸਭ ਤੋਂ ਆਖਰੀ ਸਥਾਨ 'ਤੇ ਬਣਿਆ ਹੋਇਆ ਹੈ।

ਆਰ.ਐੱਸ.ਐੱਫ. ਨੇ ਪੱਤਰਕਾਰੀ ਲਈ ਪੰਜ ਮੁੱਖ ਸੰਕੇਤਕਾਂ ਆਰਥਿਕ, ਕਾਨੂੰਨੀ, ਸੁਰੱਖਿਆ, ਸਿਆਸੀ ਅਤੇ ਸਮਾਜਿਕ ਮਾਹੌਲ ਦੀ ਨਿਗਰਾਨੀ ਕੀਤੀ ਹੈ। ਰਿਪੋਰਟ ਵਿਚ ਵਿਸ਼ੇਸ਼ ਤੌਰ 'ਤੇ ਭਾਰਤ ਦਾ ਨਾਮ ਉਨ੍ਹਾਂ ਦੇਸ਼ਾਂ ਵਿਚ ਲਿਆ ਗਿਆ ਹੈ, ਜਿੱਥੇ ਪੱਤਰਕਾਰੀ ਲਈ ਕਾਨੂੰਨੀ ਹਾਲਾਤ ਸਭ ਤੋਂ ਤੇਜ਼ੀ ਨਾਲ ਵਿਗੜੇ ਹਨ। ਕੌਮੀਂ ਸੁਰੱਖਿਆ ਕਾਨੂੰਨਾਂ ਅਤੇ ਐਮਰਜੈਂਸੀ ਵਿਧਾਨਾਂ ਦੀ ਦੁਰਵਰਤੋਂ ਕਰਕੇ ਪੱਤਰਕਾਰੀ ਦਾ 'ਅਪਰਾਧੀਕਰਨ' ਕਰਨ ਦੇ ਰੁਝਾਨ ਨੂੰ ਇਸ ਗਿਰਾਵਟ ਦਾ ਮੁੱਖ ਕਾਰਨ ਦੱਸਿਆ ਗਿਆ ਹੈ।

ਡੋਨਲਡ ਟਰੰਪ ਦੇ ਪ੍ਰਸ਼ਾਸਨ ਹੇਠ ਅਮਰੀਕਾ 7 ਅੰਕ ਡਿੱਗ ਕੇ 64ਵੇਂ ਸਥਾਨ 'ਤੇ ਆ ਗਿਆ ਹੈ। ਪ੍ਰੈੱਸ 'ਤੇ ਹਮਲੇ ਅਤੇ ਸਰਕਾਰੀ ਮੀਡੀਆ ਸੰਸਥਾਵਾਂ (VOA, ਰੇਡੀਓ ਫ੍ਰੀ ਯੂਰਪ) ਦੇ ਬਜਟ ਵਿਚ ਕਟੌਤੀ ਨੂੰ ਇਸ ਦਾ ਕਾਰਨ ਦੱਸਿਆ ਗਿਆ ਹੈ।

ਦਸੰਬਰ 2025 ਵਿਚ ਬਸ਼ਰ ਅਲ-ਅਸਦ ਦੀ ਤਾਨਾਸ਼ਾਹੀ ਦੇ ਪਤਨ ਤੋਂ ਬਾਅਦ ਸੀਰੀਆ ਨੇ 36 ਅੰਕਾਂ ਦੀ ਵੱਡੀ ਛਲਾਂਗ ਲਗਾਈ ਹੈ ਅਤੇ ਹੁਣ ਉਹ 141ਵੇਂ ਸਥਾਨ 'ਤੇ ਹੈ।

ਰੂਸ ਨੂੰ ਪੱਤਰਕਾਰੀ ਦੇ ਅਪਰਾਧੀਕਰਨ ਦਾ 'ਮਾਹਿਰ' ਦੱਸਿਆ ਗਿਆ ਹੈ, ਜਿੱਥੇ ਅਪ੍ਰੈਲ ਤੱਕ 48 ਪੱਤਰਕਾਰ ਜੇਲ੍ਹਾਂ ਵਿਚ ਬੰਦ ਸਨ।

ਆਰ.ਐੱਸ.ਐੱਫ. ਨੇ 2026 ਦੇ ਇਸ ਇੰਡੈਕਸ ਨੂੰ ਪਿਛਲੇ 25 ਸਾਲਾਂ ਦਾ ਸਭ ਤੋਂ ਨਿਰਾਸ਼ਾਜਨਕ (Bleakest) ਸਾਲ ਕਰਾਰ ਦਿੱਤਾ

## ਰਾਹੁਲ ਗਾਂਧੀ ਖ਼ਿਲਾਫ਼ ਐੱਫ.ਆਈ.ਆਰ. ਦਰਜ ਕਰਨ ਦੀ ਮੰਗ ਵਾਲੀ ਪਟੀਸ਼ਨ ਖਾਰਜ

**ਪ੍ਰਯਾਗਰਾਜ, (ਪੰਜਾਬ ਮੇਲ)-** ਇਲਾਹਾਬਾਦ ਹਾਈ ਕੋਰਟ ਨੇ ਸ਼ੁੱਕਰਵਾਰ ਨੂੰ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੂੰ ਰਾਹਤ ਦਿੰਦੇ ਹੋਏ ਉਨ੍ਹਾਂ ਵਿਰੁੱਧ ਐੱਫ.ਆਈ.ਆਰ. ਦਰਜ ਕਰਨ ਦੇ ਨਿਰਦੇਸ਼ ਦੀ ਮੰਗ ਕਰਨ ਵਾਲੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ। ਜਸਟਿਸ ਵਿਕਰਮ ਡੀ. ਚੌਹਾਨ ਨੇ ਸਿਮਰਨ ਗੁਪਤਾ ਨਾਮ ਦੀ ਇਕ ਔਰਤ ਦੁਆਰਾ ਦਾਇਰ ਪਟੀਸ਼ਨ 'ਤੇ ਇਹ ਹੁਕਮ ਸੁਣਾਇਆ। ਪਟੀਸ਼ਨਕਰਤਾ ਨੇ ਸੰਭਲ ਅਦਾਲਤ ਦੇ ਆਦੇਸ਼ ਨੂੰ ਚੁਣੌਤੀ ਦਿੱਤੀ ਸੀ।

ਸੰਭਲ ਅਦਾਲਤ ਨੇ 2025 'ਚ ਰਾਹੁਲ ਗਾਂਧੀ ਵਿਰੁੱਧ ਉਨ੍ਹਾਂ ਦੀਆਂ ਕਥਿਤ ਵਿਵਾਦਪੂਰਨ ਟਿੱਪਣੀਆਂ ਲਈ ਐੱਫ.ਆਈ.ਆਰ. ਦਰਜ ਕਰਨ ਦੀ ਮੰਗ ਕਰਨ ਵਾਲੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਸੀ, ਜਿਸ ਨੂੰ ਪਟੀਸ਼ਨਕਰਤਾ ਨੇ ਹਾਈ ਕੋਰਟ 'ਚ ਚੁਣੌਤੀ ਦਿੱਤੀ ਸੀ। ਪਟੀਸ਼ਨਕਰਤਾ ਦੇ ਅਨੁਸਾਰ, ਰਾਹੁਲ ਗਾਂਧੀ ਨੇ 2025 'ਚ ਆਲ ਇੰਡੀਆ ਕਾਂਗਰਸ ਕਮੇਟੀ ਦੇ ਦਫਤਰ ਦੇ ਉਦਘਾਟਨ ਦੌਰਾਨ ਕਿਹਾ ਸੀ ਕਿ ਅਸੀਂ ਭਾਜਪਾ, ਆਰ.ਐੱਸ.ਐੱਸ. ਅਤੇ ਭਾਰਤ ਸਰਕਾਰ ਵਿਰੁੱਧ ਲੜ ਰਹੇ ਹਾਂ। ਪਟੀਸ਼ਨਕਰਤਾ ਨੇ ਦਲੀਲ ਦਿੱਤੀ ਕਿ ਇਸ ਟਿੱਪਣੀ ਨੇ ਦੇਸ਼ ਭਰ ਦੇ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ, ਕਿਉਂਕਿ ਰਾਹੁਲ ਗਾਂਧੀ ਦੀਆਂ ਟਿੱਪਣੀਆਂ ਦੇਸ਼ਧ੍ਰੋਹ ਦੇ ਬਰਾਬਰ ਹਨ ਅਤੇ ਜਾਣਬੁੱਝ ਕੇ ਦੇਸ਼ ਨੂੰ ਅਸਥਿਰ ਕਰਨ ਦੇ ਇਰਾਦੇ ਨਾਲ ਕੀਤੀਆਂ ਗਈਆਂ ਸਨ।

# ਅੰਮ੍ਰਿਤਸਰ ਤੋਂ ਕਤਰ ਏਅਰਵੇਜ਼ ਦੀਆਂ ਰੋਜ਼ਾਨਾ ਉਡਾਣਾਂ ਮੁੜ ਸ਼ੁਰੂ



**ਅੰਮ੍ਰਿਤਸਰ, (ਪੰਜਾਬ ਮੇਲ)-** ਪੰਜਾਬ ਦੇ ਸ੍ਰੀ ਗੁਰੂ ਰਾਮਦਾਸ ਜੀ ਕੌਮਾਂਤਰੀ ਹਵਾਈ ਅੱਡੇ ਤੋਂ ਕਤਰ ਏਅਰਵੇਜ਼ ਨੇ ਅਪ੍ਰੈਲ ਦੇ ਆਖਰੀ ਹਫ਼ਤੇ ਤੋਂ ਆਪਣੀਆਂ ਰੋਜ਼ਾਨਾ ਉਡਾਣਾਂ ਦਾ ਸੰਚਾਲਨ ਮੁੜ ਸ਼ੁਰੂ ਕਰ ਦਿੱਤਾ ਹੈ। ਇਰਾਨ-ਇਜ਼ਰਾਈਲ ਟਕਰਾਅ ਕਾਰਨ ਕਤਰ ਦਾ ਹਵਾਈ ਖੇਤਰ ਬੰਦ ਹੋਣ ਕਾਰਨ ਮਾਰਚ ਦੇ ਪਹਿਲੇ ਹਫ਼ਤੇ ਤੋਂ ਇਹ ਸੇਵਾਵਾਂ ਮੁਅੱਤਲ ਕਰ ਦਿੱਤੀਆਂ ਗਈਆਂ ਸਨ, ਜਿਸ ਤੋਂ ਬਾਅਦ ਏਅਰਲਾਈਨ ਹਫ਼ਤੇ ਵਿਚ ਸਿਰਫ਼ ਦੋ ਉਡਾਣਾਂ ਹੀ ਚਲਾ ਰਹੀ ਸੀ।

ਜਾਣਕਾਰੀ ਅਨੁਸਾਰ, ਦੋਹਾ ਤੋਂ ਆਉਣ ਵਾਲੀ ਫਲਾਈਟ ਰਾਤ 2:30 ਵਜੇ ਅੰਮ੍ਰਿਤਸਰ ਪਹੁੰਚਦੀ ਹੈ, ਜਦੋਂਕਿ ਇੱਥੋਂ ਵਾਪਸੀ ਦੀ ਉਡਾਣ ਦੁਪਹਿਰ 3:30 ਵਜੇ ਰਵਾਨਾ ਹੁੰਦੀ ਹੈ। ਇਹ ਸੇਵਾ ਦੋਹਾ ਰਾਹੀਂ ਅਮਰੀਕਾ, ਕੈਨੇਡਾ ਅਤੇ ਯੂਰਪ ਜਾਣ ਵਾਲੇ ਪੰਜਾਬੀ ਮੁਸਾਫਰਾਂ ਲਈ ਬੇਹੱਦ ਅਹਿਮ ਮੰਨੀ ਜਾਂਦੀ ਹੈ।

ਇੱਕ ਹੋਰ ਹਾਂ-ਪੱਖੀ ਕਦਮ ਤਹਿਤ ਏਅਰ ਇੰਡੀਆ ਐਕਸਪ੍ਰੈੱਸ ਨੇ ਵੀ ਸ਼ਾਰਜਾਹ ਲਈ ਆਪਣੀਆਂ ਰੋਜ਼ਾਨਾ ਉਡਾਣਾਂ ਬਹਾਲ ਕਰ ਦਿੱਤੀਆਂ ਹਨ। ਯੁੱਧ ਕਾਰਨ ਗਲਫ ਦੇਸ਼ਾਂ ਨੂੰ ਜਾਣ ਵਾਲੀਆਂ ਕਈ ਉਡਾਣਾਂ ਪ੍ਰਭਾਵਿਤ ਹੋਈਆਂ ਸਨ। ਹਾਲਾਂਕਿ, ਇੰਡੀਗੋ ਨੇ ਅਜੇ ਤੱਕ ਅੰਮ੍ਰਿਤਸਰ ਤੋਂ ਆਪਣੀ ਸ਼ਾਰਜਾਹ ਸੇਵਾ ਸ਼ੁਰੂ ਨਹੀਂ ਕੀਤੀ ਹੈ, ਜਿਸ ਕਾਰਨ ਦੁਬਈ ਰੂਟ 'ਤੇ ਕੁਝ ਦਿੱਕਤਾਂ ਬਰਕਰਾਰ ਹਨ।

ਮੁਸਾਫਰਾਂ ਦੀ ਸਹੂਲਤ ਲਈ ਕਤਰ ਏਅਰਵੇਜ਼ ਨੇ ਐਲਾਨ ਕੀਤਾ ਹੈ ਕਿ ਅਕਤੂਬਰ ਤੱਕ ਦੀ ਬੁਕਿੰਗ ਵਾਲੇ ਯਾਤਰੀ ਬਿਨਾਂ ਕਿਸੇ 'ਚੇਂਜ ਫੀਸ' ਦੇ ਆਪਣੀ ਯਾਤਰਾ ਦੀ ਤਰੀਕ ਬਦਲ ਸਕਦੇ ਹਨ, ਹਾਲਾਂਕਿ ਕਿਰਾਏ ਦਾ ਅੰਤਰ ਦੇਣਾ ਹੋਵੇਗਾ।

'ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ' ਦੇ ਸਮੀਪ ਸਿੰਘ ਨੇ ਕਿਹਾ ਕਿ ਇਨ੍ਹਾਂ ਉਡਾਣਾਂ ਦੇ ਮੁੜ ਸ਼ੁਰੂ ਹੋਣ ਨਾਲ ਖਾਸ ਕਰਕੇ ਟੋਰਾਂਟੋ, ਮਾਂਟਰੀਅਲ ਅਤੇ ਅਮਰੀਕਾ ਦੇ ਵੱਖ-ਵੱਖ ਸ਼ਹਿਰਾਂ ਨੂੰ ਜਾਣ ਵਾਲੇ ਯਾਤਰੀਆਂ ਨੂੰ ਵੱਡਾ ਫਾਇਦਾ ਹੋਵੇਗਾ।




# ਭਾਰਤੀ ਪਾਸਪੋਰਟ ਦੀ ਨਵੀਂ ਰੈਂਕਿੰਗ ’ਚ ਹੋਇਆ ਸੁਧਾਰ

**ਨਵੀਂ ਦਿੱਲੀ, (ਪੰਜਾਬ ਮੇਲ)-** ਹੈਨਲੀ ਪਾਸਪੋਰਟ ਇੰਡੈਕਸ ਹਰ ਸਾਲ ਵੱਖ-ਵੱਖ ਦੇਸ਼ਾਂ ਦੇ ਪਾਸਪੋਰਟਾਂ ਦੀ ਤਾਕਤ ਦਾ ਮੁਲਾਂਕਣ ਕਰਦਾ ਹੈ। ਇਹ ਇੰਡੈਕਸ ਇਹ ਮਾਪਦਾ ਹੈ ਕਿ ਕਿਸੇ ਦੇਸ਼ ਦੇ ਨਾਗਰਿਕ ਬਿਨਾਂ ਵੀਜ਼ਾ ਜਾਂ ਵੀਜ਼ਾ-ਆਨ-ਅਰਾਈਵਲ ਨਾਲ ਕਿੰਨੇ ਦੇਸ਼ਾਂ ਵਿਚ ਯਾਤਰਾ ਕਰ ਸਕਦੇ ਹਨ। 2026 ਦੀ ਨਵੀਂ ਰਿਪੋਰਟ ਭਾਰਤ ਲਈ ਖ਼ੁਸ਼ਖਬਰੀ ਲੈ ਕੇ ਆਈ ਹੈ, ਜਦੋਂ ਕਿ ਬਹੁਤ ਸਾਰੇ ਵਿਕਸਤ ਅਤੇ ਅਮੀਰ ਦੇਸ਼ਾਂ ਦੀ ਰੈਂਕਿੰਗ ਵਿਚ ਗਿਰਾਵਟ ਦੇਖੀ ਗਈ ਹੈ।

■ **ਬਹੁਤ ਸਾਰੇ ਵਿਕਸਤ ਅਤੇ ਅਮੀਰ ਦੇਸ਼ਾਂ ਦੀ ਰੈਂਕਿੰਗ ’ਚ ਆਈ ਗਿਰਾਵਟ**




2026 ਦੀ ਰੈਂਕਿੰਗ ਦੇ ਅਨੁਸਾਰ ਭਾਰਤ ਨੇ ਰੈਂਕਿੰਗ ਵਿਚ ਮਹੱਤਵਪੂਰਨ ਸੁਧਾਰ ਕੀਤਾ ਹੈ। ਭਾਰਤੀ ਪਾਸਪੋਰਟ ਹੁਣ 75ਵੇਂ ਸਥਾਨ ’ਤੇ ਪਹੁੰਚ ਗਿਆ ਹੈ, ਜੋ ਪਿਛਲੇ ਸਾਲ 85ਵੇਂ ਸਥਾਨ ’ਤੇ ਸੀ। ਇਸਦਾ ਮਤਲਬ ਹੈ ਕਿ ਭਾਰਤ 10 ਸਥਾਨਾਂ ਦੀ ਛਾਲ ਮਾਰ ਗਿਆ ਹੈ। ਭਾਰਤੀ ਨਾਗਰਿਕ ਹੁਣ 56 ਦੇਸ਼ਾਂ ਵਿਚ ਵੀਜ਼ਾ-ਮੁਕਤ ਜਾਂ ਆਸਾਨ ਵੀਜ਼ਾ ਪਹੁੰਚ ਨਾਲ ਯਾਤਰਾ ਕਰ ਸਕਦੇ ਹਨ।

ਦੂਜੇ ਪਾਸੇ ਪਾਕਿਸਤਾਨ ਦੀ ਰੈਂਕਿੰਗ ਵਿਚ ਵੀ ਥੋੜ੍ਹਾ ਸੁਧਾਰ ਹੋਇਆ ਹੈ, ਪਰ ਇਹ ਅਜੇ ਵੀ ਬਹੁਤ ਪਿੱਛੇ ਹੈ। ਪਾਕਿਸਤਾਨ ਪਿਛਲੇ ਸਾਲ 103ਵੇਂ ਸਥਾਨ ਦੇ ਮੁਕਾਬਲੇ 98ਵੇਂ ਸਥਾਨ ’ਤੇ ਹੈ। ਪਾਕਿਸਤਾਨੀ ਨਾਗਰਿਕ ਸਿਰਫ਼ 31 ਦੇਸ਼ਾਂ ਵਿਚ ਵੀਜ਼ਾ-ਮੁਕਤ ਯਾਤਰਾ ਕਰ ਸਕਦੇ ਹਨ। ਵਿਸ਼ਵ ਪੱਧਰ ’ਤੇ ਭਾਰਤ ਨੂੰ ਮੱਧ ਸ਼੍ਰੇਣੀ ਵਿਚ ਦਰਜਾ ਦਿੱਤਾ ਗਿਆ ਹੈ, ਜਦੋਂ ਕਿ ਪਾਕਿਸਤਾਨ ਹੇਠਲੇ ਸਮੂਹ ਵਿਚ ਹੈ, ਜਿਸ ਵਿਚ ਅਫਗਾਨਿਸਤਾਨ, ਇਰਾਕ ਅਤੇ ਯਮਨ ਵਰਗੇ ਦੇਸ਼ ਸ਼ਾਮਲ ਹਨ। ਸਿੰਗਾਪੁਰ ਨੇ ਇਸ ਸਾਲ ਵੀ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਸਿੰਗਾਪੁਰ ਦੇ ਨਾਗਰਿਕ ਬਿਨਾਂ ਵੀਜ਼ਾ ਦੇ 192 ਦੇਸ਼ਾਂ ਦੀ ਯਾਤਰਾ ਕਰ ਸਕਦੇ ਹਨ। ਤਿੰਨ ਦੇਸ਼ ਜਾਪਾਨ, ਦੱਖਣੀ ਕੋਰੀਆ ਅਤੇ ਸੰਯੁਕਤ ਅਰਬ ਅਮੀਰਾਤ ਸਾਂਝੇ ਤੌਰ ’ਤੇ ਦੂਜੇ ਸਥਾਨ ’ਤੇ ਹਨ, ਜਿਨ੍ਹਾਂ ਦੇ ਨਾਗਰਿਕਾਂ ਨੂੰ 187 ਦੇਸ਼ਾਂ ਤੱਕ ਵੀਜ਼ਾ-ਮੁਕਤ ਪਹੁੰਚ ਹੈ। ਹਾਲਾਂਕਿ ਖ਼ਾਸ ਗੱਲ ਇਹ ਹੈ ਕਿ ਯੂ.ਏ.ਈ ਦੇ ਨਾਗਰਿਕਾਂ ਨੂੰ ਅਮਰੀਕਾ ਵਿਚ ਵੀਜ਼ਾ-ਮੁਕਤ ਪ੍ਰਵੇਸ਼ ਪ੍ਰਾਪਤ ਨਹੀਂ ਹੁੰਦਾ, ਜਦੋਂ ਕਿ ਜਾਪਾਨ ਅਤੇ ਦੱਖਣੀ ਕੋਰੀਆ ਦੇ ਨਾਗਰਿਕਾਂ ਨੂੰ ਮਿਲਦਾ ਹੈ। ਨਾਰਵੇ ਅਤੇ ਸਵਿਟਜ਼ਰਲੈਂਡ (185 ਦੇਸ਼ਾਂ ਤੱਕ ਪਹੁੰਚ) ਰੈਂਕਿੰਗ ਵਿਚ ਮੋਹਰੀ ਦੇਸ਼ਾਂ ਵਿਚੋਂ ਹਨ। ਇਸ ਤੋਂ ਇਲਾਵਾ ਬਹੁਤ ਸਾਰੇ ਯੂਰਪੀ ਸੰਘ ਦੇ ਦੇਸ਼ਾਂ ਦੇ ਪਾਸਪੋਰਟ ਮਜ਼ਬੂਤ ਮੰਨੇ ਜਾਂਦੇ ਹਨ, ਹਾਲਾਂਕਿ ਮੈਂਬਰ ਦੇਸ਼ਾਂ ਵਿਚਕਾਰ ਵੀਜ਼ਾ-ਮੁਕਤ ਪਹੁੰਚ ਵਿਚ ਅੰਤਰ ਹਨ - ਉਦਾਹਰਣ ਵਜੋਂ, ਸਵੀਡਨ ਕੋਲ 186 ਦੇਸ਼ਾਂ ਤੱਕ ਪਹੁੰਚ ਹੈ, ਜਦੋਂ ਕਿ ਬੁਲਗਾਰੀਆ ਅਤੇ ਰੋਮਾਨੀਆ ਕੋਲ 177 ਹਨ। ਇਸ ਦੇ ਇਲਾਵਾ ਮਲੇਸ਼ੀਆ, ਯੂਨਾਈਟਿਡ ਕਿੰਗਡਮ, ਆਸਟ੍ਰੇਲੀਆ, ਕੈਨੇਡਾ ਅਤੇ ਨਿਊਜ਼ੀਲੈਂਡ ਵੀ ਚੋਟੀ ਦੇ 10 ਵਿਚ ਸ਼ਾਮਲ ਹਨ।

ਇਸ ਸਾਲ ਬਹੁਤ ਸਾਰੇ ਵਿਕਸਿਤ ਦੇਸ਼ਾਂ ਵਿਚ ਗਿਰਾਵਟ ਆਈ ਹੈ। ਅਮਰੀਕਾ, ਜੋ ਕਦੇ ਸੂਚੀ ਵਿਚ ਸਿਖਰ ’ਤੇ ਸੀ, ਹੁਣ 10ਵੇਂ ਸਥਾਨ ’ਤੇ ਆ ਗਿਆ ਹੈ। ਇਹ ਮੁੱਖ ਤੌਰ ’ਤੇ ਸਖ਼ਤ ਵੀਜ਼ਾ ਨਿਯਮਾਂ ਅਤੇ ਦੂਜੇ ਦੇਸ਼ਾਂ ਨਾਲ ਆਪਸੀ ਤਾਲਮੇਲ ਦੀ ਘਾਟ ਕਾਰਨ ਹੈ। ਇਸੇ ਤਰ੍ਹਾਂ, ਯੂਨਾਈਟਿਡ ਕਿੰਗਡਮ ਚੋਟੀ ਦੇ 3 ਤੋਂ ਹੇਠਾਂ ਆ ਗਿਆ ਹੈ ਅਤੇ ਹੁਣ ਛੇਵੇਂ ਸਥਾਨ ’ਤੇ ਹੈ। ਕੈਨੇਡਾ ਅਤੇ ਆਸਟ੍ਰੇਲੀਆ, ਜੋ ਪਹਿਲਾਂ ਚੋਟੀ ਦੇ 5 ਵਿਚ ਦਰਜਾ ਪ੍ਰਾਪਤ ਸਨ, ਹੁਣ ਕ੍ਰਮਵਾਰ 7ਵੇਂ ਅਤੇ 8ਵੇਂ ਸਥਾਨ ’ਤੇ ਆ ਗਏ ਹਨ। ਸੁਰੱਖਿਆ ਅਤੇ ਇਮੀਗ੍ਰੇਸ਼ਨ ਨਿਯੰਤਰਣ ਲਈ ਸਖ਼ਤ ਵੀਜ਼ਾ ਨੀਤੀਆਂ ਅਪਣਾਉਣ ਨਾਲ ਇਨ੍ਹਾਂ ਦੇਸ਼ਾਂ ਦੀ ਦਰਜਾਬੰਦੀ ਪ੍ਰਭਾਵਿਤ ਹੋਈ ਹੈ।

ਰਿਪੋਰਟ ਦੇ ਅਨੁਸਾਰ ਅਫਗਾਨਿਸਤਾਨ ਦੁਨੀਆਂ ਦੇ ਸਭ ਤੋਂ ਕਮਜ਼ੋਰ ਪਾਸਪੋਰਟ ਵਾਲੇ ਦੇਸ਼ਾਂ ਦੀ ਸੂਚੀ ਵਿਚ ਸਭ ਤੋਂ ਹੇਠਾਂ ਹੈ, ਇਸਦੇ ਨਾਗਰਿਕਾਂ ਕੋਲ ਸਿਰਫ 23 ਦੇਸ਼ਾਂ ਵਿਚ ਵੀਜ਼ਾ-ਮੁਕਤ ਪਹੁੰਚ ਹੈ। ਸੀਰੀਆ, ਇਰਾਕ, ਸੋਮਾਲੀਆ, ਨੇਪਾਲ, ਉੱਤਰੀ ਕੋਰੀਆ, ਬੰਗਲਾਦੇਸ਼ ਅਤੇ ਈਰਾਨ ਵਰਗੇ ਦੇਸ਼ ਵੀ ਹੇਠਲੇ ਸਥਾਨ ’ਤੇ ਹਨ।

## ਆਸਟ੍ਰੇਲੀਆ ’ਚ ਭਾਰਤੀਆਂ ਦੀ ਗਿਣਤੀ ਨੇ ਇੰਗਲੈਂਡ ਨੂੰ ਪਛਾੜਿਆ!

**ਮੈਲਬਰਨ, (ਪੰਜਾਬ ਮੇਲ)-** ਆਸਟ੍ਰੇਲੀਆ ਦੀ ਆਬਾਦੀ ਦੇ ਇਤਿਹਾਸ ਵਿਚ ਇੱਕ ਵੱਡੀ ਤਬਦੀਲੀ ਆਈ ਹੈ। ਦਰਅਸਲ, ਇੱਥੇ ਹੁਣ ਭਾਰਤੀ ਮੂਲ ਦੇ ਲੋਕਾਂ ਦੀ ਗਿਣਤੀ ਨੇ ਅੰਕੜਿਆਂ ਵਿਚ ਇੰਗਲੈਂਡ ਦੇ ਮੂਲ ਨਿਵਾਸੀਆਂ ਨੂੰ ਵੀ ਪਛਾੜ ਦਿੱਤਾ ਹੈ।

ਆਸਟ੍ਰੇਲੀਅਨ ਬਿਊਰੋ ਆਫ਼ ਸਟੈਟਿਸਟਿਕਸ (ਏ.ਬੀ.ਐੱਸ.) ਦੇ 2026 ਦੇ ਤਾਜ਼ਾ ਅੰਕੜਿਆਂ ਮੁਤਾਬਕ, ਆਸਟ੍ਰੇਲੀਆ ਵਿਚ ਭਾਰਤੀ ਮੂਲ ਦੇ ਲੋਕਾਂ ਦੀ ਗਿਣਤੀ 9,71,020 ਹੋ ਗਈ ਹੈ, ਜੋ ਕਿ ਇੰਗਲੈਂਡ ਦੇ 9,70,950 ਦੇ ਅੰਕੜੇ ਤੋਂ ਥੋੜ੍ਹੀ ਜ਼ਿਆਦਾ ਹੈ। ਇਹ ਵਾਧਾ ਮਾਮੂਲੀ ਹੋਣ ਦੇ ਬਾਵਜੂਦ ਇਤਿਹਾਸਕ ਤੌਰ ’ਤੇ ਬਹੁਤ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ।

ਖ਼ਾਸ ਗੱਲ ਇਹ ਹੈ ਕਿ 1891 ਵਿਚ ਰਿਕਾਰਡ ਰੱਖਣ ਦੀ ਸ਼ੁਰੂਆਤ ਤੋਂ ਬਾਅਦ ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਇੰਗਲੈਂਡ ਪਹਿਲੇ ਨੰਬਰ ਤੋਂ ਹੇਠਾਂ ਖਿਸਕ ਗਿਆ ਹੈ।

ਮਾਹਿਰਾਂ ਮੁਤਾਬਕ ਇਹ ਬਦਲਾਅ ਪਿਛਲੇ 10 ਸਾਲਾਂ ਦੌਰਾਨ ਆਸਟ੍ਰੇਲੀਆ ਵਿਚ ਭਾਰਤੀ ਪ੍ਰਵਾਸੀਆਂ ਦੀ ਗਿਣਤੀ ਵਿਚ ਹੋਏ 5 ਲੱਖ ਤੋਂ ਵੱਧ ਦੇ ਵਾਧੇ ਅਤੇ ਇੰਗਲੈਂਡ ਮੂਲ ਦੀ ਵੱਸੋਂ ਦੇ ਉਮਰ ਦਰਾਜ਼ ਹੋਣ ਕਾਰਨ ਦੇਖਣ ਨੂੰ ਮਿਲਿਆ ਹੈ।

ਅੰਕੜਾ ਵਿਭਾਗ ਅਨੁਸਾਰ, ਇਸ ਸਮੇਂ ਆਸਟ੍ਰੇਲੀਆ ਦੀ ਕੁੱਲ ਆਬਾਦੀ ਦਾ ਲਗਪਗ 32 ਫੀਸਦੀ ਹਿੱਸਾ ਉਨ੍ਹਾਂ ਲੋਕਾਂ ਦਾ ਹੈ, ਜਿਨ੍ਹਾਂ ਦਾ ਜਨਮ ਵਿਦੇਸ਼ਾਂ ਵਿਚ ਹੋਇਆ ਹੈ।

# ਕੈਨੇਡਾ ’ਚ ਹੋਣ ਵਾਲੇ ਮਾਸਟਰਜ਼ ਵਿਸ਼ਵ ਕੱਪ ਲਈ ਅਰਸ਼ਦੀਪ ਸਿੰਘ ਦੇ ਪਿਤਾ ਦਰਸ਼ਨ ਸਿੰਘ ਦੀ ਚੋਣ

**ਮਿਸੀਸਾਗਾ/ਚੰਡੀਗੜ੍ਹ, (ਪੰਜਾਬ ਮੇਲ)-** ਆਮ ਤੌਰ ’ਤੇ ਬੱਚੇ ਆਪਣੇ ਮਾਪਿਆਂ ਦੇ ਨਕਸ਼ੇ-ਕਦਮਾਂ ’ਤੇ ਚੱਲਦੇ ਹਨ ਪਰ ਭਾਰਤੀ ਤੇਜ਼ ਗੇਂਦਬਾਜ਼ ਅਤੇ ਦੋ ਵਾਰ ਦੇ ਟੀ-20 ਵਿਸ਼ਵ ਕੱਪ ਜੇਤੂ ਟੀਮ ਦੇ ਮੈਂਬਰ ਅਰਸ਼ਦੀਪ ਸਿੰਘ ਦੇ ਮਾਮਲੇ ਵਿਚ ਉਲਟ ਹੋ ਰਿਹਾ ਹੈ। ਅਰਸ਼ਦੀਪ ਦੇ ਪਿਤਾ ਦਰਸ਼ਨ ਸਿੰਘ ਦੀ ਚੋਣ ਅਗਸਤ 2026 ਵਿਚ ਮਿਸੀਸਾਗਾ (ਕੈਨੇਡਾ) ’ਚ ਹੋਣ ਵਾਲੇ 60 ਸਾਲ ਤੋਂ ਉੱਪਰ ਦੇ ਕ੍ਰਿਕਟ ਵਿਸ਼ਵ ਕੱਪ ਲਈ ਭਾਰਤੀ ਟੀਮ ਵਿਚ ਹੋਈ ਹੈ। ਵੈਟਰਨਜ਼ ਕ੍ਰਿਕਟ ਇੰਡੀਆ (ਵੀ.ਸੀ.ਆਈ.) ਨੇ ਇਸ ਟੂਰਨਾਮੈਂਟ ਲਈ 16 ਮੈਂਬਰੀ ਟੀਮ ਦਾ ਐਲਾਨ ਕਰ ਦਿੱਤਾ ਹੈ, ਜਿਸ ਦਾ ਪ੍ਰਬੰਧ ਕੌਂਸਲ ਆਫ ਕੈਨੇਡਾ ਮਾਸਟਰਜ਼ ਕ੍ਰਿਕਟ ਵੱਲੋਂ ਕੀਤਾ ਜਾ ਰਿਹਾ ਹੈ।

ਭਾਰਤੀ ਟੀਮ ਦੀ ਚੋਣ ਲਈ ਨੈਸ਼ਨਲ ਇੰਟਰ-ਜ਼ੋਨਲ ਟੂਰਨਾਮੈਂਟ ਕਰਵਾਇਆ ਗਿਆ ਸੀ ਅਤੇ ਖਿਡਾਰੀਆਂ ਦੀ ਫਿਟਨੈੱਸ ਦਾ ਮੁਲਾਂਕਣ ਕੀਤਾ ਗਿਆ। ਇਸ ਟੀਮ ਵਿਚ ਖਿਡਾਰੀਆਂ ਦੇ ਹੁਨਰ, ਸਰੀਰਕ ਸਮਰੱਥਾ ਅਤੇ ਖੇਡ ਪ੍ਰਤੀ ਉਨ੍ਹਾਂ ਦੇ ਨਜ਼ਰੀਏ ਨੂੰ ਮੁੱਖ ਰੱਖਿਆ ਗਿਆ। ਚੁਣੇ ਗਏ ਖਿਡਾਰੀਆਂ ਵਿਚ ਯੂ.ਆਰ. ਰਾਧਾਕ੍ਰਿਸ਼ਨਨ, ਵਰਿੰਦਰ ਭੁੰਬਲਾ, ਹੈਦਰ ਅਲੀ ਅਤੇ ਦਰਸ਼ਨ ਸਿੰਘ ਸਮੇਤ ਕੁੱਲ 16 ਮੈਂਬਰ ਸ਼ਾਮਲ ਹਨ।

ਭਾਰਤੀ ਟੀਮ ਨੂੰ ਪੂਲ-ਬੀ ਵਿਚ ਰੱਖਿਆ ਗਿਆ ਹੈ, ਜਿੱਥੇ ਉਸ ਦਾ



ਮੁਕਾਬਲਾ ਇੰਗਲੈਂਡ, ਨਿਊਜ਼ੀਲੈਂਡ, ਅਮਰੀਕਾ, ਜ਼ਿੰਬਾਬਵੇ, ਵੈਸਟਇੰਡੀਜ਼ ਅਤੇ ਸਕਾਟਲੈਂਡ ਵਰਗੀਆਂ ਟੀਮਾਂ ਨਾਲ ਹੋਵੇਗਾ। ਪੂਲ-ਏ ਵਿਚ ਆਸਟ੍ਰੇਲੀਆ, ਸ੍ਰੀਲੰਕਾ, ਪਾਕਿਸਤਾਨ, ਕੈਨੇਡਾ ਅਤੇ ਦੱਖਣੀ ਅਫਰੀਕਾ ਵਰਗੀਆਂ ਟੀਮਾਂ ਸ਼ਾਮਲ ਹਨ। ਇਹ ਟੂਰਨਾਮੈਂਟ 9 ਅਗਸਤ ਤੋਂ ਸ਼ੁਰੂ ਹੋਵੇਗਾ ਅਤੇ ਇਸ ਦਾ ਫਾਈਨਲ ਮੁਕਾਬਲਾ 23 ਅਗਸਤ ਨੂੰ ਖੇਡਿਆ ਜਾਵੇਗਾ।

ਸੀ.ਆਈ.ਐੱਸ.ਐੱਫ. ਦੇ ਸਾਬਕਾ ਇੰਸਪੈਕਟਰ ਦਰਸ਼ਨ ਸਿੰਘ ਖੁਦ ਕ੍ਰਿਕਟ ਦੇ ਬਹੁਤ ਵੱਡੇ ਸ਼ੌਕੀਨ ਹਨ। ਉਹ ਲਗਾਤਾਰ ਕਾਰਪੋਰੇਟ ਕ੍ਰਿਕਟ ਖੇਡਦੇ ਰਹੇ ਹਨ ਅਤੇ ਅਰਸ਼ਦੀਪ ਸਿੰਘ ਨੂੰ ਸਥਾਨਕ ਮੈਦਾਨਾਂ ਤੋਂ ਅੰਤਰਰਾਸ਼ਟਰੀ ਪੱਧਰ ਤੱਕ ਪਹੁੰਚਾਉਣ ਵਿਚ ਉਨ੍ਹਾਂ ਦਾ ਬਹੁਤ ਵੱਡਾ ਯੋਗਦਾਨ ਰਿਹਾ ਹੈ। ਹੁਣ ਉਹ ਖੁਦ ਵਿਸ਼ਵ ਪੱਧਰ ’ਤੇ ਭਾਰਤ ਦੀ ਨੁਮਾਇੰਦਗੀ ਕਰਨ ਲਈ ਤਿਆਰ ਹਨ।

# ਇਰਾਨ ’ਚ ਫਸੇ ਸਿੱਖਾਂ ਦਾ ਮਾਮਲਾ ਵਿਦੇਸ਼ ਮੰਤਰਾਲੇ ਕੋਲ ਚੁੱਕਿਆ

**ਨਵੀਂ ਦਿੱਲੀ, (ਪੰਜਾਬ ਮੇਲ)-** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਰਾਨ ਵਿੱਚ ਫਸੇ ਸਿੱਖਾਂ ਨੂੰ ਸੁਰੱਖਿਅਤ ਭਾਰਤ ਵਾਪਸ ਲਿਆਉਣ ਲਈ ਕੇਂਦਰੀ ਵਿਦੇਸ਼ ਮੰਤਰਾਲੇ ਕੋਲ ਪਹੁੰਚ ਕੀਤੀ ਹੈ। ਕਮੇਟੀ ਨੇ ਮੰਗ ਕੀਤੀ ਹੈ ਕਿ ਉੱਥੇ ਫਸੇ ਸਿੱਖ ਭਾਈਚਾਰੇ ਦੇ ਮੈਂਬਰਾਂ ਨੂੰ ਕੱਢਣ ਲਈ ਸਰਕਾਰ ਤੁਰੰਤ ਢੁਕਵੇਂ ਕਦਮ ਚੁੱਕੇ।

ਵਿਦੇਸ਼ ਮੰਤਰਾਲੇ ਦੇ ਜੁਆਇੰਟ ਸਕੱਤਰ ਆਨੰਦ ਪ੍ਰਕਾਸ਼ ਨਾਲ ਮੁਲਾਕਾਤ ਲਈ ਪਹੁੰਚੇ ਕਮੇਟੀ ਦੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਅਤੇ ਵਿਸ਼ੇਸ਼ ਮਾਮਲਿਆਂ ਦੇ ਸਲਾਹਕਾਰ ਪਰਮਜੀਤ ਸਿੰਘ ਚੰਢੋਕ ਨੇ ਦੱਸਿਆ ਕਿ ਇਰਾਨ ਦੀ ਰਾਜਧਾਨੀ ਤਹਿਰਾਨ ਤੋਂ ਸਿੱਖਾਂ ਨੂੰ ਲੈ ਕੇ ਵਿਸ਼ੇਸ਼ ਜਹਾਜ਼ ਦਿੱਲੀ ਪਹੁੰਚਣਾ ਸੀ, ਪਰ ਅਚਾਨਕ ਇਹ ਉਡਾਣ ਰੱਦ ਕਰ ਦਿੱਤੀ ਗਈ। ਅਧਿਕਾਰੀਆਂ ਨੇ ਵਫ਼ਦ ਨੂੰ ਸਪੱਸ਼ਟ ਕੀਤਾ ਕਿ ਕੁਝ ਨਾ ਟਾਲੇ ਜਾ ਸਕਣ ਵਾਲੇ ਤਕਨੀਕੀ ਜਾਂ ਹੋਰ ਕਾਰਨਾਂ ਕਰ ਕੇ ਇਹ ਉਡਾਣ ਰੱਦ ਹੋਈ ਹੈ, ਜਿਸ ਕਾਰਨ ਸਿੱਖਾਂ ਨੂੰ ਲਿਆਉਣ ਵਿੱਚ ਦੇਰੀ ਹੋਈ। ਜੁਆਇੰਟ

■ **ਵਿਦੇਸ਼ ਮੰਤਰਾਲੇ ਦੇ ਜੁਆਇੰਟ ਸਕੱਤਰ ਨੇ ਸਿੱਖ ਪਰਿਵਾਰਾਂ ਦੀ ਸੁਰੱਖਿਅਤ ਵਾਪਸੀ ਦਾ ਭਰੋਸਾ ਦਿੱਤਾ**



*ਵਿਦੇਸ਼ ਮੰਤਰਾਲੇ ਦੇ ਅਧਿਕਾਰੀਆਂ ਨਾਲ ਗੱਲਬਾਤ ਕਰਦੇ ਹੋਏ ਦਿੱਲੀ ਕਮੇਟੀ ਦੇ ਆਗੂ।*

ਸਕੱਤਰ ਨੇ ਭਰੋਸਾ ਦਿੱਤਾ ਕਿ ਸਰਕਾਰ ਇਸ ਮਾਮਲੇ ਪ੍ਰਤੀ ਗੰਭੀਰ ਹੈ ਅਤੇ ਜਲਦੀ ਹੀ ਇੱਕ ਹੋਰ ਵਿਸ਼ੇਸ਼ ਉਡਾਣ ਦਾ ਪ੍ਰਬੰਧ ਕਰ ਕੇ ਸਿੱਖਾਂ ਨੂੰ ਉੱਥੋਂ ਸੁਰੱਖਿਅਤ ਕੱਢ ਲਿਆ ਜਾਵੇਗਾ। ਦਿੱਲੀ ਕਮੇਟੀ ਦੇ ਆਗੂਆਂ ਨੇ ਕਿਹਾ ਕਿ ਉਹ ਇਸ ਸਬੰਧੀ ਕੇਂਦਰ ਸਰਕਾਰ ਨੂੰ ਹਰ ਸੰਭਵ ਸਹਿਯੋਗ ਦੇਣ ਲਈ ਤਿਆਰ ਹਨ। ਆਪਣੇ ਭਾਈਚਾਰੇ ਦੇ ਲੋਕਾਂ ਨੂੰ ਸਹੀ-ਸਲਾਮਤ ਵਾਪਸ ਲਿਆਉਣਾ ਕਮੇਟੀ ਦੀ ਤਰਜੀਹ ਹੈ ਅਤੇ ਉਹ ਇਸ ਸਬੰਧੀ ਲਗਾਤਾਰ ਵਿਦੇਸ਼ ਮੰਤਰਾਲੇ ਦੇ ਸੰਪਰਕ ਵਿੱਚ ਰਹਿਣਗੇ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ
ਵੈੱਬਸਾਇਟ ’ਤੇ ਕਲਿੱਕ ਕਰੋ :
www.punjabmailusa.com

# ਹਾਈਕੋਰਟ ਵੱਲੋਂ ਪੰਜਾਬ ’ਚ ਨਿਆਂਇਕ ਬੁਨਿਆਦੀ ਢਾਂਚੇ ’ਚ ਦੇਰੀ ਲਈ ਮੁੱਖ ਸਕੱਤਰ ਤੋਂ ਮੰਗਿਆ ਜਵਾਬ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਦੇ ਹੇਠਲੀਆਂ ਅਦਾਲਤਾਂ ’ਚ ਬੁਨਿਆਦੀ ਢਾਂਚੇ ਦੀ ਘਾਟ ਅਤੇ ਦਹਾਕਿਆਂ ਤੋਂ ਚੱਲ ਰਹੀ ਦੇਰੀ ’ਤੇ ਸਖ਼ਤ ਰੁਖ਼ ਅਖਤਿਆਰ ਕਰਦਿਆਂ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਸੂਬੇ ਦੇ ਮੁੱਖ ਸਕੱਤਰ ਤੋਂ ਹਲਫ਼ਨਾਮਾ ਮੰਗਿਆ ਹੈ। ਅਦਾਲਤ ਨੇ ਸਵਾਲ ਕੀਤਾ ਹੈ ਕਿ ਨਿਆਂਪਾਲਿਕਾ ਨੂੰ ਸਹੂਲਤਾਂ ਦੇਣ ਵਿਚ ਇੰਨੀ ਦੇਰੀ ਕਿਉਂ ਹੁੰਦੀ ਹੈ, ਜਦੋਂ ਕਿ ਕਾਰਜਕਾਰੀ (ਸਰਕਾਰੀ) ਪ੍ਰੋਜੈਕਟਾਂ ਲਈ ਬੁਨਿਆਦੀ ਢਾਂਚਾ ਬਹੁਤ ਤੇਜ਼ੀ ਨਾਲ ਮੁਹੱਈਆ ਕਰਵਾ ਦਿੱਤਾ ਜਾਂਦਾ ਹੈ। ਚੀਫ਼ ਜਸਟਿਸ ਸ਼ੀਲ ਨਾਗੂ ਅਤੇ ਜਸਟਿਸ ਸੰਜੀਵ ਬੇਰੀ ਦੇ ਬੈਂਚ ਨੇ ਮਾਲੇਰਕੋਟਲਾ ਜ਼ਿਲ੍ਹਾ ਬਾਰ ਐਸੋਸੀਏਸ਼ਨ ਦੀ ਪਟੀਸ਼ਨ ’ਤੇ ਸੁਣਵਾਈ ਕਰਦਿਆਂ ਮੋਗਾ, ਮੁਹਾਲੀ ਅਤੇ ਪਠਾਨਕੋਟ ਵਿਚਲੇ ਨਿਆਂਇਕ ਢਾਂਚੇ ਦੀ

■ **ਅਦਾਲਤ ਨੇ 15 ਮਈ ਤੱਕ ਰਿਪੋਰਟ ਮੰਗੀ**

ਖਸਤਾ ਹਾਲਤ ਦੀ ਜਾਂਚ ਕਰਨ ਲਈ ਕਿਹਾ ਹੈ।

ਅਦਾਲਤ ਨੇ ਕਿਹਾ ਕਿ ਮੋਗਾ ਨੂੰ 1995 ਵਿਚ ਜ਼ਿਲ੍ਹਾ ਬਣਾਇਆ ਗਿਆ ਸੀ ਪਰ ਦਹਾਕੇ ਬੀਤ ਜਾਣ ਦੇ ਬਾਵਜੂਦ ਉੱਥੇ ਅਦਾਲਤੀ ਕੰਪਲੈਕਸ ਦਾ ਕੰਮ ਅਧੂਰਾ ਹੈ। 2015 ਵਿਚ ਜ਼ਮੀਨ ਐਕੁਆਇਰ ਕਰਨ ਦਾ ਫੈਸਲਾ ਲਿਆ ਗਿਆ ਸੀ ਪਰ ਅੱਠ ਸਾਲ ਬੀਤਣ ਦੇ ਬਾਵਜੂਦ ਵਾਧੂ ਜ਼ਮੀਨ ਦਾ ਕੰਮ ਸਿਰੇ ਨਹੀਂ ਚੜ੍ਹਿਆ। ਇਸੇ ਤਰ੍ਹਾਂ 2006 ਵਿਚ ਬਣੇ ਮੁਹਾਲੀ ਜ਼ਿਲ੍ਹੇ ਵਿਚ ਵੀ ਲਗਪਗ 20 ਸਾਲਾਂ ਬਾਅਦ ਨਿਆਂਇਕ ਰਿਹਾਇਸ਼ਾਂ ਲਈ ਜ਼ਮੀਨ ਅਲਾਟ ਹੋਈ ਹੈ। ਪਠਾਨਕੋਟ (2011 ਵਿਚ ਬਣਿਆ) ਵਿਚ ਤਾਂ ਹਾਲਤ ਹੋਰ ਵੀ ਖਰਾਬ ਹੈ, ਜਿੱਥੇ ਚੁਣੀ ਗਈ ਜ਼ਮੀਨ ਜੰਗਲਾਤ ਦੀ ਰਾਖਵੀਂ ਜ਼ਮੀਨ ਨਿਕਲੀ ਅਤੇ ਅਜੇ ਤੱਕ ਕੋਈ ਬਦਲਵਾਂ ਹੱਲ ਨਹੀਂ ਲੱਭਿਆ।

ਬੈਂਚ ਨੇ ਹਾਈਕੋਰਟ ਦੇ ਸੀਨੀਅਰ ਵਕੀਲ ਨੂੰ ਵੀ ਨਿਰਦੇਸ਼ ਦਿੱਤੇ ਹਨ ਕਿ ਉਹ ਪੂਰਾ ਵੇਰਵਾ ਦੇਣ ਕਿ ਬਿਲਡਿੰਗ ਕਮੇਟੀ ਨੇ ਪਹਿਲੀ ਵਾਰ ਇਨ੍ਹਾਂ ਸਹੂਲਤਾਂ ਦੀ ਮੰਗ ਕਦੋਂ ਕੀਤੀ ਸੀ। ਖੇਤਰ ਵਿਚ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਪੁਲਿਸ ਅਤੇ ਪ੍ਰਸ਼ਾਸਨ ਦਾ ਮਜ਼ਬੂਤ ਹੋਣਾ ਜ਼ਰੂਰੀ ਹੈ, ਪਰ ਨਿਆਂਪਾਲਿਕਾ ਦਾ ਕਮਜ਼ੋਰ ਢਾਂਚਾ ਚਿੰਤਾ ਦਾ ਵਿਸ਼ਾ ਹੈ। ਅਦਾਲਤ ਨੇ ਹੁਣ 15 ਮਈ ਦੀ ਤਰੀਕ ਤੈਅ ਕੀਤੀ ਹੈ ਅਤੇ ਤਾਜ਼ਾ ਸਟੇਟਸ ਰਿਪੋਰਟ ਮੰਗੀ ਹੈ।

# ਈ.ਡੀ. ਨੇ ਵਿਜੇ ਮਾਲਿਆ ਤੇ ਨੀਰਵ ਮੋਦੀ ਸਮੇਤ 21 ਲੋਕ ‘ਭਗੌੜੇ ਆਰਥਿਕ ਅਪਰਾਧੀ’ ਐਲਾਨੇ

**ਨਵੀਂ ਦਿੱਲੀ, (ਪੰਜਾਬ ਮੇਲ)-** ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਦੇਸ਼ ਦੇ ਵੱਡੇ ਬੈਂਕਾਂ ਨੂੰ ਚੂਨਾ ਲਗਾ ਕੇ ਵਿਦੇਸ਼ ਭੱਜਣ ਵਾਲੇ ਆਰਥਿਕ ਅਪਰਾਧੀਆਂ ਖਿਲਾਫ ਸ਼ਿਕੰਜਾ ਹੋਰ ਕੱਸ ਦਿੱਤਾ ਹੈ। ਈ.ਡੀ. ਦੀ ਸਾਲਾਨਾ ਰਿਪੋਰਟ ਅਨੁਸਾਰ, ਪਿਛਲੇ ਸੱਤ ਸਾਲਾਂ ਦੌਰਾਨ ਹੁਣ ਤੱਕ 21 ਲੋਕਾਂ ਨੂੰ ‘ਭਗੌੜੇ ਆਰਥਿਕ ਅਪਰਾਧੀ’ (ਐੱਫ.ਈ.ਓ.) ਐਲਾਨਿਆ ਜਾ ਚੁੱਕਾ ਹੈ। ਇਨ੍ਹਾਂ ਵਿਚ ਸ਼ਰਾਬ ਕਾਰੋਬਾਰੀ ਵਿਜੇ ਮਾਲਿਆ, ਹੀਰਾ ਕਾਰੋਬਾਰੀ ਨੀਰਵ ਮੋਦੀ, ਯੂ.ਕੇ. ਸਥਿਤ ਹਥਿਆਰ ਸਲਾਹਕਾਰ ਸੰਜੇ ਭੰਡਾਰੀ ਅਤੇ ਗੈਂਗਸਟਰ ਇਕਬਾਲ ਮਿਰਚੀ ਦੀ ਪਤਨੀ ਹਾਜਰਾ ਇਕਬਾਲ ਮੇਮਣ ਵਰਗੇ ਵੱਡੇ ਨਾਂ ਸ਼ਾਮਲ ਹਨ।

ਸਰਕਾਰੀ ਅੰਕੜਿਆਂ ਮੁਤਾਬਕ,

■ **2178 ਕਰੋੜ ਦੀ ਜਾਇਦਾਦ ਜ਼ਬਤ**

ਈ.ਡੀ. ਨੇ ਹੁਣ ਤੱਕ ਇਨ੍ਹਾਂ ਅਪਰਾਧੀਆਂ ਦੀ 2178.34 ਕਰੋੜ ਰੁਪਏ ਦੀ ਜਾਇਦਾਦ ਜ਼ਬਤ ਕੀਤੀ ਹੈ। ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਹੁਣ ਤੱਕ ਕੁੱਲ 54 ਵਿਅਕਤੀਆਂ ਵਿਰੁੱਧ ‘ਭਗੌੜਾ ਆਰਥਿਕ ਅਪਰਾਧੀ ਐਕਟ’ (ਐੱਫ.ਈ.ਓ.ਏ.) ਤਹਿਤ ਕਾਰਵਾਈ ਸ਼ੁਰੂ ਕੀਤੀ ਗਈ ਸੀ, ਜਿਨ੍ਹਾਂ ਵਿਚੋਂ 21 ਨੂੰ ਅਦਾਲਤ ਵੱਲੋਂ ਭਗੌੜਾ ਕਰਾਰ ਦਿੱਤਾ ਜਾ ਚੁੱਕਾ ਹੈ। ਖਾਸ ਗੱਲ ਇਹ ਹੈ ਕਿ ਇਨ੍ਹਾਂ 21 ਵਿਚੋਂ 9 ਵਿਅਕਤੀਆਂ ਨੂੰ ਸਾਲ 2025-26 ਦੌਰਾਨ ਹੀ ਭਗੌੜਾ ਐਲਾਨਿਆ ਗਿਆ ਹੈ, ਜੋ ਈ.ਡੀ. ਦੀ ਤੇਜ਼ੀ ਨਾਲ ਕੀਤੀ ਜਾ ਰਹੀ ਕਾਰਵਾਈ ਨੂੰ ਦਰਸਾਉਂਦਾ ਹੈ।



ਕਾਨੂੰਨ ਮੁਤਾਬਕ, ਭਗੌੜਾ ਆਰਥਿਕ ਅਪਰਾਧੀ ਉਹ ਵਿਅਕਤੀ ਹੁੰਦਾ ਹੈ, ਜਿਸ ਵਿਰੁੱਧ 100 ਕਰੋੜ ਰੁਪਏ ਜਾਂ ਇਸ ਤੋਂ ਵੱਧ ਦੇ ਅਪਰਾਧ ਲਈ ਗ੍ਰਿਫਤਾਰੀ ਵਾਰੰਟ ਜਾਰੀ ਹੋ ਚੁੱਕਾ ਹੋਵੇ ਅਤੇ ਉਹ ਭਾਰਤ ਛੱਡ ਕੇ ਚਲਾ ਗਿਆ ਹੋਵੇ ਜਾਂ ਕਾਨੂੰਨੀ ਕਾਰਵਾਈ ਤੋਂ ਬਚਣ ਲਈ ਵਾਪਸ ਆਉਣ ਤੋਂ ਇਨਕਾਰ ਕਰ ਰਿਹਾ ਹੋਵੇ।

ਜਿੱਥੇ 21 ਲੋਕਾਂ ਨੂੰ ਭਗੌੜਾ ਐਲਾਨਿਆ ਜਾ ਚੁੱਕਾ ਹੈ, ਉੱਥੇ ਹੀ ਹੀਰਾ ਕਾਰੋਬਾਰੀ ਮੇਹੁਲ ਚੋਕਸੀ, ਇਸਲਾਮਿਕ ਪ੍ਰਚਾਰਕ ਜ਼ਾਕਿਰ ਨਾਇਕ ਅਤੇ ਮਹਾਦੇਵ ਐਪ ਦੇ ਪ੍ਰਮੋਟਰ ਸੌਰਭ ਚੰਦਰਾਕਰ ਤੇ ਰਵੀ ਉੱਪਲ ਦੇ ਮਾਮਲੇ ਅਜੇ ਵੀ ਅਦਾਲਤ ਵਿਚ ਵਿਚਾਰ ਅਧੀਨ ਹਨ।

ਰਿਪੋਰਟ ’ਚ ਸੰਜੇ ਭੰਡਾਰੀ ਦਾ ਵਿਸ਼ੇਸ਼ ਜ਼ਿਕਰ ਕੀਤਾ ਗਿਆ ਹੈ, ਜੋ 2016 ਵਿਚ ਨੇਪਾਲ ਦੇ ਰਸਤੇ ਲੰਡਨ ਭੱਜ ਗਿਆ ਸੀ। ਜਾਂਚ ਵਿਚ ਸਾਹਮਣੇ ਆਇਆ ਹੈ ਕਿ ਉਸ ਕੋਲ 655 ਕਰੋੜ ਰੁਪਏ ਦੀ ਅਣਐਲਾਨੀ ਵਿਦੇਸ਼ੀ ਆਮਦਨ ਅਤੇ 100 ਕਰੋੜ ਤੋਂ ਵੱਧ ਦੀਆਂ ਵਿਦੇਸ਼ੀ ਜਾਇਦਾਦਾਂ ਹਨ। ਉਸ ਨੇ ਯੂ.ਏ.ਈ. ਅਤੇ ਯੂ.ਕੇ. ਵਿਚ ਕਈ ਜਾਇਦਾਦਾਂ ਵਿਚ ਨਿਵੇਸ਼ ਕੀਤਾ ਹੋਇਆ ਹੈ, ਜਿਨ੍ਹਾਂ ਨੂੰ ਜ਼ਬਤ ਕਰਨ ਲਈ ਈ.ਡੀ. ਨੇ ਅਦਾਲਤ ਤੱਕ ਪਹੁੰਚ ਕੀਤੀ ਹੈ।

# ਕੈਨੇਡਾ 'ਚ ਅੰਤਰਰਾਸ਼ਟਰੀ ਕਾਰਗੋ ਚੋਰੀ ਗਿਰੋਹ ਦਾ ਪਰਦਾਫਾਸ਼; 5 ਪੰਜਾਬੀ ਨੌਜਵਾਨ ਗ੍ਰਿਫਤਾਰ

■ 16.5 ਕਰੋੜ ਰੁਪਏ ਦੀ ਭੰਗ ਬਰਾਮਦ



**ਬਰੈਂਪਟਨ, (ਪੰਜਾਬ ਮੇਲ)-** ਕੈਨੇਡਾ ਦੇ ਓਨਾਰੀਓ ਸੂਬੇ ਵਿਚ ਪੀਲ ਰੀਜਨਲ ਪੁਲਿਸ ਦੀ ਆਟੋ ਕਾਰਗੋ ਥੈਫਟ ਯੂਨਿਟ (ਏ.ਸੀ.ਟੀ.ਯੂ.) ਨੇ ਇੱਕ ਵੱਡੀ ਕਾਰਵਾਈ ਕਰਦੇ ਹੋਏ ਇੱਕ ਅੰਤਰਰਾਸ਼ਟਰੀ ਕਾਰਗੋ ਚੋਰੀ ਗਿਰੋਹ ਦਾ ਪਰਦਾਫਾਸ਼ ਕੀਤਾ ਹੈ। ਇਸ ਮਾਮਲੇ 'ਚ ਪੁਲਿਸ ਨੇ 5 ਪੰਜਾਬੀ ਨੌਜਵਾਨਾਂ ਨੂੰ ਗ੍ਰਿਫਤਾਰ ਕੀਤਾ ਹੈ ਅਤੇ ਉਨ੍ਹਾਂ ਕੋਲੋਂ ਲਗਭਗ 2 ਮਿਲੀਅਨ ਡਾਲਰ (ਭਾਰਤੀ ਮੁਦਰਾ 'ਚ ਕਰੀਬ 16.5 ਕਰੋੜ ਰੁਪਏ) ਦੀ ਕੀਮਤ ਦੇ ਚੋਰੀ ਕੀਤੇ ਗਏ ਕੈਨੇਬਿਸ (ਭੰਗ) ਉਤਪਾਦ ਬਰਾਮਦ ਕੀਤੇ ਹਨ।

ਇਹ ਸਾਰਾ ਮਾਮਲਾ 15 ਅਪ੍ਰੈਲ, 2026 ਨੂੰ ਉਦੋਂ ਸ਼ੁਰੂ ਹੋਇਆ, ਜਦੋਂ ਪੁਲਿਸ ਦੀ ਸਪੈਸ਼ਲ ਯੂਨਿਟ ਮਿਸੀਸਾਗਾ 'ਚ ਮੈਕਲੌਗਲਿਨ ਰੋਡ ਤੇ ਹਾਈਵੇ 401 ਦੇ ਨੇੜੇ ਗਸ਼ਤ ਕਰ ਰਹੀ ਸੀ। ਜਾਂਚ ਦੌਰਾਨ ਅਧਿਕਾਰੀਆਂ ਨੇ ਇੱਕ ਸ਼ੱਕੀ ਟ੍ਰੇਲਰ ਦੇਖਿਆ, ਜਿਸ ਬਾਰੇ ਰਿਕਾਰਡ ਚੈੱਕ ਕਰਨ 'ਤੇ ਪਤਾ ਲੱਗਾ ਕਿ ਇਹ ਨਿਆਗਰਾ ਖੇਤਰ ਤੋਂ ਚੋਰੀ ਹੋਇਆ ਸੀ। ਜਦੋਂ ਪੁਲਿਸ ਨੇ ਇਸ ਟ੍ਰੇਲਰ ਦੀ ਤਲਾਸ਼ੀ ਲਈ, ਤਾਂ ਇਸ 'ਚ ਕੈਨੇਬਿਸ ਉਤਪਾਦਾਂ ਦਾ ਵੱਡਾ ਸਟਾਕ ਮਿਲਿਆ, ਜੋ ਕਿ ਕਾਨੂੰਨੀ ਤੌਰ 'ਤੇ ਵੱਖ-ਵੱਖ ਡਿਸਪੈਂਸਰੀਆਂ (ਦੁਕਾਨਾਂ) ਤੱਕ ਪਹੁੰਚਾਇਆ ਜਾਣਾ ਸੀ। ਪੁਲਿਸ ਨੇ ਇਸ ਚੋਰੀ ਦੇ ਮਾਲ ਤੇ ਟ੍ਰੇਲਰ ਨਾਲ ਸਬੰਧਤ 5 ਲੋਕਾਂ ਨੂੰ ਹਿਰਾਸਤ 'ਚ ਲਿਆ ਹੈ, ਜੋ ਸਾਰੇ ਬਰੈਂਪਟਨ ਦੇ ਰਹਿਣ ਵਾਲੇ ਹਨ। ਗ੍ਰਿਫਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਮਨਵੀਰ ਸਿੰਘ (21 ਸਾਲ), ਸਰਬਜੀਤ ਸਿੰਘ (32 ਸਾਲ), ਦਿਲਖਾਬ ਸਿੰਘ (21 ਸਾਲ), ਕਰਨ ਕੁਮਾਰ (25 ਸਾਲ) ਅਤੇ ਜਸਕੇਵਨ ਮੱਲ੍ਹੀ (23 ਸਾਲ) ਵਜੋਂ ਹੋਈ ਹੈ।

ਪੁਲਿਸ ਹੁਣ ਇਸ ਗੱਲ ਦੀ ਜਾਂਚ ਕਰ ਰਹੀ ਹੈ ਕਿ ਕੀ ਇਨ੍ਹਾਂ ਨੌਜਵਾਨਾਂ ਦੇ ਤਾਰ ਕਿਸੇ ਵੱਡੇ ਅੰਤਰਰਾਸ਼ਟਰੀ ਕਾਰਗੋ ਚੋਰੀ ਸਿੰਡੀਕੇਟ ਨਾਲ ਜੁੜੇ ਹੋਏ ਹਨ। ਇਨ੍ਹਾਂ ਸਾਰਿਆਂ ਖਿਲਾਫ ਚੋਰੀ ਦਾ ਮਾਲ ਰੱਖਣ ਤੇ ਤਸਕਰੀ ਦੀ ਸਾਜ਼ਿਸ਼ ਰਚਣ ਵਰਗੀਆਂ ਗੰਭੀਰ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਪੀਲ ਰੀਜਨਲ ਪੁਲਿਸ ਨੇ ਸਥਾਨਕ ਕਾਰੋਬਾਰੀਆਂ ਨੂੰ ਸੁਚੇਤ ਰਹਿਣ ਦੀ ਸਲਾਹ ਦਿੱਤੀ ਹੈ ਅਤੇ ਕਿਹਾ ਹੈ ਕਿ ਅਜਿਹੇ ਅਪਰਾਧਾਂ ਵਿਰੁੱਧ 'ਜ਼ੀਰੋ ਟਾਲਰੈਂਸ' ਦੀ ਨੀਤੀ ਅਪਣਾਈ ਜਾਵੇਗੀ। ਮੁਲਜ਼ਮਾਂ ਨੂੰ ਜਲਦੀ ਹੀ ਅਦਾਲਤ 'ਚ ਪੇਸ਼ ਕੀਤਾ ਜਾਵੇਗਾ।

# ਕੈਨੇਡਾ 'ਚ ਬੱਚੇ ਨੂੰ ਅਗਵਾ ਕਰਨ ਦੇ ਦੋਸ਼ ਹੇਠ ਸਜ਼ਾ ਕੱਟ ਰਿਹਾ ਭਾਰਤੀ ਹੋ ਸਕਦੈ ਡਿਪੋਰਟ !

**ਓਟਵਾ, (ਪੰਜਾਬ ਮੇਲ)-** ਕੈਨੇਡਾ 'ਚ ਇੱਕ ਬੱਚੇ ਨੂੰ ਅਗਵਾ ਕਰਨ ਦੇ ਦੋਸ਼ ਹੇਠ 18 ਮਹੀਨਿਆਂ ਦੀ ਕੈਦ ਕੱਟ ਰਹੇ ਭਾਰਤੀ ਮੂਲ ਦੇ ਵਿਅਕਤੀ ਨੂੰ ਜੇਲ੍ਹ ਦੀ ਮਿਆਦ ਪੂਰੀ ਹੋਣ ਤੋਂ ਬਾਅਦ ਡਿਪੋਰਟ ਕੀਤੇ ਜਾਣ ਦੀ ਸੰਭਾਵਨਾ ਹੈ। ਖ਼ਬਰ ਮੁਤਾਬਕ, 37 ਸਾਲਾ ਮਨੋਜ ਗੋਵਿੰਦਬਾਲੂਨਿਕਮ ਨੂੰ 2023 ਵਿਚ ਥੈਸਾਲੋਨ ਵਿਚ ਇੱਕ ਬੱਚੇ ਨੂੰ ਅਗਵਾ ਕਰਨ ਦੇ ਦੋਸ਼ ਹੇਠ ਇਸ ਮਹੀਨੇ ਦੇ ਸ਼ੁਰੂ ਵਿਚ ਸਜ਼ਾ ਸੁਣਾਈ ਗਈ ਸੀ। ਜਸਟਿਸ ਮਾਈਕਲ ਵਾਰਪੀਓ ਨੇ 21 ਅਪ੍ਰੈਲ ਨੂੰ ਸੌਲਟ ਕੋਰਟਹਾਊਸ ਵਿਚ ਇਹ ਫ਼ੈਸਲਾ ਸੁਣਾਇਆ। ਰਿਪੋਰਟ ਵਿਚ ਕਿਹਾ ਗਿਆ ਹੈ ਕਿ 6 ਮਹੀਨੇ ਜਾਂ ਉਸ ਤੋਂ ਵੱਧ ਦੀ ਕੈਦ ਦੀ ਸਜ਼ਾ ਗੋਵਿੰਦਬਾਲੂਨਿਕਮ ਨੂੰ ਇਮੀਗ੍ਰੇਸ਼ਨ ਅਤੇ ਸ਼ਰਨਾਰਥੀ ਸੁਰੱਖਿਆ ਐਕਟ ਤਹਿਤ ਅਯੋਗ ਬਣਾ ਦੇਵੇਗੀ, ਜਿਸ ਕਾਰਨ ਉਸ ਨੂੰ ਦੇਸ਼ ਨਿਕਾਲੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਸਾਲ 2023 ਵਿਚ ਥੈਸਾਲੋਨ ਵਿਚ ਗੋਵਿੰਦਬਾਲੂਨਿਕਮ ਨੇ ਨੌਂ ਸਾਲਾ ਬੱਚੇ ਨਾਲ ਗੱਲ ਕੀਤੀ, ਉਸ ਨੂੰ ਇੱਕ ਫਿਜੈਟ ਸਪਿੰਨਰ ਦੇਣ ਦੀ ਪੇਸ਼ਕਸ਼ ਕੀਤੀ ਅਤੇ ਆਪਣਾ ਬਿਜ਼ਨਸ ਕਾਰਡ ਦਿੱਤਾ। ਬਾਅਦ ਵਿਚ ਉਸ ਨੇ ਬੱਚੇ ਨੂੰ ਘਰ ਛੱਡਣ ਦੀ ਪੇਸ਼ਕਸ਼ ਵੀ ਕੀਤੀ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਕੈਨੇਡਾ ਵੱਲੋਂ ਭਾਰਤ ਵਿਰੁੱਧ ਜਾਸੂਸੀ ਅਤੇ ਵਿਦੇਸ਼ੀ ਦਖਲਅੰਦਾਜ਼ੀ ਦੇ ਗੰਭੀਰ ਦੋਸ਼

■ ਰਿਪੋਰਟ 'ਚ ਭਾਰਤ ਨੂੰ ਚੀਨ, ਰੂਸ, ਈਰਾਨ ਅਤੇ ਪਾਕਿਸਤਾਨ ਵਰਗੇ ਦੇਸ਼ਾਂ ਦੀ ਸੂਚੀ 'ਚ ਕੀਤਾ ਸ਼ਾਮਲ

■ ਪਹਿਲਾਂ ਖੁਦ ਕੀਤਾ ਸੀ ਇਨਕਾਰ

**ਟੋਰਾਂਟੋ, (ਪੰਜਾਬ ਮੇਲ)-** ਕੈਨੇਡਾ ਦੀ ਖੁਫੀਆ ਏਜੰਸੀ 'ਕੈਨੇਡੀਅਨ ਸੁਰੱਖਿਆ ਖੁਫੀਆ ਸੇਵਾ' (ਸੀ.ਐੱਸ.ਆਈ.ਐੱਸ.) ਨੇ ਆਪਣੀ "ਪਬਲਿਕ ਰਿਪੋਰਟ 2025" ਵਿਚ ਭਾਰਤ ਵਿਰੁੱਧ ਜਾਸੂਸੀ ਅਤੇ ਵਿਦੇਸ਼ੀ ਦਖਲਅੰਦਾਜ਼ੀ ਦੇ ਗੰਭੀਰ ਦੋਸ਼ ਲਗਾਏ ਹਨ। ਇਸ ਰਿਪੋਰਟ ਵਿਚ ਭਾਰਤ ਨੂੰ ਚੀਨ, ਰੂਸ, ਈਰਾਨ ਅਤੇ ਪਾਕਿਸਤਾਨ ਵਰਗੇ ਦੇਸ਼ਾਂ ਦੀ ਸੂਚੀ ਵਿਚ ਸ਼ਾਮਲ ਕੀਤਾ ਗਿਆ ਹੈ, ਜੋ ਕੈਨੇਡੀਅਨ ਧਰਤੀ 'ਤੇ ਵਿਦੇਸ਼ੀ ਦਖਲ ਅੰਦਾਜ਼ੀ ਅਤੇ ਜਾਸੂਸੀ ਗਤੀਵਿਧੀਆਂ ਵਿਚ ਸ਼ਾਮਲ ਹਨ। ਏਜੰਸੀ ਦਾ ਦਾਅਵਾ ਹੈ ਕਿ ਭਾਰਤ ਨੇ ਆਪਣੇ ਰਣਨੀਤਕ ਹਿੱਤਾਂ ਨੂੰ ਅੱਗੇ ਵਧਾਉਣ ਲਈ ਕੈਨੇਡੀਅਨ ਸਿਆਸਤਦਾਨਾਂ ਅਤੇ ਪੱਤਰਕਾਰਾਂ ਨਾਲ ਗੁਪਤ ਸਬੰਧ ਬਣਾਉਣ ਦੀ ਕੋਸ਼ਿਸ਼ ਕੀਤੀ ਹੈ।

ਸੀ.ਐੱਸ.ਆਈ.ਐੱਸ. ਰਿਪੋਰਟ ਭਾਰਤ ਨਾਲ ਸਬੰਧਤ ਕਈ ਗੱਲਾਂ ਬਾਰੇ ਚਿੰਤਾਵਾਂ ਪੈਦਾ ਕਰਦੀ ਹੈ। ਏਜੰਸੀ ਦਾ ਦੋਸ਼ ਹੈ ਕਿ ਨਵੀਂ ਦਿੱਲੀ ਨੇ ਆਪਣੇ ਰਣਨੀਤਕ ਹਿੱਤਾਂ ਨੂੰ ਅੱਗੇ ਵਧਾਉਣ ਲਈ ਕੈਨੇਡੀਅਨ ਸਿਆਸਤਦਾਨਾਂ, ਪੱਤਰਕਾਰਾਂ ਅਤੇ ਇੰਡੋ-ਕੈਨੇਡੀਅਨ ਭਾਈਚਾਰੇ ਦੇ ਮੈਂਬਰਾਂ ਨਾਲ ਗੁਪਤ ਸਬੰਧ ਬਣਾਉਣ ਲਈ "ਇਤਿਹਾਸਕ" ਯਤਨ ਕੀਤੇ ਹਨ। ਇਸ ਤੋਂ ਇਲਾਵਾ, ਰਿਪੋਰਟ ਵਿਚ "ਅੰਤਰਰਾਸ਼ਟਰੀ ਦਮਨ" ਦਾ ਜ਼ਿਕਰ ਕੀਤਾ ਗਿਆ ਹੈ, ਜਿਸ ਵਿਚ ਦਾਅਵਾ ਕੀਤਾ ਗਿਆ ਹੈ ਕਿ ਨਿਗਰਾਨੀ ਅਤੇ ਦਬਾਅ ਵਰਗੀਆਂ ਰਣਨੀਤੀਆਂ ਦੀ ਵਰਤੋਂ ਭਾਰਤ ਸਰਕਾਰ ਦੀ ਆਲੋਚਨਾ ਨੂੰ ਦਬਾਉਣ ਲਈ ਕੀਤੀ ਗਈ ਹੈ।

ਤੈਅ ਰਿਪੋਰਟ ਦੇ ਮੁੱਖ ਵੇਰਵੇ ਇਸ ਤਰ੍ਹਾਂ ਹਨ:

**ਖਾਲਿਸਤਾਨੀ ਲਹਿਰ ਬਾਰੇ ਰੁਖ਼:** ਰਿਪੋਰਟ ਅਨੁਸਾਰ ਕੈਨੇਡਾ ਖਾਲਿਸਤਾਨ ਦੀ ਸ਼ਾਂਤੀਪੂਰਨ ਵਕਾਲਤ ਨੂੰ ਇੱਕ "ਜਾਇਜ਼ ਰਾਜਨੀਤਿਕ ਗਤੀਵਿਧੀ" ਮੰਨਦਾ ਹੈ ਅਤੇ ਇਸ ਨੂੰ ਕੱਟੜਤਾ ਦੀ ਸ਼੍ਰੇਣੀ ਵਿਚ ਨਹੀਂ ਰੱਖਦਾ। ਹਾਲਾਂਕਿ, ਇਹ ਵੀ ਸਵੀਕਾਰ ਕੀਤਾ ਗਿਆ ਹੈ ਕਿ ਕੈਨੇਡਾ-ਸਥਿਤ ਖਾਲਿਸਤਾਨੀ ਕੱਟੜਪੰਥੀ (ਸੀ.ਬੀ.ਕੇ.ਈ.) ਕੈਨੇਡੀਅਨ ਸੰਸਥਾਵਾਂ ਦੀ ਵਰਤੋਂ ਕਰਕੇ ਭਾਰਤ ਵਿਚ ਹਿੰਸਾ ਭੜਕਾਉਣ ਅਤੇ ਫੰਡ ਇਕੱਠੇ ਕਰਨ ਲਈ ਕੈਨੇਡੀਅਨ ਧਰਤੀ ਦੀ ਵਰਤੋਂ ਕਰ ਰਹੇ ਹਨ।

**ਬਿਸ਼ਨੋਈ ਗੈਂਗ ਅਤੇ ਅੱਤਵਾਦ:** ਸਾਲ 2025 ਵਿਚ ਬਾਰ੍ਹਾਂ ਨਵੇਂ ਸਮੂਹਾਂ ਨੂੰ ਅੱਤਵਾਦੀ ਸੰਸਥਾਵਾਂ ਵਜੋਂ ਨਾਮਜ਼ਦ ਕੀਤਾ ਗਿਆ ਹੈ, ਜਿਸ ਵਿਚ "ਬਿਸ਼ਨੋਈ ਗੈਂਗ" ਨੂੰ ਵੀ ਅੰਤਰਰਾਸ਼ਟਰੀ ਅਪਰਾਧਿਕ ਸੰਗਠਨ ਵਜੋਂ ਸੂਚੀਬੱਧ ਕੀਤਾ ਗਿਆ ਹੈ।

# ਅਲਬਰਟਾ 'ਚ ਇੱਕ ਵਾਰ ਫਿਰ ਵੱਖਰਾ ਦੇਸ਼ ਬਣਨ ਦੀ ਮੰਗ ਨੇ ਫੜਿਆ ਜ਼ੋਰ !

■ ਰੈਫਰੈਂਡਮ ਲਈ ਉੱਠੀ ਆਵਾਜ਼, ਹਜ਼ਾਰਾਂ ਪੰਜਾਬੀਆਂ 'ਤੇ ਵੀ ਪਵੇਗਾ ਅਸਰ

**ਟੋਰਾਂਟੋ, (ਪੰਜਾਬ ਮੇਲ)-** ਕੈਨੇਡਾ ਦੇ ਸਭ ਤੋਂ ਅਮੀਰ ਅਤੇ ਊਰਜਾ ਸਰੋਤਾਂ ਨਾਲ ਭਰਪੂਰ ਸੂਬੇ ਅਲਬਰਟਾ ਵਿਚ ਇੱਕ ਵਾਰ ਫਿਰ ਵੱਖਰਾ ਦੇਸ਼ ਬਣਨ ਦੀ ਮੰਗ ਨੇ ਜ਼ੋਰ ਫੜ ਲਿਆ ਹੈ। 'ਸਟੇਅ ਫ੍ਰੀ ਅਲਬਰਟਾ' ਨਾਮਕ ਸੰਗਠਨ ਵੱਲੋਂ ਸ਼ੁਰੂ ਕੀਤੀ ਗਈ ਇੱਕ ਜਨਤਕ ਮੁਹਿੰਮ ਅਤੇ ਰੈਫਰੈਂਡਮ (ਜਨਮਤ ਸੰਗ੍ਰਹਿ) ਦੀ ਮੰਗ ਨੇ ਦੇਸ਼ ਦੀ ਰਾਜਨੀਤੀ ਵਿਚ ਨਵੀਂ ਚਰਚਾ ਛੇੜ ਦਿੱਤੀ ਹੈ। ਸੰਗਠਨ ਦਾ ਦਾਅਵਾ ਹੈ ਕਿ ਉਨ੍ਹਾਂ ਨੇ ਲੱਖਾਂ ਲੋਕਾਂ ਦੇ ਦਸਤਖਤ ਜੁਟਾ ਕੇ ਇਹ ਸਾਬਿਤ ਕਰ ਦਿੱਤਾ ਹੈ ਕਿ ਸੂਬੇ ਦਾ ਇੱਕ ਵੱਡਾ ਹਿੱਸਾ ਕੈਨੇਡਾ ਤੋਂ ਵੱਖ ਹੋਣਾ ਚਾਹੁੰਦਾ ਹੈ। ਪੰਜਾਬੀਆਂ ਲਈ ਇਹ ਖ਼ਬਰ ਮਹੱਤਵਪੂਰਨ ਹੈ ਕਿਉਂਕਿ ਵੱਡੀ ਗਿਣਤੀ 'ਚ ਪੰਜਾਬੀ ਭਾਈਚਾਰਾ ਅਲਬਰਟਾ ਵਿਚ ਰਹਿ ਰਿਹਾ ਹੈ। ਜੇਕਰ ਵੱਖ ਹੋਣ ਦੀ ਮੰਗ ਸਵੀਕਾਰ ਹੋ ਜਾਂਦੀ ਹੈ, ਤਾਂ ਇਸ ਫ਼ੈਸਲੇ ਦਾ ਅਸਰ ਪੰਜਾਬੀਆਂ 'ਤੇ ਵੀ ਪਵੇਗਾ।

ਇਸ ਪੂਰੇ ਵਿਵਾਦ ਦੇ ਪਿੱਛੇ 'ਵੈਸਟਰਨ ਏਲੀਅਨੈਸ਼ਨ' ਯਾਨੀ ਪੱਛਮੀ ਖੇਤਰ ਦੀ ਅਣਦੇਖੀ ਦੀ ਭਾਵਨਾ ਹੈ। ਅਲਬਰਟਾ ਦੇ ਵਸਨੀਕਾਂ ਦਾ ਮੰਨਣਾ ਹੈ ਕਿ ਓਟਾਵਾ ਸਥਿਤ ਕੇਂਦਰੀ ਸਰਕਾਰ ਉਨ੍ਹਾਂ ਦੇ ਹਿੱਤਾਂ ਨੂੰ ਲੋੜੀਂਦੀ ਅਹਿਮੀਅਤ ਨਹੀਂ ਦਿੰਦੀ।

ਅਲਬਰਟਾ ਕੈਨੇਡਾ ਦਾ ਸਭ ਤੋਂ ਵੱਡਾ ਤੇਲ ਅਤੇ ਗੈਸ ਉਤਪਾਦਕ ਖੇਤਰ ਹੈ। ਵੱਖਵਾਦੀਆਂ ਦਾ ਦੋਸ਼ ਹੈ ਕਿ ਕੇਂਦਰ ਸਰਕਾਰ ਦੀਆਂ ਸਖ਼ਤ ਜਲਵਾਯੂ ਨੀਤੀਆਂ ਅਤੇ ਵਾਤਾਵਰਣ ਸਬੰਧੀ ਨਿਯਮ ਉਨ੍ਹਾਂ ਦੇ ਊਰਜਾ ਉਦਯੋਗ ਨੂੰ ਨੁਕਸਾਨ ਪਹੁੰਚਾ ਰਹੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਆਜ਼ਾਦ ਹੋਣ ਤੋਂ ਬਾਅਦ ਅਲਬਰਟਾ ਆਪਣੇ ਕੁਦਰਤੀ ਸਰੋਤਾਂ 'ਤੇ ਪੂਰਾ ਕੰਟਰੋਲ ਕਰ ਸਕੇਗਾ।

ਸੂਬੇ ਦੇ ਲੋਕਾਂ ਵਿਚ ਇਹ ਰੋਸ ਹੈ ਕਿ ਕੈਨੇਡਾ ਦੀ ਕੇਂਦਰੀ ਰਾਜਨੀਤੀ ਵਿਚ ਅਲਬਰਟਾ ਦੀ ਆਵਾਜ਼ ਬਹੁਤ ਕਮਜ਼ੋਰ ਹੈ ਅਤੇ ਫੈਸਲੇ ਲੈਂਦੇ ਸਮੇਂ ਉਨ੍ਹਾਂ ਨੂੰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ। ਇਸ ਮੁਹਿੰਮ ਨੂੰ ਜਿੱਥੇ ਸਮਰਥਨ ਮਿਲ ਰਿਹਾ ਹੈ, ਉੱਥੇ ਹੀ ਸਖ਼ਤ ਵਿਰੋਧ ਦਾ ਵੀ ਸਾਹਮਣਾ ਕਰਨਾ ਪੈ ਰਿਹਾ ਹੈ। 'ਅਥਾਬਾਸਕਾ ਚਿਪੇਵਯਾਨ ਫਸਟ ਨੇਸ਼ਨ' (Athabasca Chipewyan First Nation) ਸਮੇਤ ਕਈ ਆਦਿਵਾਸੀ ਸਮੂਹਾਂ ਨੇ ਇਸ ਪ੍ਰਸਤਾਵ ਦਾ ਵਿਰੋਧ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਵੱਖਰਾ ਦੇਸ਼ ਬਣਨ ਨਾਲ ਉਨ੍ਹਾਂ ਦੇ ਇਤਿਹਾਸਕ ਸੰਧੀ ਅਧਿਕਾਰਾਂ ਅਤੇ ਜ਼ਮੀਨੀ ਹੱਕਾਂ 'ਤੇ ਬੁਰਾ ਅਸਰ ਪਵੇਗਾ। ਇਸ ਤੋਂ ਇਲਾਵਾ ਅਦਾਲਤਾਂ ਨੇ ਵੀ ਸੰਕੇਤ ਦਿੱਤਾ ਹੈ ਕਿ ਅਜਿਹਾ ਜਨਮਤ ਸੰਗ੍ਰਹਿ ਸੰਵਿਧਾਨਕ ਨਿਯਮਾਂ ਦੇ ਖਿਲਾਫ ਹੋ ਸਕਦਾ ਹੈ। ਹਾਲਾਂਕਿ ਇਹ ਮੁੱਦਾ ਕਾਫੀ ਚਰਚਾ ਵਿਚ ਹੈ, ਪਰ ਤਾਜ਼ਾ ਸਰਵੇਖਣ ਦੱਸਦੇ ਹਨ ਕਿ ਫਿਲਹਾਲ ਸਿਰਫ 25 ਫੀਸਦੀ ਲੋਕ ਹੀ ਕੈਨੇਡਾ ਤੋਂ ਵੱਖ ਹੋਣ ਦੇ ਪੱਖ ਵਿਚ ਹਨ, ਜਦਕਿ ਵੱਡੀ ਗਿਣਤੀ ਇਸ ਦੇ ਖਿਲਾਫ ਹੈ। ਇਸ ਦੇ ਬਾਵਜੂਦ ਆਰਥਿਕ ਅਸੰਤੋਸ਼ ਅਤੇ ਖੇਤਰੀ ਅਣਦੇਖੀ ਕਾਰਨ ਇਹ ਅੰਦੋਲਨ ਲਗਾਤਾਰ ਮਜ਼ਬੂਤ ਹੁੰਦਾ ਦਿਖਾਈ ਦੇ ਰਿਹਾ ਹੈ।

# ਕੈਨੇਡਾ 'ਚ ਜਬਰੀ ਵਸੂਲੀ ਦਾ ਮਾਮਲਾ: ਸਰੀ ਪੁਲਿਸ ਵੱਲੋਂ ਪੰਜਾਬੀ ਨੌਜਵਾਨ ਡਿਪੋਰਟ



**ਸਰੀ, (ਪੰਜਾਬ ਮੇਲ)-** ਕੈਨੇਡਾ ਦੇ ਸਰੀ ਵਿਚ ਵਧ ਰਹੇ ਜਬਰੀ ਵਸੂਲੀ ਅਤੇ ਫ਼ਿਰੌਤੀਆਂ ਦੇ ਮਾਮਲਿਆਂ 'ਤੇ ਨਕੇਲ ਕੱਸਦੇ ਹੋਏ ਸਰੀ ਪੁਲਿਸ ਸਰਵਿਸ (ਐੱਸ.ਪੀ.ਐੱਸ.) ਨੇ ਇੱਕ 20 ਸਾਲਾ ਪੰਜਾਬੀ ਨੌਜਵਾਨ ਨੂੰ ਡਿਪੋਰਟ ਕਰ ਦਿੱਤਾ ਹੈ। ਪੁਲਿਸ ਨੇ ਇਸ ਨੌਜਵਾਨ ਦੀ ਪਛਾਣ ਪ੍ਰਭਜੋਤ ਸਿੰਘ (20) ਵਜੋਂ ਕੀਤੀ ਹੈ ਅਤੇ ਉਸ ਦੀ ਤਸਵੀਰ ਜਨਤਕ ਕਰਦਿਆਂ ਉਸ ਦੇ ਸਾਥੀਆਂ ਬਾਰੇ ਜਾਣਕਾਰੀ ਮੰਗੀ ਹੈ।

ਮਿਲੀ ਜਾਣਕਾਰੀ ਅਨੁਸਾਰ, ਪ੍ਰਭਜੋਤ ਸਿੰਘ ਨੂੰ ਸਰੀ ਪੁਲਿਸ ਨੇ ਇਸ ਸਾਲ ਦੇ ਸ਼ੁਰੂ ਵਿਚ ਗ੍ਰਿਫ਼ਤਾਰ ਕੀਤਾ ਸੀ। ਜਾਂਚ ਦੌਰਾਨ ਸਾਹਮਣੇ ਆਏ ਤੱਥਾਂ ਅਤੇ ਖ਼ੁਫ਼ੀਆ ਜਾਣਕਾਰੀ ਨੂੰ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (ਸੀ.ਬੀ.ਐੱਸ.ਏ.) ਨਾਲ ਸਾਂਝਾ ਕੀਤਾ ਗਿਆ, ਜਿਸ ਤੋਂ ਬਾਅਦ ਉਸ ਦਾ ਕਾਨੂੰਨੀ ਰੁਤਬਾ (ਵੀਜ਼ਾ/ਸਟੇਟਸ) ਖ਼ਤਮ ਕਰਕੇ ਉਸ ਨੂੰ ਦੇਸ਼ ਵਿਚੋਂ ਕੱਢ ਦਿੱਤਾ ਗਿਆ। ਐੱਸ.ਪੀ.ਐੱਸ. ਚੀਫ਼ ਕੰਸਟੇਬਲ ਨੌਰਮ ਲਿਪਿੰਸਕੀ ਨੇ ਕਿਹਾ ਕਿ ਪੁਲਿਸ ਇਸ ਗੰਭੀਰ ਸੰਕਟ ਨਾਲ ਨਜਿੱਠਣ ਲਈ ਵਚਨਬੱਧ ਹੈ ਅਤੇ ਅਪਰਾਧਿਕ ਨੈੱਟਵਰਕਾਂ ਦੀਆਂ ਜੜ੍ਹਾਂ ਤੱਕ ਪਹੁੰਚਣ ਲਈ ਹੋਰ ਜਾਣਕਾਰੀ ਇਕੱਠੀ ਕੀਤੀ ਜਾ ਰਹੀ ਹੈ। ਅੰਕੜਿਆਂ ਦੀ ਜ਼ੁਬਾਨੀ ਸਾਲ 2026 ਦੀ ਸ਼ੁਰੂਆਤ ਤੋਂ ਹੁਣ ਤੱਕ ਸਰੀ ਵਿਚ ਅਪਰਾਧਿਕ ਘਟਨਾਵਾਂ ਵਿਚ ਭਾਰੀ ਵਾਧਾ ਦਰਜ ਕੀਤਾ ਗਿਆ ਹੈ। ਜਿੱਥੇ ਜਬਰੀ ਵਸੂਲੀ ਨਾਲ ਸੰਬੰਧਤ 91 ਮਾਮਲੇ ਰਿਪੋਰਟ ਕੀਤੇ ਗਏ, ਉਥੇ ਹੀ ਫ਼ਿਰੌਤੀ ਨਾਲ ਜੁੜੀਆਂ 16 ਥਾਵਾਂ 'ਤੇ ਗੋਲੀਬਾਰੀ ਦੀਆਂ ਵਾਰਦਾਤਾਂ ਹੋਈਆਂ।

ਪੁਲਿਸ ਦਾ ਮੰਨਣਾ ਹੈ ਕਿ ਪ੍ਰਭਜੋਤ ਸਿੰਘ ਵਰਗੇ 'ਫੁੱਟ ਸੋਲਜਰਜ਼' (ਹੇਠਲੇ ਪੱਧਰ ਦੇ ਕਰਿੰਦੇ) ਦੀ ਪਛਾਣ ਕਰਨਾ ਉਨ੍ਹਾਂ ਵੱਡੇ ਅਪਰਾਧਿਕ ਨੈੱਟਵਰਕਾਂ ਤੱਕ ਪਹੁੰਚਣ ਲਈ ਬਹੁਤ ਜ਼ਰੂਰੀ ਹੈ, ਜੋ ਕੈਨੇਡਾ ਅਤੇ ਵਿਦੇਸ਼ਾਂ (ਭਾਰਤ) ਵਿਚ ਬੈਠ ਕੇ ਇਸ ਹਿੰਸਾ ਦੀਆਂ ਤਾਰਾਂ ਹਿਲਾ ਰਹੇ ਹਨ।


## Editorial Board

**Chief Editor**
Gurjatinder S. Randhawa

**Distributor**
Jai Singh

**Website**
Madhu Shardha

**Sub Editors**
Sandeep Kumar
Amit
Ishu Hallan
Vijay
Surbhi Sharma
Ranjit Singh

**Punjab Mail USA**
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : www.punjabmailusa.com
App : Punjab Mail USA
Youtube : Punjab Mail USA
Facebook : Punjab Mail USA


Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਇਰਾਨ ਵਿਰੁੱਧ ਜੰਗ 'ਚ ਸਮਰਥਨ ਨਾ ਦੇਣ ਵਾਲੇ ਯੂਰਪੀ ਦੇਸ਼ਾਂ ਤੋਂ ਟਰੰਪ ਹੋਏ ਨਾਰਾਜ਼!

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਜਰਮਨੀ, ਇਟਲੀ ਅਤੇ ਸਪੇਨ ਵਿਚ ਤਾਇਨਾਤ ਆਪਣੇ ਫੌਜੀਆਂ ਨੂੰ ਵਾਪਸ ਬੁਲਾਉਣ 'ਤੇ ਵਿਚਾਰ ਕਰਨ ਦੀ ਗੱਲ ਕਹਿ ਕੇ ਗਲੋਬਲ ਸਿਆਸਤ ਵਿਚ ਹਲਚਲ ਮਚਾ ਦਿੱਤੀ ਹੈ। ਇਹ ਬਿਆਨ ਅਜਿਹੇ ਸਮੇਂ ਵਿਚ ਆਇਆ ਹੈ, ਜਦੋਂ ਇਰਾਨ ਨਾਲ ਜਾਰੀ ਜੰਗ ਨੂੰ ਲੈ ਕੇ ਯੂਰਪੀ ਦੇਸ਼ਾਂ ਅਤੇ ਅਮਰੀਕਾ ਵਿਚਾਲੇ ਤਣਾਅ ਲਗਾਤਾਰ ਵਧ ਰਿਹਾ ਹੈ। ਹਾਊਸ ਦੇ ਇਕ ਸੀਨੀਅਰ ਅਧਿਕਾਰੀ ਨੇ ਸੰਕੇਤ ਦਿੱਤਾ ਸੀ ਕਿ ਯੂਰਪ ਤੋਂ ਫੌਜੀਆਂ ਦੀ ਵਾਪਸੀ 'ਤੇ ਚਰਚਾ ਹੋ ਚੁੱਕੀ ਹੈ।

ਦਰਅਸਲ ਯੂਰਪ ਦੇ ਕਈ ਵੱਡੇ ਦੇਸ਼ ਇਰਾਨ ਜੰਗ ਬਾਰੇ ਟਰੰਪ ਪ੍ਰਸ਼ਾਸਨ ਦੇ ਤਰੀਕੇ ਤੋਂ ਨਾਖੁਸ਼ ਹਨ। ਇਸੇ ਕੜੀ ਵਿਚ ਜਰਮਨੀ ਦੇ ਚਾਂਸਲਰ ਫ੍ਰੈਡਰਿਕ ਮਰਜ਼ ਨੇ ਖੁੱਲ੍ਹ ਕੇ ਕਿਹਾ ਕਿ ਇਸ ਜੰਗ ਵਿਚ ਇਰਾਨ ਅਮਰੀਕਾ ਨੂੰ ਅਪਮਾਨਿਤ ਕਰ ਰਿਹਾ ਹੈ ਅਤੇ ਵਾਸ਼ਿੰਗਟਨ ਕੋਲ ਕੋਈ ਠੋਸ ਰਣਨੀਤੀ ਨਹੀਂ ਹੈ। ਮਰਜ਼ ਨੇ ਮਾਰਸਬਰਗ ਵਿਚ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਸ ਜੰਗ ਦਾ ਸਿੱਧਾ ਅਸਰ ਯੂਰਪ ਦੀ ਆਰਥਿਕਤਾ 'ਤੇ ਪੈ ਰਿਹਾ ਹੈ ਅਤੇ ਇਹ ਬੇਹੱਦ ਮਹਿੰਗਾ ਸਾਬਤ ਹੋ ਰਿਹਾ ਹੈ।

ਮਰਜ਼ ਦੇ ਬਿਆਨ ਤੋਂ ਬਾਅਦ ਟਰੰਪ ਨੇ ਆਪਣੇ ਪਲੇਟਫਾਰਮ 'ਟਰੁੱਥ ਸੋਸ਼ਲ'

### ਵੱਡੀ ਕਾਰਵਾਈ ਦੀ ਤਿਆਰੀ

'ਤੇ ਤਿੱਖੀ ਪ੍ਰਤੀਕਿਰਿਆ ਦਿੱਤੀ। ਉਨ੍ਹਾਂ ਲਿਖਿਆ ਕਿ ਮਰਜ਼ ਸੋਚਦੇ ਹਨ ਕਿ ਇਰਾਨ ਕੋਲ ਪ੍ਰਮਾਣੂ ਹਥਿਆਰ ਹੋਣਾ ਠੀਕ ਹੈ। ਟਰੰਪ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਮੁੱਦੇ ਦੀ ਸਮਝ ਨਹੀਂ ਹੈ। ਇਸ ਦੇ ਅਗਲੇ ਹੀ ਦਿਨ ਟਰੰਪ ਨੇ ਜਰਮਨੀ ਵਿਚ ਅਮਰੀਕੀ ਫੌਜੀਆਂ ਦੀ ਗਿਣਤੀ ਘਟਾਉਣ ਦੀ ਸੰਭਾਵਨਾ 'ਤੇ ਅਧਿਐਨ ਅਤੇ ਸਮੀਖਿਆ ਦੀ ਗੱਲ ਕਹੀ। ਜਦੋਂ ਟਰੰਪ ਤੋਂ ਇਟਲੀ ਅਤੇ ਸਪੇਨ ਤੋਂ ਫੌਜੀ ਹਟਾਉਣ ਬਾਰੇ ਸਵਾਲ ਕੀਤਾ ਗਿਆ ਤਾਂ ਉਨ੍ਹਾਂ ਸਾਫ਼ ਕਿਹਾ ਕਿ ਸ਼ਾਇਦ ਮੈਨੂੰ ਅਜਿਹਾ ਕਿਉਂ ਨਹੀਂ ਕਰਨਾ ਚਾਹੀਦਾ? ਉਨ੍ਹਾਂ ਨੇ ਇਟਲੀ 'ਤੇ ਸਹਿਯੋਗ ਨਾ ਕਰਨ ਦਾ ਦੋਸ਼ ਲਾਇਆ, ਜਦਕਿ ਸਪੇਨ ਨੂੰ ਭਿਆਨਕ ਦੱਸਦੇ ਹੋਏ ਉਸ ਦੀ ਆਲੋਚਨਾ ਕੀਤੀ।

ਟਰੰਪ ਦੀ ਨਾਰਾਜ਼ਗੀ ਦਾ ਮੁੱਖ ਕਾਰਨ ਯੂਰਪੀ ਦੇਸ਼ਾਂ ਵੱਲੋਂ ਇਰਾਨ ਜੰਗ ਵਿਚ ਪੂਰਾ ਸਮਰਥਨ ਨਾ ਦੇਣਾ ਹੈ। ਉਨ੍ਹਾਂ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਦੀ ਵੀ ਆਲੋਚਨਾ ਕੀਤੀ, ਕਿਉਂਕਿ ਉਨ੍ਹਾਂ ਨੇ ਸ਼ੁਰੂਆਤੀ ਦੌਰ ਵਿਚ ਹਮਲਿਆਂ ਲਈ ਬ੍ਰਿਟਿਸ਼ ਬੇਸ ਦੀ ਵਰਤੋਂ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਸੀ। ਇਟਲੀ ਦੀ ਪ੍ਰਧਾਨ ਮੰਤਰੀ ਜਾਰਜੀਆ ਮੇਲੋਨੀ ਵੱਲੋਂ ਜੰਗ ਦੀ ਆਲੋਚਨਾ ਕੀਤੇ ਜਾਣ 'ਤੇ ਵੀ ਟਰੰਪ ਨੇ ਨਾਰਾਜ਼ਗੀ



ਪ੍ਰਗਟਾਈ।

ਅਮਰੀਕੀ ਫੌਜੀਆਂ ਦੀ ਤਾਇਨਾਤੀ ਦਾ ਫ਼ੈਸਲਾ ਆਮ ਤੌਰ 'ਤੇ ਰਾਸ਼ਟਰਪਤੀ ਅਤੇ ਰੱਖਿਆ ਵਿਭਾਗ ਲੈਂਦੇ ਹਨ ਪਰ ਕਾਂਗਰਸ ਫੰਡਿੰਗ ਅਤੇ ਕਾਨੂੰਨ ਰਾਹੀਂ ਵੱਡੇ ਫ਼ੈਸਲਿਆਂ ਨੂੰ ਪ੍ਰਭਾਵਿਤ ਕਰ ਸਕਦੀ ਹੈ। 2026 ਦੇ ਰਾਸ਼ਟਰੀ ਰੱਖਿਆ ਅਧਿਕਾਰ ਐਕਟ (ਐੱਨ.ਡੀ.ਏ.ਏ.) ਵਿਚ ਇਹ ਵਿਵਸਥਾ ਹੈ ਕਿ ਯੂਰਪ ਵਿਚ ਫੌਜੀਆਂ ਦੀ ਗਿਣਤੀ 75,000 ਤੋਂ ਹੇਠਾਂ ਨਹੀਂ ਲਿਆਂਦੀ ਜਾ ਸਕਦੀ।

ਯੂਰਪ ਵਿਚ ਮੌਜੂਦ ਅਮਰੀਕੀ ਫੌਜੀ ਟਿਕਾਣੇ ਸਿਰਫ਼ ਖੇਤਰੀ ਸੁਰੱਖਿਆ ਹੀ ਨਹੀਂ, ਸਗੋਂ ਇਰਾਕ, ਅਫ਼ਗਾਨਿਸਤਾਨ ਅਤੇ ਹੁਣ ਇਰਾਨ ਵਰਗੇ ਦੇਸ਼ਾਂ ਵਿਚ ਚੱਲ ਰਹੀਆਂ ਫੌਜੀ ਮੁਹਿੰਮਾਂ ਲਈ ਲਾਜਿਸਟਿਕ ਹੱਬ ਦਾ ਕੰਮ ਕਰਦੇ ਹਨ। ਜਰਮਨੀ ਸਥਿਤ 'ਲੈਂਡਸਟੂਹਲ ਰੀਜਨਲ ਮੈਡੀਕਲ ਸੈਂਟਰ' ਅਮਰੀਕਾ ਤੋਂ ਬਾਹਰ ਸਭ ਤੋਂ ਵੱਡਾ ਫੌਜੀ ਹਸਪਤਾਲ ਹੈ, ਜਿੱਥੇ ਜੰਗ ਵਿਚ ਜ਼ਖ਼ਮੀ ਹੋਏ ਫੌਜੀਆਂ ਦਾ ਇਲਾਜ ਕੀਤਾ ਜਾਂਦਾ ਹੈ।

ਯੂਰਪ ਅਤੇ ਅਮਰੀਕਾ ਦੇ ਵਿਚਾਲੇ ਵਧ ਰਿਹਾ ਇਹ ਤਣਾਅ ਸਿਰਫ਼ ਕੂਟਨੀਤਕ ਬਿਆਨਬਾਜ਼ੀ ਤੱਕ ਸੀਮਤ ਨਹੀਂ ਹੈ, ਸਗੋਂ ਹੁਣ ਇਹ ਫੌਜੀ ਪੱਧਰ 'ਤੇ ਵੀ ਅਸਰ ਪਾ ਸਕਦਾ ਹੈ। ਜੇ ਟਰੰਪ ਪ੍ਰਸ਼ਾਸਨ ਫੌਜੀਆਂ ਦੀ ਵਾਪਸੀ ਦਾ ਫ਼ੈਸਲਾ ਕਰਦਾ ਹੈ, ਤਾਂ ਇਸ ਦਾ ਅਸਰ ਨਾਟੋ ਦੀ ਰਣਨੀਤੀ ਅਤੇ ਵਿਸ਼ਵ ਸ਼ਕਤੀ ਸੰਤੁਲਨ 'ਤੇ ਵੀ ਪੈ ਸਕਦਾ ਹੈ।

ਦਸੰਬਰ, 2025 ਤੱਕ ਪੈਂਟਾਗਨ ਦੇ ਅੰਕੜਿਆਂ ਅਨੁਸਾਰ ਯੂਰਪ ਵਿਚ ਕਰੀਬ 68,064 ਸਰਗਰਮ ਅਮਰੀਕੀ ਫੌਜੀ ਤਾਇਨਾਤ ਹਨ। ਇਹ ਫੌਜੀ ਪੂਰੇ ਯੂਰਪ ਵਿਚ 31 ਸਥਾਈ ਫੌਜੀ ਟਿਕਾਣਿਆਂ ਅਤੇ 19 ਹੋਰ ਸਾਈਟਾਂ 'ਤੇ ਤਾਇਨਾਤ ਹਨ। ਇਨ੍ਹਾਂ ਸਾਰੇ ਆਪ੍ਰੇਸ਼ਨਾਂ ਦਾ ਸੰਚਾਲਨ 'ਯੂ.ਐੱਸ. ਯੂਰਪੀਅਨ ਕਮਾਂਡ' ਵੱਲੋਂ ਕੀਤਾ ਜਾਂਦਾ ਹੈ, ਜੋ ਨਾਟੋ ਸਹਿਯੋਗੀਆਂ ਨਾਲ ਮਿਲ ਕੇ ਕੰਮ ਕਰਦਾ ਹੈ।

**ਦੋ ਪ੍ਰਮੁੱਖ ਦੇਸ਼ਾਂ 'ਚ ਅਮਰੀਕਨ ਫੌਜੀਆਂ ਦੀ ਮੌਜੂਦਗੀ :** ਜਰਮਨੀ 'ਚ ਯੂਰਪ ਦਾ ਸਭ ਤੋਂ ਵੱਡਾ ਅਮਰੀਕੀ ਬੇਸ 'ਰਾਮਸਟੀਨ ਏਅਰ ਬੇਸ' ਸਥਿਤ ਹੈ। ਇੱਥੇ ਕਰੀਬ 36,436 ਫੌਜੀ ਤਾਇਨਾਤ ਹਨ। ਯੂਨਾਈਟਿਡ ਕਿੰਗਡਮ 'ਚ ਲਗਭਗ 10,156 ਫੌਜੀ ਹਨ, ਜੋ ਮੁੱਖ ਤੌਰ 'ਤੇ ਇਹ ਏਅਰ ਫੋਰਸ ਦੇ ਹਨ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ
ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਭਾਰਤ ਵਿਰੋਧੀ ਬਿਆਨਬਾਜ਼ੀ ਨਾਲ ਅਮਰੀਕਾ 'ਚ ਨਫ਼ਰਤ ਵਾਲੀਆਂ ਘਟਨਾਵਾਂ ਵਿਚ ਵਾਧਾ

**ਵਾਸ਼ਿੰਗਟਨ, (ਪੰਜਾਬ ਮੇਲ)-** ਇੱਕ ਰਿਪੋਰਟ ਅਨੁਸਾਰ, ਭਾਰਤੀ ਅਤੇ ਹੋਰ ਏਸ਼ੀਆਈ ਭਾਈਚਾਰਿਆਂ ਵਿਰੁੱਧ ਰਾਜਨੀਤਿਕ ਬਿਆਨਬਾਜ਼ੀ ਅਤੇ ਪ੍ਰਵਾਸੀ ਵਿਰੋਧੀ ਨੀਤੀਆਂ ਨੇ 2025 ਵਿਚ ਅਮਰੀਕਾ ਵਿਚ ਨਫ਼ਰਤ ਦੇ ਪੱਧਰ ਨੂੰ ਵਧਾਇਆ। ਲਗਭਗ ਅੱਧੇ ਏਸ਼ੀਆਈ ਅਮਰੀਕੀ ਬਾਲਗਾਂ ਨੇ ਅਜਿਹੀਆਂ ਘਟਨਾਵਾਂ ਦੀ ਰਿਪੋਰਟ ਕੀਤੀ।

"ਸਟਾਪ ਏ.ਏ.ਪੀ.ਆਈ. ਹੇਟ" ਰਿਪੋਰਟ ਵਿਚ ਸਾਹਮਣੇ ਆਇਆ ਕਿ 2025 ਵਿਚ 49 ਪ੍ਰਤੀਸ਼ਤ ਏਸ਼ੀਆਈ ਅਮਰੀਕੀ ਅਤੇ ਪ੍ਰਸ਼ਾਂਤ ਟਾਪੂ ਵਾਸੀ ਬਾਲਗਾਂ ਨੇ ਨਫ਼ਰਤ ਭਰੀਆਂ ਕਾਰਵਾਈਆਂ ਦਾ ਅਨੁਭਵ ਕੀਤਾ। ਇਹ ਲਗਾਤਾਰ ਤੀਜਾ ਸਾਲ ਹੈ, ਜਦੋਂ ਇਹ ਦਰ ਉੱਚੀ ਹੋ ਰਹੀ ਹੈ। 2024 ਵਿਚ ਇਹ ਅੰਕੜਾ 53 ਪ੍ਰਤੀਸ਼ਤ ਅਤੇ 2023 ਵਿਚ 49 ਪ੍ਰਤੀਸ਼ਤ ਸੀ। ਉਮਰ, ਲਿੰਗ, ਆਮਦਨ, ਭਾਸ਼ਾ ਅਤੇ ਨਸਲੀ ਸਮੂਹਾਂ ਅਨੁਸਾਰ ਇਹ ਦਰਾਂ ਲਗਭਗ ਇੱਕੋ ਜਿਹੀਆਂ ਰਹੀਆਂ।

ਸਿੰਥੀਆ ਚੋਈ ਨੇ ਕਿਹਾ ਕਿ ਨਵੀਂ ਖੋਜ ਦਰਸਾਉਂਦੀ ਹੈ ਕਿ ਅਮਰੀਕਾ ਵਿਚ ਏਸ਼ੀਆਈ ਅਮਰੀਕੀ ਅਤੇ ਪ੍ਰਸ਼ਾਂਤ ਟਾਪੂ ਵਾਸੀ ਭਾਈਚਾਰੇ ਲਗਾਤਾਰ ਤਿੰਨ ਸਾਲਾਂ ਤੋਂ ਨਸਲਵਾਦ ਅਤੇ ਵਿਤਕਰੇ ਦੇ ਚਿੰਤਾਜਨਕ ਤੌਰ 'ਤੇ ਉੱਚ ਪੱਧਰਾਂ ਦਾ ਸਾਹਮਣਾ ਕਰ ਰਹੇ ਹਨ। ਉਨ੍ਹਾਂ ਦੇ ਅਨੁਸਾਰ, ਇਹ ਰੁਝਾਨ 2020 ਵਿਚ ਕੋਵਿਡ-19 ਮਹਾਂਮਾਰੀ ਦੌਰਾਨ ਸ਼ੁਰੂ ਹੋਇਆ ਸੀ ਅਤੇ ਉਸ ਤੋਂ ਬਾਅਦ ਵੀ ਜਾਰੀ ਹੈ। ਇਸ ਦੌਰਾਨ ਜ਼ੈਨੋਫੋਬਿਕ ਅਤੇ ਰਾਜਨੀਤਿਕ ਤੌਰ 'ਤੇ ਪ੍ਰੇਰਿਤ ਹਮਲੇ ਲਗਾਤਾਰ ਵਧਦੇ ਰਹੇ ਹਨ।

ਖੋਜਕਰਤਾਵਾਂ ਮੁਤਾਬਕ, ਇਸ ਵਾਧੇ ਦੇ ਪਿੱਛੇ ਕਈ ਕਾਰਕ ਹਨ, ਜਿਵੇਂ ਕਿ ਭਾਰਤ ਵਿਰੋਧੀ ਅਤੇ ਚੀਨ ਵਿਰੋਧੀ ਭਾਵਨਾਵਾਂ ਨੂੰ ਭੜਕਾਉਣ ਵਾਲੀ ਰਾਜਨੀਤਿਕ ਬਿਆਨਬਾਜ਼ੀ, 2024 ਦੀ ਚੋਣ ਮੁਹਿੰਮ ਦੌਰਾਨ ਡੋਨਾਲਡ ਟਰੰਪ ਵੱਲੋਂ ਵਰਤੀ ਗਈ ਤਿੱਖੀ ਭਾਸ਼ਾ, ਅਤੇ ਪ੍ਰਵਾਸੀ ਵਿਰੋਧੀ ਨੀਤੀਆਂ। ਨਫ਼ਰਤ ਦੇ ਸਭ ਤੋਂ ਆਮ ਰੂਪਾਂ ਵਿਚ ਪਰੇਸ਼ਾਨੀ (44 ਪ੍ਰਤੀਸ਼ਤ) ਸਭ ਤੋਂ ਉੱਪਰ ਰਹੀ, ਇਸ ਤੋਂ ਬਾਅਦ ਸੰਸਥਾਗਤ ਵਿਤਕਰਾ (23 ਪ੍ਰਤੀਸ਼ਤ), ਸਰੀਰਕ ਹਿੰਸਾ (13 ਪ੍ਰਤੀਸ਼ਤ) ਅਤੇ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਦੀਆਂ ਘਟਨਾਵਾਂ (10 ਪ੍ਰਤੀਸ਼ਤ) ਦਰਜ ਕੀਤੀਆਂ ਗਈਆਂ। ਇਹ ਘਟਨਾਵਾਂ ਸਭ ਤੋਂ ਵੱਧ ਔਨਲਾਈਨ ਮਾਧਿਅਮਾਂ (43 ਪ੍ਰਤੀਸ਼ਤ), ਜਨਤਕ ਥਾਵਾਂ (40 ਪ੍ਰਤੀਸ਼ਤ) ਅਤੇ ਵਪਾਰਕ ਸਥਾਨਾਂ (36 ਪ੍ਰਤੀਸ਼ਤ) 'ਤੇ ਵਾਪਰੀਆਂ।

ਰਿਪੋਰਟ ਵਿਚ ਇਹ ਵੀ ਦਰਸਾਇਆ ਗਿਆ ਕਿ 52 ਪ੍ਰਤੀਸ਼ਤ ਉੱਤਰਦਾਤਾਵਾਂ ਨੂੰ ਆਪਣੀ ਪਛਾਣ ਦੇ ਹੋਰ ਪਹਿਲੂਆਂ ਦੇ ਆਧਾਰ 'ਤੇ ਵੀ ਨਿਸ਼ਾਨਾ ਬਣਾਇਆ ਗਿਆ, ਜਿਸ ਵਿਚ ਉਮਰ (27 ਪ੍ਰਤੀਸ਼ਤ), ਲਿੰਗ (25 ਪ੍ਰਤੀਸ਼ਤ) ਅਤੇ ਸਮਾਜਿਕ ਵਰਗ (23 ਪ੍ਰਤੀਸ਼ਤ) ਸ਼ਾਮਲ ਹਨ।

# ਅਮਰੀਕਾ-ਈਰਾਨ ਵਿਚਾਲੇ ਚੱਲ ਰਹੀ ਜੰਗ ਨੇ ਗਲੋਬਲ ਆਰਥਿਕਤਾ ਨੂੰ ਦਿੱਤਾ ਝਟਕਾ

**ਨਵੀਂ ਦਿੱਲੀ, (ਪੰਜਾਬ ਮੇਲ)-** ਅਮਰੀਕਾ ਅਤੇ ਈਰਾਨ ਵਿਚਾਲੇ ਚੱਲ ਰਹੀ ਜੰਗ ਨੇ ਗਲੋਬਲ ਆਰਥਿਕਤਾ ਨੂੰ ਵੱਡਾ ਝਟਕਾ ਦਿੱਤਾ ਹੈ। ਭਾਵੇਂ ਦੋਵਾਂ ਦੇਸ਼ਾਂ ਵਿਚਾਲੇ ਫਿਲਹਾਲ ਸੀਜ਼ਫਾਇਰ ਚੱਲ ਰਿਹਾ ਹੈ, ਪਰ ਇਸ ਜੰਗ ਕਾਰਨ ਤੇਲ ਅਤੇ ਗੈਸ ਦੀਆਂ ਕੀਮਤਾਂ ਵਿਚ ਲੱਗੀ ਅੱਗ ਨੇ ਯੂਰਪ ਸਮੇਤ ਪੂਰੀ ਦੁਨੀਆਂ ਵਿਚ ਮਹਿੰਗਾਈ ਵਧਾ ਦਿੱਤੀ ਹੈ। ਤਾਜ਼ਾ ਰਿਪੋਰਟਾਂ ਅਨੁਸਾਰ ਯੂਰਪ ਦੇ 21 ਦੇਸ਼ਾਂ ਵਿਚ ਅਪ੍ਰੈਲ ਮਹੀਨੇ ਦੌਰਾਨ ਮਹਿੰਗਾਈ ਦੀ ਦਰ ਵਿਚ ਭਾਰੀ ਵਾਧਾ ਦਰਜ ਕੀਤਾ ਗਿਆ ਹੈ।

ਇਸ ਮਹਿੰਗਾਈ ਦਾ ਸਭ ਤੋਂ ਵੱਡਾ ਕਾਰਨ ਈਰਾਨ ਵੱਲੋਂ ਹੋਰਮੁਜ਼ ਜਲਡਮਰੂਮੱਧ ਨੂੰ ਬੰਦ ਕਰਨਾ ਹੈ। ਇਹ ਉਹ ਸਮੁੰਦਰੀ ਰਸਤਾ ਹੈ, ਜਿੱਥੋਂ ਦੁਨੀਆਂ ਦਾ ਲਗਭਗ 20 ਫੀਸਦੀ ਕੱਚਾ ਤੇਲ ਸਪਲਾਈ ਹੁੰਦਾ ਹੈ। ਇਸ ਰਸਤੇ ਦੇ ਬੰਦ ਹੋਣ ਕਾਰਨ ਭਾਰਤ, ਪਾਕਿਸਤਾਨ, ਬ੍ਰਿਟੇਨ, ਸ੍ਰੀਲੰਕਾ

### 21 ਦੇਸ਼ਾਂ 'ਚ ਫਟਿਆ ਮਹਿੰਗਾਈ ਦਾ 'ਬੰਬ'

ਅਤੇ ਦੱਖਣੀ ਕੋਰੀਆ ਵਰਗੇ ਦੇਸ਼ਾਂ ਵਿਚ ਪੈਟਰੋਲ, ਡੀਜ਼ਲ ਅਤੇ ਐੱਲ.ਪੀ.ਜੀ. ਦੀਆਂ ਕੀਮਤਾਂ ਵਿਚ ਭਾਰੀ ਉਛਾਲ ਦੇਖਣ ਨੂੰ ਮਿਲਿਆ ਹੈ।

ਸਰੋਤਾਂ ਅਨੁਸਾਰ ਯੂਰੋ ਕਰੰਸੀ ਦੀ ਵਰਤੋਂ ਕਰਨ ਵਾਲੇ 21 ਦੇਸ਼ਾਂ ਵਿਚ ਸਾਲਾਨਾ ਮਹਿੰਗਾਈ ਦਰ ਮਾਰਚ ਵਿਚ 2.6% ਤੋਂ ਵੱਧ ਕੇ ਅਪ੍ਰੈਲ ਵਿਚ 3% ਹੋ ਗਈ ਹੈ। ਇਸ ਦਾ ਮੁੱਖ ਕਾਰਨ ਊਰਜਾ ਦੀਆਂ ਕੀਮਤਾਂ ਵਿਚ ਹੋਇਆ 10.9% ਦਾ ਵਾਧਾ ਹੈ। ਮਹਿੰਗਾਈ ਨਾਲ ਪ੍ਰਭਾਵਿਤ ਹੋਣ ਵਾਲੇ ਪ੍ਰਮੁੱਖ ਦੇਸ਼ਾਂ ਵਿਚ ਜਰਮਨੀ, ਫਰਾਂਸ, ਇਟਲੀ, ਸਪੇਨ, ਨੀਦਰਲੈਂਡ, ਆਸਟਰੀਆ, ਬੈਲਜੀਅਮ ਅਤੇ ਫਿਨਲੈਂਡ ਸ਼ਾਮਲ ਹਨ। ਜੰਗ ਸ਼ੁਰੂ ਹੋਣ ਤੋਂ ਪਹਿਲਾਂ (28 ਫਰਵਰੀ) ਕੱਚਾ ਤੇਲ ਲਗਭਗ 73 ਡਾਲਰ ਪ੍ਰਤੀ ਬੈਰਲ 'ਤੇ ਸੀ, ਜੋ ਹੁਣ ਵਧ ਕੇ 120 ਡਾਲਰ ਪ੍ਰਤੀ ਬੈਰਲ ਤੋਂ ਪਾਰ ਪਹੁੰਚ ਗਿਆ ਹੈ। ਤੇਲ ਦੀਆਂ ਵਧਦੀਆਂ ਕੀਮਤਾਂ ਦਾ ਸਿੱਧਾ ਅਸਰ ਗੈਸ ਸਟੇਸ਼ਨਾਂ ਅਤੇ ਜੈੱਟ ਫਿਊਲ ਦੀਆਂ ਕੀਮਤਾਂ 'ਤੇ ਦੇਖਿਆ ਜਾ ਰਿਹਾ ਹੈ।

ਮਹਿੰਗਾਈ ਵਧਣ ਦੇ ਨਾਲ-ਨਾਲ ਯੂਰੋਜ਼ੋਨ ਦੀ ਆਰਥਿਕ ਵਿਕਾਸ ਦਰ ਵੀ ਕਾਫੀ ਨਿਰਾਸ਼ਾਜਨਕ ਰਹੀ ਹੈ। ਸਾਲ ਦੇ ਪਹਿਲੇ ਤਿੰਨ ਮਹੀਨਿਆਂ ਵਿਚ ਇਹ ਦਰ ਸਿਰਫ 0.1% ਦਰਜ ਕੀਤੀ ਗਈ ਹੈ। ਮਾਹਰਾਂ ਦਾ ਮੰਨਣਾ ਹੈ ਕਿ ਵਧਦੀ ਮਹਿੰਗਾਈ ਅਤੇ ਸੁਸਤ ਵਿਕਾਸ ਦਰ ਕਾਰਨ 'ਸਟੈਗਫਲੇਸ਼ਨ' ਵਰਗੀ ਸਥਿਤੀ ਪੈਦਾ ਹੋ ਸਕਦੀ ਹੈ, ਜੋ ਨੀਤੀ ਘੜਨ ਵਾਲਿਆਂ ਲਈ ਇੱਕ ਵੱਡੀ ਚੁਣੌਤੀ ਹੈ। ਮਹਿੰਗਾਈ ਨੂੰ ਕੰਟਰੋਲ ਕਰਨ ਲਈ ਕੇਂਦਰੀ ਬੈਂਕ ਵਿਆਜ ਦਰਾਂ ਵਧਾ ਸਕਦੇ ਹਨ, ਪਰ ਇਸ ਨਾਲ ਵਿਕਾਸ ਦਰ ਹੋਰ ਵੀ ਸੁਸਤ ਹੋਣ ਦਾ ਖਤਰਾ ਹੈ।

# ਰੂਸ ਵੱਲੋਂ ਯੂਕ੍ਰੇਨ 'ਚ ਇਕਪਾਸੜ ਜੰਗਬੰਦੀ ਦਾ ਐਲਾਨ!

**ਮਾਸਕੋ, (ਪੰਜਾਬ ਮੇਲ)-** ਅਮਰੀਕਾ-ਇਰਾਨ ਵਿਚਾਲੇ 40 ਦਿਨਾਂ ਤੱਕ ਚੱਲੀ ਭਿਆਨਕ ਜੰਗ ਮਗਰੋਂ ਹੋਈ ਸ਼ਾਂਤੀ ਦਾ ਅਸਰ ਹੁਣ ਰੂਸ-ਯੂਕ੍ਰੇਨ ਦੀ ਜੰਗ 'ਤੇ ਪੈਂਦਾ ਵੀ ਦਿਖਾਈ ਦੇ ਰਿਹਾ ਹੈ। ਇਸੇ ਦੌਰਾਨ ਰੂਸ ਦੇ ਰੱਖਿਆ ਮੰਤਰਾਲੇ ਨੇ ਸ਼ੁੱਕਰਵਾਰ ਅਤੇ ਸ਼ਨੀਵਾਰ (8-9 ਮਈ) ਲਈ ਯੂਕ੍ਰੇਨ ਵਿਚ ਇਕਪਾਸੜ ਜੰਗਬੰਦੀ ਦਾ ਐਲਾਨ ਕੀਤਾ ਹੈ, ਪਰ ਨਾਲ ਹੀ ਕੀਵ ਨੂੰ ਭਿਆਨਕ ਨਤੀਜੇ ਭੁਗਤਣ ਦੀ ਚਿਤਾਵਨੀ ਵੀ ਦਿੱਤੀ ਹੈ।

ਦੂਜੇ ਵਿਸ਼ਵ ਯੁੱਧ ਵਿਚ ਨਾਜ਼ੀ ਜਰਮਨੀ ਦੀ ਹਾਰ ਦੀ 81ਵੀਂ ਵਰ੍ਹੇਗੰਢ ਦੇ ਮੌਕੇ 'ਤੇ ਰੂਸ 'ਚ 8-9 ਮਈ ਨੂੰ ਵਿਜੇ ਦਿਵਸ ਮਨਾਇਆ ਜਾ ਰਿਹਾ ਹੈ ਤੇ ਰੂਸ ਨੇ ਸਪੱਸ਼ਟ ਕੀਤਾ ਹੈ ਕਿ ਜੇਕਰ ਯੂਕ੍ਰੇਨ ਨੇ ਮਾਸਕੋ ਦੇ ਰੈੱਡ ਸੁਕੇਅਰ 'ਤੇ ਹੋਣ ਵਾਲੇ 'ਵਿਜੇ ਦਿਵਸ' ਸਮਾਰੋਹ ਵਿਚ ਕਿਸੇ ਵੀ ਤਰ੍ਹਾਂ ਦੀ ਰੁਕਾਵਟ ਪਾਉਣ ਦੀ ਕੋਸ਼ਿਸ਼ ਕੀਤੀ, ਤਾਂ ਰੂਸ ਕੀਵ ਦੇ ਕੇਂਦਰ ਵਿਚ ਇੱਕ ਵੱਡਾ ਮਿਜ਼ਾਈਲ ਹਮਲਾ ਕਰੇਗਾ। ਰੂਸੀ ਮੰਤਰਾਲੇ ਨੇ ਕੀਵ ਵਿਚ ਰਹਿਣ ਵਾਲੇ ਆਮ ਨਾਗਰਿਕਾਂ ਅਤੇ ਵਿਦੇਸ਼ੀ ਦੂਤਾਵਾਸਾਂ ਦੇ ਕਰਮਚਾਰੀਆਂ ਨੂੰ ਤੁਰੰਤ ਸ਼ਹਿਰ ਛੱਡਣ ਦੀ ਚਿਤਾਵਨੀ ਦੇ ਦਿੱਤੀ ਹੈ। ਉੱਥੇ ਹੀ ਯੂਕ੍ਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨੇ ਰੂਸ ਦੇ ਇਸ ਕਦਮ ਨੂੰ ਸਿਰਫ਼ ਇੱਕ ਦਿਖਾਵਾ ਦੱਸਿਆ ਹੈ। ਉਨ੍ਹਾਂ ਕਿਹਾ ਕਿ ਯੂਕ੍ਰੇਨ ਬੁੱਧਵਾਰ ਰਾਤ 12 ਵਜੇ ਤੋਂ ਜੰਗਬੰਦੀ ਦੀ ਪਾਲਣਾ ਕਰੇਗਾ, ਪਰ ਜੇਕਰ ਰੂਸ ਵੱਲੋਂ ਕੋਈ ਕਾਰਵਾਈ ਹੁੰਦੀ ਹੈ, ਤਾਂ ਉਸ ਦਾ ਮੂੰਹਤੋੜ ਜਵਾਬ ਦਿੱਤਾ ਜਾਵੇਗਾ। ਜ਼ੇਲੇਂਸਕੀ ਨੇ ਅੱਗੇ ਕਿਹਾ ਕਿ ਰੂਸੀ ਅਧਿਕਾਰੀ ਇੰਨੇ ਡਰੇ ਹੋਏ ਹਨ ਕਿ ਉਹ ਰੈੱਡ ਸੁਕੇਅਰ 'ਤੇ ਯੂਕ੍ਰੇਨੀ ਡਰੋਨਾਂ ਦੇ ਮੰਡਰਾਉਣ ਦੇ ਡਰ ਕਾਰਨ ਆਪਣੀ ਫੌਜੀ ਸ਼ਕਤੀ ਦਾ ਪ੍ਰਦਰਸ਼ਨ ਨਹੀਂ ਕਰ ਪਾ ਰਹੇ। ਜ਼ਿਕਰਯੋਗ ਹੈ ਕਿ ਸੁਰੱਖਿਆ ਕਾਰਨਾਂ ਕਰ ਕੇ ਇਸ ਸਾਲ ਰੂਸ ਦੀ ਰਵਾਇਤੀ ਵਿਜੇ ਦਿਵਸ ਪਰੇਡ ਕਾਫ਼ੀ ਫਿੱਕੀ ਰਹੇਗੀ। ਲਗਭਗ ਦੋ ਦਹਾਕਿਆਂ ਵਿਚ ਪਹਿਲੀ ਵਾਰ, ਮਾਸਕੋ ਦੀ ਪਰੇਡ ਵਿਚ ਟੈਂਕ, ਮਿਜ਼ਾਈਲਾਂ ਜਾਂ ਹੋਰ ਭਾਰੀ ਫੌਜੀ ਉਪਕਰਣ ਸ਼ਾਮਲ ਨਹੀਂ ਹੋਣਗੇ। ਦੇਸ਼ ਭਰ ਵਿਚ ਹੋਰ ਥਾਵਾਂ 'ਤੇ ਹੋਣ ਵਾਲੀਆਂ ਪਰੇਡਾਂ ਨੂੰ ਵੀ ਜਾਂ ਤਾਂ ਰੱਦ ਕਰ ਦਿੱਤਾ ਗਿਆ ਹੈ ਜਾਂ ਉਨ੍ਹਾਂ ਦਾ ਪੱਧਰ ਬਹੁਤ ਛੋਟਾ ਕਰ ਦਿੱਤਾ ਗਿਆ ਹੈ।



# ਈਰਾਨ ਵੱਲੋਂ ਹੋਰਮੁਜ਼ ਜਲਡਮਰੂ ਦਾ ਨਵਾਂ ਨਕਸ਼ਾ ਜਾਰੀ!

■ ਈਰਾਨੀ ਜਲ ਸੈਨਾ ਦੇ ਨਿਯੰਤਰਣ ਅਤੇ ਪ੍ਰਬੰਧਨ ਅਧੀਨ ਖੇਤਰਾਂ ਨੂੰ ਦਰਸਾਇਆ
■ ਖੇਤਰ 'ਚ ਤਣਾਅ ਹੋਰ ਵਧਣ ਦੀ ਉਮੀਦ

ਤਹਿਰਾਨ, (ਪੰਜਾਬ ਮੇਲ)- ਈਰਾਨ ਦੇ ਇਸਲਾਮਿਕ ਰੈਵੋਲਿਊਸ਼ਨਰੀ ਗਾਰਡ ਕੋਰ (ਆਈ.ਆਰ.ਜੀ.ਸੀ.) ਨੇ ਸੋਮਵਾਰ ਨੂੰ ਹੋਰਮੁਜ਼ ਜਲਡਮਰੂ ਦਾ ਇੱਕ ਨਵਾਂ ਨਕਸ਼ਾ ਜਾਰੀ ਕੀਤਾ, ਜਿਸ ਵਿਚ ਈਰਾਨੀ ਜਲ ਸੈਨਾ ਦੇ ਨਿਯੰਤਰਣ ਅਤੇ ਪ੍ਰਬੰਧਨ ਅਧੀਨ ਖੇਤਰਾਂ ਨੂੰ ਦਰਸਾਇਆ ਗਿਆ ਹੈ। ਇਸ ਕਦਮ ਨਾਲ ਖੇਤਰ 'ਚ ਤਣਾਅ ਹੋਰ ਵਧਣ ਦੀ ਉਮੀਦ ਹੈ। ਜਾਣਕਾਰੀ ਅਨੁਸਾਰ, ਆਈ.ਆਰ.ਜੀ.ਸੀ. ਦੁਆਰਾ ਨਿਰਧਾਰਤ ਇਹ ਖੇਤਰ ਪੱਛਮ ਵਿਚ ਈਰਾਨ ਦੇ ਕੇਸ਼ਮ ਟਾਪੂ ਅਤੇ ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਦੇ ਉਮ ਅਲ-ਕੁਵੈਨ ਦੇ ਵਿਚਕਾਰ ਤੋਂ ਸ਼ੁਰੂ ਹੋ ਕੇ ਪੂਰਬ ਵਿਚ ਈਰਾਨ ਦੇ ਮਾਊਂਟ ਮੁਬਾਰਕ ਅਤੇ ਫੁਜੈਰਾਹ ਤੱਕ ਫੈਲਿਆ ਹੋਇਆ ਹੈ।

ਈਰਾਨ ਦਾ ਇਹ ਕਦਮ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ "ਪ੍ਰੋਜੈਕਟ ਫ੍ਰੀਡਮ" ਦੇ ਜਵਾਬ ਵਿਚ ਆਇਆ ਹੈ, ਜਿਸਨੂੰ ਅਮਰੀਕਾ ਦੁਆਰਾ ਰਣਨੀਤਕ ਜਲ ਮਾਰਗ ਵਿਚ ਫਸੇ ਵਪਾਰਕ ਜਹਾਜ਼ਾਂ ਨੂੰ ਸੁਰੱਖਿਅਤ ਢੰਗ ਨਾਲ ਕੱਢਣ ਲਈ ਲਾਗੂ ਕੀਤਾ ਜਾ ਰਿਹਾ ਹੈ। ਈਰਾਨ ਦੇ ਯੂਨੀਫਾਈਡ ਆਰਮਡ ਫੋਰਸਿਜ਼ ਕਮਾਂਡ ਦੇ ਮੁਖੀ ਮੇਜਰ ਜਨਰਲ ਅਲੀ ਅਬਦੁੱਲਾਹੀ ਨੇ ਇੱਕ ਸਖ਼ਤ ਚੇਤਾਵਨੀ ਜਾਰੀ ਕਰਦੇ ਹੋਏ ਕਿਹਾ ਕਿ ਈਰਾਨ "ਕਿਸੇ ਵੀ ਵਿਦੇਸ਼ੀ ਹਥਿਆਰਬੰਦ ਫੋਰਸ" ਨੂੰ ਨਿਸ਼ਾਨਾ ਬਣਾਏਗਾ, ਜੋ ਸਟ੍ਰੇਟ ਵਿਚ ਦਾਖਲ ਹੋਣ ਜਾਂ ਨੇੜੇ ਆਵੇਗੀ, ਖਾਸ ਕਰਕੇ "ਹਮਲਾਵਰ ਅਮਰੀਕੀ ਫੌਜਾਂ"। ਉਨ੍ਹਾਂ ਕਿਹਾ ਕਿ ਈਰਾਨ ਹੋਰਮੁਜ਼ ਜਲਡਮਰੂ ਦੀ ਸੁਰੱਖਿਆ ਦਾ ਮਜ਼ਬੂਤੀ ਨਾਲ ਪ੍ਰਬੰਧਨ ਕਰ ਰਿਹਾ ਹੈ।

ਇਸ ਦੌਰਾਨ, ਅਮਰੀਕੀ ਫੌਜ ਨੇ ਸਪੱਸ਼ਟ ਕੀਤਾ ਹੈ ਕਿ ਉਸਦੀ ਕੋਸ਼ਿਸ਼ ਕੋਈ ਰਸਮੀ ਐਸਕਾਰਟ ਮਿਸ਼ਨ ਨਹੀਂ ਹੈ, ਸਗੋਂ ਇਸ ਵਿਚ ਗਾਈਡਡ-ਮਿਜ਼ਾਈਲ ਵਿਨਾਸ਼ਕਾਰੀ, 100 ਤੋਂ ਵੱਧ ਜਹਾਜ਼ ਅਤੇ 15,000 ਫੌਜਾਂ "ਪ੍ਰੋਜੈਕਟ ਫ੍ਰੀਡਮ" ਦਾ ਸਮਰਥਨ ਕਰਨਗੀਆਂ। ਅਬਦੁੱਲਾਹੀ ਨੇ ਸਾਰੇ ਵਪਾਰਕ ਜਹਾਜ਼ਾਂ ਅਤੇ ਤੇਲ ਟੈਂਕਰਾਂ ਨੂੰ ਅਪੀਲ ਕੀਤੀ ਕਿ ਉਹ ਈਰਾਨੀ ਹਥਿਆਰਬੰਦ ਬਲਾਂ ਨਾਲ ਤਾਲਮੇਲ ਤੋਂ ਬਿਨਾਂ ਖੇਤਰ ਵਿਚੋਂ ਲੰਘਣ ਨਾ ਦੇਣ, ਕਿਉਂਕਿ ਇਹ ਉਨ੍ਹਾਂ ਦੀ ਸੁਰੱਖਿਆ ਨੂੰ ਖਤਰੇ ਵਿਚ ਪਾ ਸਕਦਾ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਵੱਲੋਂ ਕੋਈ ਵੀ ਹਮਲਾਵਰ ਕਾਰਵਾਈ ਸਥਿਤੀ ਨੂੰ ਹੋਰ ਗੁੰਝਲਦਾਰ ਬਣਾ ਦੇਵੇਗੀ ਅਤੇ ਜਹਾਜ਼ਾਂ ਦੀ ਸੁਰੱਖਿਆ ਨੂੰ ਖ਼ਤਰਾ ਪੈਦਾ ਕਰ ਸਕਦੀ ਹੈ। ਅਬਦੁੱਲਾਹੀ ਨੇ ਕਿਹਾ ਕਿ ਜਲਮਾਰਗ ਈਰਾਨ ਦੀਆਂ ਹਥਿਆਰਬੰਦ ਸੈਨਾਵਾਂ ਦੇ ਨਿਯੰਤਰਣ ਵਿਚ ਹੈ, ਅਤੇ "ਅਮਰੀਕਾ ਵੱਲੋਂ ਸਥਿਤੀ ਨੂੰ ਵਧਾਉਣ ਲਈ ਕੀਤੀ ਗਈ ਕੋਈ ਵੀ ਹਮਲਾਵਰ ਕਾਰਵਾਈ ਸਿਰਫ ਹੋਰ ਪੇਚੀਦਗੀਆਂ ਪੈਦਾ ਕਰੇਗੀ ਅਤੇ ਖੇਤਰ ਵਿਚ ਸ਼ਿਪਿੰਗ ਦੀ ਸੁਰੱਖਿਆ ਨੂੰ ਖਤਰੇ ਵਿਚ ਪਾ ਦੇਵੇਗੀ।"

ਗੌਰਤਲਬ ਹੈ ਕਿ ਟਰੰਪ ਨੇ ਇੱਕ ਜਲ ਸੈਨਾ ਮਿਸ਼ਨ ਦਾ ਐਲਾਨ ਕੀਤਾ ਹੈ, ਜਿਸਨੂੰ "ਪ੍ਰੋਜੈਕਟ ਫ੍ਰੀਡਮ" ਕਿਹਾ ਜਾ ਰਿਹਾ ਹੈ। ਇੱਕ ਅਧਿਕਾਰਤ ਬਿਆਨ ਅਨੁਸਾਰ ਇਸਦਾ ਉਦੇਸ਼ ਹੋਰਮੁਜ਼ ਵਿਚ ਫਸੇ ਵਪਾਰੀ ਜਹਾਜ਼ਾਂ ਨੂੰ ਬਚਾਉਣਾ ਹੈ। ਆਈ.ਆਰ.ਜੀ.ਸੀ. ਦੇ ਬੁਲਾਰੇ ਸਰਦਾਰ ਮੋਹੱਬੀ ਨੇ ਕਿਹਾ ਕਿ ਤਹਿਰਾਨ ਦੁਆਰਾ ਲਗਾਏ ਗਏ ਟ੍ਰਾਂਜ਼ਿਟ ਪ੍ਰੋਟੋਕੋਲ ਦੀ ਉਲੰਘਣਾ ਕਰਨ ਵਾਲੇ ਕਿਸੇ ਵੀ ਜਹਾਜ਼ ਨੂੰ ਜ਼ਬਰਦਸਤੀ ਰੋਕਿਆ ਜਾਵੇਗਾ। ਉਸਨੇ ਸਾਰੀਆਂ ਸ਼ਿਪਿੰਗ ਅਤੇ ਆਵਾਜਾਈ ਬੀਮਾ ਕੰਪਨੀਆਂ ਨੂੰ ਆਈ.ਆਰ.ਜੀ.ਸੀ. ਦੀਆਂ ਅਧਿਕਾਰਤ ਘੋਸ਼ਣਾਵਾਂ ਵੱਲ ਧਿਆਨ ਦੇਣ ਦੀ ਸਲਾਹ ਦਿੱਤੀ। ਉਸਨੇ ਅੱਗੇ ਕਿਹਾ, "ਆਈ.ਆਰ.ਜੀ.ਸੀ. ਨੇਵੀ ਦੁਆਰਾ ਐਲਾਨੇ ਗਏ ਸਿਧਾਂਤਾਂ ਦੇ ਉਲਟ ਹੋਰ ਗਤੀਵਿਧੀਆਂ ਨੂੰ ਗੰਭੀਰ ਜੋਖਮਾਂ ਦਾ ਸਾਹਮਣਾ ਕਰਨਾ ਪਵੇਗਾ। ਨਿਯਮਾਂ ਦੀ ਉਲੰਘਣਾ ਕਰਨ ਵਾਲੇ ਜਹਾਜ਼ਾਂ ਨੂੰ ਜ਼ਬਰਦਸਤੀ ਹਿਰਾਸਤ ਵਿਚ ਲਿਆ ਜਾਵੇਗਾ। ਇਹ ਮਹੱਤਵਪੂਰਨ ਹੈ ਕਿ ਸਾਰੀਆਂ ਸ਼ਿਪਿੰਗ ਕੰਪਨੀਆਂ ਅਤੇ ਆਵਾਜਾਈ ਬੀਮਾ ਕੰਪਨੀਆਂ ਆਈ.ਆਰ.ਜੀ.ਸੀ. ਦੀਆਂ ਘੋਸ਼ਣਾਵਾਂ ਵੱਲ ਧਿਆਨ ਦੇਣ।"

# ਅਮਰੀਕਾ 'ਚ ਪੈਦਾ ਹੋਏ ਰੂਸੀ ਡਿਪਲੋਮੈਟਾਂ ਦੇ ਬੱਚਿਆਂ ਨੂੰ ਅਮਰੀਕੀ ਨਾਗਰਿਕਤਾ ਦੇਣ 'ਤੇ ਭੜਕਿਆ ਰੂਸ

ਮਾਸਕੋ, (ਪੰਜਾਬ ਮੇਲ)- ਰੂਸ ਨੇ ਅਮਰੀਕਾ ਦੇ ਸਟੇਟ ਡਿਪਾਰਟਮੈਂਟ (ਵਿਦੇਸ਼ ਵਿਭਾਗ) 'ਤੇ ਗੰਭੀਰ ਦੋਸ਼ ਲਾਉਂਦਿਆਂ ਕਿਹਾ ਹੈ ਕਿ ਉਹ ਅਮਰੀਕਾ ਵਿਚ ਪੈਦਾ ਹੋਏ ਰੂਸੀ ਡਿਪਲੋਮੈਟਾਂ ਦੇ ਬੱਚਿਆਂ ਨੂੰ ਗੈਰ-ਕਾਨੂੰਨੀ ਤਰੀਕੇ ਨਾਲ ਅਮਰੀਕੀ ਨਾਗਰਿਕਤਾ ਦੇ ਰਿਹਾ ਹੈ। ਰੂਸ ਅਨੁਸਾਰ ਇਹ ਕਦਮ ਅੰਤਰਰਾਸ਼ਟਰੀ ਨਿਯਮਾਂ ਅਤੇ ਦੁਵੱਲੇ ਡਿਪਲੋਮੈਟਿਕ ਅਭਿਆਸਾਂ ਦੀ ਸਿੱਧੀ ਉਲੰਘਣਾ ਹੈ।

ਰੂਸੀ ਵਿਦੇਸ਼ ਮੰਤਰਾਲੇ ਦੀ ਬੁਲਾਰਨ ਮਾਰੀਆ ਜ਼ਖਾਰੋਵਾ ਨੇ ਰੂਸੀ ਵਪਾਰਕ ਅਖ਼ਬਾਰ 'ਵੇਦੋਮੋਸਤੀ' ਵਿਚ ਲਿਖਿਆ ਹੈ ਕਿ ਅਮਰੀਕੀ ਅਧਿਕਾਰੀ "ਜਨਮ ਸਿੱਧ ਨਾਗਰਿਕਤਾ" ਦੇ ਨਾਂ 'ਤੇ ਇਨ੍ਹਾਂ ਬੱਚਿਆਂ ਨੂੰ ਜ਼ਬਰਦਸਤੀ ਅਮਰੀਕੀ ਨਾਗਰਿਕ ਵਜੋਂ ਰਜਿਸਟਰ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਨਾਗਰਿਕਤਾ ਮਾਪਿਆਂ ਦੀ ਇੱਛਾ ਦੇ ਵਿਰੁੱਧ ਦਿੱਤੀ ਜਾ ਰਹੀ ਹੈ, ਜੋ ਕਿ ਕੌਮਾਂਤਰੀ ਕਾਨੂੰਨ ਅਤੇ ਖੁਦ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਨੀਤੀਆਂ ਦੇ ਉਲਟ ਹੈ।

ਜ਼ਖਾਰੋਵਾ ਨੇ ਇਸ ਕਾਰਵਾਈ ਨੂੰ ਅਮਰੀਕਾ ਦੀ "ਡੀਪ ਸਟੇਟ" ਦੀ ਇੱਕ ਨਵੀਂ ਚਾਲ ਕਰਾਰ ਦਿੱਤਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਅਮਰੀਕਾ ਇਸ ਨਾਗਰਿਕਤਾ ਨੂੰ ਰੂਸੀ ਡਿਪਲੋਮੈਟਾਂ 'ਤੇ ਦਬਾਅ ਬਣਾਉਣ ਲਈ ਇੱਕ ਹਥਿਆਰ ਵਜੋਂ ਵਰਤ ਰਿਹਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਅਮਰੀਕੀ ਕਾਨੂੰਨ ਸਪੱਸ਼ਟ ਤੌਰ 'ਤੇ ਡਿਪਲੋਮੈਟਾਂ ਦੇ ਬੱਚਿਆਂ ਨੂੰ ਜਨਮ ਦੇ ਆਧਾਰ 'ਤੇ ਨਾਗਰਿਕਤਾ ਲੈਣ ਦੇ ਅਧਿਕਾਰ ਤੋਂ ਬਾਹਰ ਰੱਖਦਾ ਹੈ।

ਰੂਸੀ ਸਰਕਾਰ ਨੇ ਸਾਫ਼ ਕਰ ਦਿੱਤਾ ਹੈ ਕਿ ਉਹ ਆਪਣੇ ਡਿਪਲੋਮੈਟਿਕ, ਪ੍ਰਸ਼ਾਸਨਿਕ ਅਤੇ ਤਕਨੀਕੀ ਸਟਾਫ ਦੇ ਪਰਿਵਾਰਾਂ 'ਤੇ ਥੋਪੀ ਗਈ ਇਸ ਅਮਰੀਕੀ ਨਾਗਰਿਕਤਾ ਨੂੰ ਮਾਨਤਾ ਨਹੀਂ ਦੇਵੇਗਾ। ਮਾਸਕੋ ਹੁਣ ਅਮਰੀਕਾ ਤੋਂ ਅਧਿਕਾਰਤ ਤੌਰ 'ਤੇ ਇਹ ਪੁਸ਼ਟੀ ਕਰਨ ਦੀ ਮੰਗ ਕਰੇਗਾ ਕਿ ਇਹ ਨਵਜੰਮੇ ਬੱਚੇ ਅਮਰੀਕੀ ਅਧਿਕਾਰ ਖੇਤਰ ਦੇ ਅਧੀਨ ਨਹੀਂ ਆਉਂਦੇ। ਅਮਰੀਕਾ ਵੱਲੋਂ ਅਜੇ ਤੱਕ ਇਸ ਮਾਮਲੇ 'ਤੇ ਕੋਈ ਅਧਿਕਾਰਤ ਪ੍ਰਤੀਕਿਰਿਆ ਸਾਹਮਣੇ ਨਹੀਂ ਆਈ ਹੈ।

# ਹੋਰਮੁਜ਼ ਜਲਡਮਰੂ 'ਚ ਵਧਿਆ ਤਣਾਅ; ਇਰਾਨੀ ਡਰੋਨ ਹਮਲੇ ਵਿਚ 3 ਭਾਰਤੀ ਜ਼ਖ਼ਮੀ

ਯੂ.ਏ.ਈ., (ਪੰਜਾਬ ਮੇਲ)- ਸੰਸਾਰ ਦੇ ਸਭ ਤੋਂ ਅਹਿਮ ਸਮੁੰਦਰੀ ਮਾਰਗ ਹੋਰਮੁਜ਼ ਜਲਡਮਰੂ ਵਿਚ ਇਰਾਨ ਅਤੇ ਅਮਰੀਕਾ ਵਿਚਾਲੇ ਜੰਗਬੰਦੀ ਦੇ ਖ਼ਤਰੇ ਵਿਚ ਪੈਣ ਕਾਰਨ ਤਣਾਅ ਬੇਹੱਦ ਵਧ ਗਿਆ ਹੈ। ਅਮਰੀਕੀ ਫ਼ੌਜ ਨੇ ਸੋਮਵਾਰ ਨੂੰ ਇਸ ਰਸਤੇ ਰਾਹੀਂ ਫਸੇ ਹੋਏ ਵਪਾਰਕ ਜਹਾਜ਼ਾਂ ਨੂੰ ਸੁਰੱਖਿਅਤ ਬਾਹਰ ਕੱਢਣ ਲਈ ਵੱਡੀ ਮੁਹਿੰਮ ਸ਼ੁਰੂ ਕੀਤੀ ਹੈ। ਇਸ ਦੌਰਾਨ ਖ਼ਬਰ ਹੈ ਕਿ ਇਰਾਨੀ ਡਰੋਨ ਵੱਲੋਂ ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਦੀ ਇਕ ਤੇਲ ਸਹੂਲਤ 'ਤੇ ਕੀਤੇ ਗਏ ਹਮਲੇ ਵਿਚ 3 ਭਾਰਤੀ ਨਾਗਰਿਕ ਜ਼ਖ਼ਮੀ ਹੋ ਗਏ ਹਨ।

ਅਮਰੀਕੀ ਸੈਂਟਰਲ ਕਮਾਂਡ ਦੇ ਮੁਖੀ ਐਡਮਿਰਲ ਬ੍ਰੈਡ ਕੂਪਰ ਨੇ ਦੱਸਿਆ ਕਿ ਇਰਾਨ ਨੇ ਸੋਮਵਾਰ ਨੂੰ ਹਾਰਮੁਜ਼ ਦੇ ਇਲਾਕੇ ਵਿਚ ਹਮਲਾਵਰ ਰੁਖ਼ ਅਪਣਾਇਆ, ਜਿਸ ਤੋਂ ਬਾਅਦ ਅਮਰੀਕੀ ਹੈਲੀਕਾਪਟਰਾਂ ਨੇ ਇਰਾਨ ਦੀਆਂ 6 ਛੋਟੀਆਂ ਕਿਸ਼ਤੀਆਂ ਨੂੰ ਡੋਬ ਦਿੱਤਾ, ਜੋ ਵਪਾਰਕ ਜਹਾਜ਼ਾਂ ਨੂੰ ਨਿਸ਼ਾਨਾ ਬਣਾ ਰਹੀਆਂ ਸਨ। ਕੂਪਰ ਅਨੁਸਾਰ ਇਰਾਨ ਨੇ ਕਈ ਕਰੂਜ਼ ਮਿਜ਼ਾਈਲਾਂ ਅਤੇ ਡਰੋਨਾਂ ਨਾਲ ਹਮਲੇ ਦੀ ਕੋਸ਼ਿਸ਼ ਕੀਤੀ ਸੀ, ਪਰ ਅਮਰੀਕੀ ਸੁਰੱਖਿਆ ਛੱਤਰੀ ਨੇ ਇਨ੍ਹਾਂ ਸਾਰੇ ਖ਼ਤਰਿਆਂ ਨੂੰ ਨਾਕਾਮ ਕਰ ਦਿੱਤਾ।

ਦੂਜੇ ਪਾਸੇ, ਯੂ.ਏ.ਈ. ਦੇ ਫੁਜੈਰਾਹ ਵਿਚ ਇੱਕ ਤੇਲ ਪਾਈਪਲਾਈਨ ਕੇਂਦਰ 'ਤੇ ਹੋਏ ਡਰੋਨ ਹਮਲੇ ਕਾਰਨ ਭਾਰੀ ਅੱਗ ਲੱਗ ਗਈ। ਸਥਾਨਕ ਅਧਿਕਾਰੀਆਂ ਨੇ ਪੁਸ਼ਟੀ ਕੀਤੀ ਹੈ ਕਿ ਇਸ ਘਟਨਾ ਵਿਚ ਤਿੰਨ ਭਾਰਤੀ ਨਾਗਰਿਕ ਦਰਮਿਆਨੇ ਰੂਪ ਵਿਚ ਜ਼ਖ਼ਮੀ ਹੋਏ ਹਨ, ਜਿਨ੍ਹਾਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਇਸੇ ਦੌਰਾਨ ਬ੍ਰਿਟਿਸ਼ ਫ਼ੌਜ ਨੇ ਵੀ ਯੂ.ਏ.ਈ. ਦੇ ਤੱਟ ਨੇੜੇ ਇੱਕ ਮਾਲਵਾਹਕ ਜਹਾਜ਼ ਨੂੰ ਅੱਗ ਲੱਗਣ ਦੀ ਰਿਪੋਰਟ ਦਿੱਤੀ ਹੈ।

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਦੱਖਣੀ ਕੋਰੀਆ ਨੂੰ ਵੀ ਇਸ ਸੁਰੱਖਿਆ ਮੁਹਿੰਮ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਹੈ। ਟਰੰਪ ਨੇ ਦਾਅਵਾ ਕੀਤਾ ਕਿ ਇਰਾਨ ਨੇ ਇੱਕ ਦੱਖਣੀ ਕੋਰੀਆਈ ਜਹਾਜ਼ 'ਤੇ ਵੀ ਨਿਸ਼ਾਨਾ ਸਾਧਿਆ ਸੀ। ਇਸ ਖਿੱਚੋਤਾਣ ਦੇ ਚਲਦਿਆਂ ਵਿਸ਼ਵ ਬਾਜ਼ਾਰ ਵਿਚ ਕੱਚੇ ਤੇਲ ਦੀਆਂ ਕੀਮਤਾਂ ਵਿਚ ਉਛਾਲ ਆਇਆ ਹੈ ਅਤੇ ਬ੍ਰੈਂਟ ਕਰੂਡ ਦੀ ਕੀਮਤ 110 ਡਾਲਰ ਪ੍ਰਤੀ ਬੈਰਲ ਤੋਂ ਪਾਰ ਚਲੀ ਗਈ ਹੈ। ਸੰਯੁਕਤ ਰਾਸ਼ਟਰ ਨੇ ਖੇਤਰ ਵਿਚ ਵਧ ਰਹੀ ਫ਼ੌਜੀ ਸਰਗਰਮੀ 'ਤੇ ਚਿੰਤਾ ਪ੍ਰਗਟਾਉਂਦੇ ਹੋਏ ਸਮੁੰਦਰੀ ਆਵਾਜਾਈ ਦੀ ਆਜ਼ਾਦੀ ਬਹਾਲ ਰੱਖਣ ਦੀ ਅਪੀਲ ਕੀਤੀ ਹੈ।

ਰੋਜ਼ਾਨਾ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ
ਵੈੱਬਸਾਈਟ 'ਤੇ ਕਲਿੱਕ ਕਰੋ :
www.punjabmailusa.com

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ
e-Baba Entertainment App ਨੂੰ Download ਕਰੋ।


ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣ, also eBaba Entertainment App available for your ਸਮਾਰਟ phone on app store and Play store.

Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।


ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# ਖਾੜੀ ਦੇਸ਼ਾਂ ਦੀ ਜੰਗ ਦਾ ਅਸਰ!

■ ਸ਼ਹੀਦ ਭਗਤ ਸਿੰਘ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਵਿਦੇਸ਼ੀ ਉਡਾਣਾਂ ਬੰਦ

ਚੰਡੀਗੜ੍ਹ, (ਪੰਜਾਬ ਮੇਲ)- ਸ਼ਹੀਦ ਭਗਤ ਸਿੰਘ ਅੰਤਰਰਾਸ਼ਟਰੀ ਹਵਾਈ ਅੱਡਾ ਹੁਣ ਸਿਰਫ਼ ਨਾਂ ਦਾ ਹੀ ਅੰਤਰਰਾਸ਼ਟਰੀ ਹਵਾਈ ਅੱਡਾ ਰਹਿ ਗਿਆ ਹੈ ਕਿਉਂਕਿ ਇਸ ਸਮੇਂ ਇਥੋਂ ਕੋਈ ਵੀ ਅੰਤਰਰਾਸ਼ਟਰੀ ਉਡਾਣ ਚੱਲ ਨਹੀਂ ਰਹੀ। ਇਸ ਕਾਰਨ ਪੰਜਾਬ, ਹਰਿਆਣਾ ਅਤੇ ਹਿਮਾਚਲ ਦੇ ਐੱਨ.ਆਰ.ਆਈ. ਅਤੇ ਵਪਾਰਕ ਯਾਤਰੀਆਂ ਨੂੰ ਦਿੱਲੀ ਹਵਾਈ ਅੱਡੇ ਜਾਣਾ ਪੈਂਦਾ ਹੈ, ਜਿਸ ਨਾਲ ਸਮਾਂ ਅਤੇ ਪੈਸਾ ਦੋਵੇਂ ਬਰਬਾਦ ਹੋ ਰਹੇ ਹਨ। ਏਅਰਲਾਈਨਜ਼ ਵੱਲੋਂ 2023 'ਚ ਪਹਿਲਾਂ ਸ਼ਾਰਜਾਹ ਦੀ ਉਡਾਣ ਬੰਦ ਕੀਤੀ ਗਈ ਅਤੇ ਇਸ ਤੋਂ ਬਾਅਦ ਬੈਂਕਾਕ ਦੀ ਉਡਾਣ ਵੀ ਬੰਦ ਕਰਨ ਦਾ ਐਲਾਨ ਕਰ ਦਿੱਤਾ ਗਿਆ। ਇਸ ਤੋਂ ਬਾਅਦ ਮਾਰਚ ਦੇ ਆਖ਼ਰੀ ਹਫ਼ਤੇ 'ਚ ਖਾੜੀ ਦੇਸ਼ਾਂ 'ਚ ਚੱਲ ਰਹੀ ਜੰਗ ਕਾਰਨ ਦੁਬਈ ਅਤੇ ਅਬੂਧਾਬੀ ਦੀਆਂ ਉਡਾਣਾਂ ਵੀ ਬੰਦ ਕਰ ਦਿੱਤੀਆਂ ਗਈਆਂ।

ਇਸ ਤੋਂ ਬਾਅਦ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਕੋਈ ਵੀ ਵਿਦੇਸ਼ੀ ਉਡਾਣ ਨਹੀਂ ਚੱਲ ਰਹੀ ਅਤੇ ਸਿਰਫ਼ ਘਰੇਲੂ ਉਡਾਣਾਂ ਹੀ ਚੱਲ ਰਹੀਆਂ ਹਨ। ਇਥੋਂ ਲੋਕ ਸਭਾ ਮੈਂਬਰਾਂ ਵੱਲੋਂ ਵੀ ਕਈ ਵਾਰ ਸੰਸਦ 'ਚ 'ਪੁਆਇੰਟ ਆਫ ਕਾਲ' ਦਾ ਦਰਜਾ ਦੇਣ ਲਈ ਕੇਂਦਰ ਸਰਕਾਰ ਕੋਲ ਮੰਗ ਕੀਤੀ ਗਈ ਹੈ, ਤਾਂ ਜੋ ਅੰਤਰਰਾਸ਼ਟਰੀ ਉਡਾਣਾਂ ਦਾ ਰਸਤਾ ਸਾਫ਼ ਹੋ ਸਕੇ।

ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਪਹਿਲਾਂ ਸ਼ਾਰਜਾਹ ਅਤੇ ਬੈਂਕਾਕ ਦੀਆਂ ਉਡਾਣਾਂ ਸ਼ੁਰੂ ਕੀਤੀਆਂ ਗਈਆਂ ਸਨ, ਜਿਸ ਨਾਲ ਪੰਜਾਬ, ਹਰਿਆਣਾ, ਹਿਮਾਚਲ ਅਤੇ ਟ੍ਰਾਈਸਿਟੀ ਦੇ ਲੋਕਾਂ ਨੂੰ ਕਾਫ਼ੀ ਲਾਭ ਮਿਲ ਰਿਹਾ ਸੀ ਪਰ 28 ਅਕਤੂਬਰ 2023 ਨੂੰ ਇਹ ਬੰਦ ਕਰ ਦਿੱਤੀਆਂ ਗਈਆਂ। ਇਸ ਸਬੰਧੀ ਏਅਰਪੋਰਟ ਅਥਾਰਿਟੀ ਅਤੇ ਯਾਤਰੀਆਂ ਵੱਲੋਂ ਕਈ ਵਾਰ ਏਅਰਲਾਈਨਜ਼ ਨੂੰ ਚਿੱਠੀਆਂ ਲਿਖੀਆਂ ਗਈਆਂ ਕਿ ਇਨ੍ਹਾਂ ਨੂੰ ਮੁੜ ਸ਼ੁਰੂ ਕੀਤਾ ਜਾਵੇ ਪਰ ਇਹ ਉਡਾਣਾਂ ਦੋਬਾਰਾ ਸ਼ੁਰੂ ਨਹੀਂ ਹੋਈਆਂ। ਇਸ ਜਹਾਜ਼ 'ਚ ਯਾਤਰੀ ਭਰਨ ਦੀ ਦਰ 70-80 ਫ਼ੀਸਦੀ ਰਹਿੰਦੀ ਸੀ, ਇਸ ਦੇ ਬਾਵਜੂਦ ਇਸ ਨੂੰ ਬੰਦ ਕਰ ਦਿੱਤਾ ਗਿਆ।

# 2 ਭਾਰਤੀ ਪੱਤਰਕਾਰ ਪੁਲਿਤਜ਼ਰ ਪੁਰਸਕਾਰ ਨਾਲ ਸਨਮਾਨਿਤ



ਨਿਊਯਾਰਕ, (ਪੰਜਾਬ ਮੇਲ)- ਦੋ ਭਾਰਤੀ ਪੱਤਰਕਾਰਾਂ, ਆਨੰਦ ਆਰ.ਕੇ. ਅਤੇ ਸੁਪਰਨਾ ਸ਼ਰਮਾ ਨੇ ਡਿਜੀਟਲ ਨਿਗਰਾਨੀ ਅਤੇ ਸਾਈਬਰ ਧੋਖਾਧੜੀ ਵਰਗੇ ਗੰਭੀਰ ਵਿਸ਼ਿਆਂ 'ਤੇ ਸ਼ਾਨਦਾਰ ਕੰਮ ਕਰਨ ਲਈ ਪੱਤਰਕਾਰੀ ਦੇ ਖੇਤਰ ਦਾ ਸਭ ਤੋਂ ਉੱਚਾ ਸਨਮਾਨ 'ਪੁਲਿਤਜ਼ਰ ਪੁਰਸਕਾਰ' ਜਿੱਤ ਲਿਆ ਹੈ। ਸੋਮਵਾਰ ਨੂੰ ਐਲਾਨੇ ਗਏ ਇਨ੍ਹਾਂ ਇਨਾਮਾਂ ਵਿਚ ਦੋਵਾਂ ਨੂੰ 'ਇਲਸਟ੍ਰੇਟਿਡ ਰਿਪੋਰਟਿੰਗ ਅਤੇ ਕਮੈਂਟਰੀ' ਸ਼੍ਰੇਣੀ ਵਿਚ ਜੇਤੂ ਐਲਾਨਿਆ ਗਿਆ।

ਉਨ੍ਹਾਂ ਨੇ ਇਹ ਪੁਰਸਕਾਰ ਬਲੂਮਬਰਗ ਦੀ ਆਪਣੀ ਸਾਥੀ ਪੱਤਰਕਾਰ ਨਤਾਲੀ ਓਬੀਕੋ ਪੀਅਰਸਨ ਨਾਲ ਸਾਂਝਾ ਕੀਤਾ ਹੈ। ਪੁਲਿਤਜ਼ਰ ਕਮੇਟੀ ਅਨੁਸਾਰ, ਉਨ੍ਹਾਂ ਦੀ ਪੁਰਸਕਾਰ ਜੇਤੂ ਰਿਪੋਰਟ 'trAPPed' (ਟ੍ਰੈਪਡ) ਭਾਰਤ ਵਿਚ ਇੱਕ ਨਿਊਰੋਲੋਜਿਸਟ ਦੀ ਸੱਚੀ ਕਹਾਣੀ 'ਤੇ ਆਧਾਰਿਤ ਹੈ, ਜਿਸ ਨੂੰ ਉਸਦੇ ਫੋਨ ਰਾਹੀਂ 'ਡਿਜੀਟਲ ਅਰੈਸਟ' (ਗੈਰ-ਕਾਨੂੰਨੀ ਡਿਜੀਟਲ ਬੰਦੀ) ਦੇ ਜਾਲ ਵਿਚ ਫਸਾਇਆ ਗਿਆ ਸੀ। ਰਿਪੋਰਟ ਵਿਚ ਸ਼ਬਦਾਂ ਅਤੇ ਚਿੱਤਰਾਂ (ਵਿਜ਼ਿਉਲਜ਼) ਦੇ ਸੁਮੇਲ ਰਾਹੀਂ ਇਹ ਦਿਖਾਇਆ ਗਿਆ ਹੈ ਕਿ ਕਿਵੇਂ ਅੱਜ ਦੇ ਦੌਰ ਵਿਚ ਸਾਈਬਰ ਠੱਗ ਲੋਕਾਂ ਨੂੰ ਆਪਣਾ ਸ਼ਿਕਾਰ ਬਣਾ ਰਹੇ ਹਨ।

ਕੋਲੰਬੀਆ ਯੂਨੀਵਰਸਿਟੀ ਦੁਆਰਾ ਦਿੱਤੇ ਜਾਣ ਵਾਲੇ ਇਹ ਪੁਰਸਕਾਰ ਪੱਤਰਕਾਰੀ, ਸਾਹਿਤ ਅਤੇ ਸੰਗੀਤ ਦੇ ਖੇਤਰ ਵਿਚ ਵਿਸ਼ਵ ਪੱਧਰ 'ਤੇ ਸਭ ਤੋਂ ਉੱਚੇ ਮਾਨਤਾ ਪ੍ਰਾਪਤ ਸਨਮਾਨ ਮੰਨੇ ਜਾਂਦੇ ਹਨ। ਭਾਰਤੀ ਪੱਤਰਕਾਰਾਂ ਦੀ ਇਸ ਪ੍ਰਾਪਤੀ ਨੇ ਕੌਮਾਂਤਰੀ ਪੱਧਰ 'ਤੇ ਭਾਰਤੀ ਪੱਤਰਕਾਰੀ ਦੇ ਮਿਆਰ ਨੂੰ ਇੱਕ ਨਵੀਂ ਪਛਾਣ ਦਿੱਤੀ ਹੈ।

# ਭਾਜਪਾ ਦੀਆਂ ਹੁਣ 2027 ਦੀਆਂ ਵਿਧਾਨ ਸਭਾ ਚੋਣਾਂ 'ਤੇ ਨਜ਼ਰਾਂ

**ਉੱਤਰ ਪ੍ਰਦੇਸ਼, ਪੰਜਾਬ ਅਤੇ ਗੋਆ ਸਮੇਤ ਸੱਤ ਰਾਜਾਂ 'ਚ ਹੋਣੀਆਂ ਹਨ ਵਿਧਾਨ ਸਭਾ ਚੋਣਾਂ**



**ਨਵੀਂ ਦਿੱਲੀ, (ਪੰਜਾਬ ਮੇਲ)-** ਪੱਛਮੀ ਬੰਗਾਲ ਅਤੇ ਅਸਾਮ ਵਿਧਾਨ ਸਭਾ ਚੋਣਾਂ ਵਿਚ ਸ਼ਾਨਦਾਰ ਪ੍ਰਦਰਸ਼ਨ ਨਾਲ ਪੂਰਬੀ ਭਾਰਤ ਵਿਚ ਆਪਣਾ ਦਬਦਬਾ ਕਾਇਮ ਕਰਨ ਤੋਂ ਬਾਅਦ ਭਾਜਪਾ ਹੁਣ ਗੁਜਰਾਤ, ਗੋਆ, ਮਣੀਪੁਰ, ਪੰਜਾਬ, ਉੱਤਰ ਪ੍ਰਦੇਸ਼ ਅਤੇ ਹਿਮਾਚਲ ਪ੍ਰਦੇਸ਼ ਸਮੇਤ ਸੱਤ ਰਾਜਾਂ ਵਿਚ 2027 ਦੀਆਂ ਵਿਧਾਨ ਸਭਾ ਚੋਣਾਂ 'ਤੇ ਨਜ਼ਰਾਂ ਟਿਕਾਈ ਬੈਠੀ ਹੈ। ਪਾਰਟੀ ਨੇ ਇਨ੍ਹਾਂ ਰਾਜਾਂ ਵਿਚ ਚੋਣਾਂ ਲਈ ਤਿਆਰੀਆਂ ਪਹਿਲਾਂ ਹੀ ਸ਼ੁਰੂ ਕਰ ਦਿੱਤੀਆਂ ਹਨ ਅਤੇ ਪਾਰਟੀ ਪ੍ਰਧਾਨ ਨਿਤਿਨ ਨਵੀਨ ਨੇ ਅਗਲੇ ਸਾਲ ਦੇ ਚੋਣ ਪ੍ਰਚਾਰ ਲਈ ਜ਼ਮੀਨੀ ਕੰਮ ਸ਼ੁਰੂ ਕਰ ਦਿੱਤਾ ਹੈ।

ਭਾਜਪਾ ਦੇ ਇੱਕ ਸੂਤਰ ਨੇ ਕਿਹਾ, "ਪੰਜ ਰਾਜਾਂ 'ਚ ਚੋਣਾਂ ਖਤਮ ਹੋਣ ਦੇ ਨਾਲ ਪਾਰਟੀ ਦਾ ਧਿਆਨ ਹੁਣ ਅਗਲੇ ਸਾਲ ਸੱਤ ਰਾਜਾਂ ਵਿਚ ਹੋਣ ਵਾਲੀਆਂ ਚੋਣਾਂ ਵੱਲ ਜਾਵੇਗਾ। ਤਿਆਰੀਆਂ ਪਹਿਲਾਂ ਹੀ ਕੁਝ ਪੱਧਰ 'ਤੇ ਸ਼ੁਰੂ ਹੋ ਚੁੱਕੀਆਂ ਹਨ ਅਤੇ ਹੁਣ ਉਨ੍ਹਾਂ ਨੂੰ ਤੇਜ਼ ਕੀਤਾ ਜਾਵੇਗਾ।" ਨਵੀਨ ਨੇ ਗੋਆ, ਗੁਜਰਾਤ ਅਤੇ ਉੱਤਰ ਪ੍ਰਦੇਸ਼ ਦਾ ਦੌਰਾ ਕਰਕੇ ਵੱਖ-ਵੱਖ ਪ੍ਰੋਗਰਾਮਾਂ ਵਿਚ ਹਿੱਸਾ ਲਿਆ ਅਤੇ ਚੋਣ ਰਣਨੀਤੀ 'ਤੇ ਚਰਚਾ ਕਰਨ ਲਈ ਮੁੱਖ ਪਾਰਟੀ ਅਧਿਕਾਰੀਆਂ ਅਤੇ ਨੇਤਾਵਾਂ ਨਾਲ ਬੰਦ ਕਮਰੇ ਵਿਚ ਮੀਟਿੰਗਾਂ ਕੀਤੀਆਂ ਹਨ। ਉਹ ਜਲਦੀ ਹੀ ਉਤਰਾਖੰਡ ਦਾ ਦੌਰਾ ਕਰਨਗੇ, ਜਿੱਥੇ ਅਗਲੇ ਸਾਲ ਗੋਆ, ਗੁਜਰਾਤ, ਮਣੀਪੁਰ, ਪੰਜਾਬ, ਉੱਤਰ ਪ੍ਰਦੇਸ਼ ਅਤੇ ਹਿਮਾਚਲ ਪ੍ਰਦੇਸ਼ ਦੇ ਨਾਲ-ਨਾਲ ਚੋਣਾਂ ਹੋਣੀਆਂ ਹਨ। ਇਸ ਵੇਲੇ ਉੱਤਰ ਪ੍ਰਦੇਸ਼, ਗੁਜਰਾਤ, ਉਤਰਾਖੰਡ, ਮਣੀਪੁਰ ਅਤੇ ਗੋਆ ਵਿਚ ਭਾਜਪਾ ਦੀ ਸਰਕਾਰ ਹੈ, ਜਦੋਂ ਕਿ ਆਮ ਆਦਮੀ ਪਾਰਟੀ ਪੰਜਾਬ ਵਿਚ ਅਤੇ ਕਾਂਗਰਸ ਹਿਮਾਚਲ ਪ੍ਰਦੇਸ਼ ਵਿਚ ਸੱਤਾ ਵਿਚ ਹੈ।

ਚਾਰ ਰਾਜਾਂ ਅਤੇ ਇੱਕ ਕੇਂਦਰ ਸ਼ਾਸਤ ਪ੍ਰਦੇਸ਼ ਵਿਚ ਹਾਲ ਹੀ ਵਿਚ ਹੋਈਆਂ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਇੱਥੇ ਪਾਰਟੀ ਹੈੱਡਕੁਆਰਟਰ ਵਿਖੇ ਇੱਕ ਜਸ਼ਨ ਸਮਾਗਮ ਨੂੰ ਸੰਬੋਧਨ ਕਰਦਿਆਂ, ਨਵੀਨ ਨੇ ਕਿਹਾ ਕਿ ਚੋਣ ਨਤੀਜੇ ਸਪੱਸ਼ਟ ਤੌਰ 'ਤੇ ਦਰਸਾਉਂਦੇ ਹਨ ਕਿ ਦੇਸ਼ ਦੇ ਲੋਕਾਂ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿਚ "ਅਟੁੱਟ ਵਿਸ਼ਵਾਸ" ਹੈ।

ਭਾਜਪਾ ਨੇ ਸੋਮਵਾਰ ਨੂੰ ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ ਵਿਚ ਦੋ-ਤਿਹਾਈ ਬਹੁਮਤ ਪ੍ਰਾਪਤ ਕਰਕੇ ਇਤਿਹਾਸ ਰਚਿਆ, ਜਿਸ ਨਾਲ ਤ੍ਰਿਣਮੂਲ ਕਾਂਗਰਸ ਦੇ 15 ਸਾਲਾਂ ਦੇ ਸ਼ਾਸਨ ਦਾ ਅੰਤ ਹੋਇਆ। ਅਸਾਮ ਵਿਚ ਸੱਤਾਧਾਰੀ ਐੱਨ.ਡੀ.ਏ. ਦੋ-ਤਿਹਾਈ ਬਹੁਮਤ ਹਾਸਲ ਕਰਨ ਤੋਂ ਬਾਅਦ ਲਗਾਤਾਰ ਤੀਜੇ ਕਾਰਜਕਾਲ ਲਈ ਸਰਕਾਰ ਬਣਾਉਣ ਲਈ ਤਿਆਰ ਹੈ। 126 ਮੈਂਬਰੀ ਵਿਧਾਨ ਸਭਾ ਵਿਚ ਐੱਨ.ਡੀ.ਏ. ਨੇ 102 ਸੀਟਾਂ ਜਿੱਤੀਆਂ। ਭਾਜਪਾ ਨੇ 82 ਸੀਟਾਂ ਜਿੱਤੀਆਂ, ਜਦੋਂ ਕਿ ਇਸਦੇ ਸਹਿਯੋਗੀ ਦਲਾਂ, ਬੋਡੋ ਪੀਪਲਜ਼ ਫਰੰਟ (ਬੀ.ਪੀ.ਐੱਫ.) ਅਤੇ ਅਸਾਮ ਗਣ ਪ੍ਰੀਸ਼ਦ (ਏ.ਜੀ.ਪੀ.) ਨੇ 10-10 ਸੀਟਾਂ ਜਿੱਤੀਆਂ। ਭਾਜਪਾ ਨੇ ਰਾਜ ਵਿਚ ਪਹਿਲੀ ਵਾਰ ਆਪਣੇ ਦਮ 'ਤੇ ਬਹੁਮਤ ਹਾਸਲ ਕੀਤਾ ਹੈ। ਇਸ ਤੋਂ ਪਹਿਲਾਂ ਇਸਨੇ 2021 ਅਤੇ 2026 ਦੀਆਂ ਚੋਣਾਂ ਵਿਚ 60-60 ਸੀਟਾਂ ਜਿੱਤੀਆਂ ਸਨ। ਤਾਮਿਲਨਾਡੂ ਵਿਚ, ਭਾਜਪਾ ਨੇ ਏ.ਆਈ.ਏ.ਡੀ.ਐੱਮ.ਕੇ. ਨਾਲ ਗੱਠਜੋੜ ਕਰਕੇ 20 ਸੀਟਾਂ 'ਤੇ ਚੋਣ ਲੜੀ, ਜਿਸ ਵਿਚੋਂ ਸਿਰਫ਼ ਇੱਕ ਹੀ ਜਿੱਤੀ।

# ਪੱਛਮੀ ਬੰਗਾਲ ਦੀ ਸਿਆਸਤ 'ਚ ਭਾਜਪਾ ਨੇ ਲਹਿਰਾਇਆ ਪਰਚਮ

**ਆਪਣੇ ਮਜ਼ਬੂਤ ਗੜ੍ਹ ਤੋਂ ਹਾਰੀ ਮਮਤਾ ਬੈਨਰਜੀ**



**ਕੋਲਕਾਤਾ, (ਪੰਜਾਬ ਮੇਲ)-** ਪੱਛਮੀ ਬੰਗਾਲ ਦੀ ਸਿਆਸਤ 'ਚ ਭਾਜਪਾ ਨੇ ਆਪਣਾ ਪਰਚਮ ਲਹਿਰਾ ਦਿੱਤਾ ਹੈ। ਭਾਜਪਾ ਨੇ ਤ੍ਰਿਣਮੂਲ ਕਾਂਗਰਸ (ਟੀ.ਐੱਮ.ਸੀ.) ਦੇ ਉਸ ਕਿਲ੍ਹੇ 'ਚ ਸੰਨ੍ਹ ਲਾ ਬਹੁਮਤ ਦਾ ਅੰਕੜਾ ਪਾਰ ਕਰ ਲਿਆ ਹੈ, ਜਿਸ ਨੂੰ ਲੰਬੇ ਸਮੇਂ ਤੋਂ ਉਨ੍ਹਾਂ ਦਾ ਗੜ੍ਹ ਮੰਨਿਆ ਜਾਂਦਾ ਸੀ।

ਭਾਜਪਾ ਦੇ ਇਸ ਪ੍ਰਦਰਸ਼ਨ ਨੂੰ ਇਤਿਹਾਸਕ ਮੰਨਿਆ ਜਾ ਰਿਹਾ ਹੈ, ਕਿਉਂਕਿ ਪਾਰਟੀ ਨੇ ਨਾ ਸਿਰਫ਼ ਆਪਣੇ ਪੁਰਾਣੇ ਵੋਟ ਬੈਂਕ ਨੂੰ ਮਜ਼ਬੂਤ ਕੀਤਾ ਹੈ, ਸਗੋਂ ਉਨ੍ਹਾਂ ਇਲਾਕਿਆਂ ਵਿਚ ਵੀ ਜਿੱਤ ਹਾਸਲ ਕੀਤੀ ਹੈ, ਜੋ ਪਹਿਲਾਂ ਸੱਤਾਧਾਰੀ ਪਾਰਟੀ (ਟੀ.ਐੱਮ.ਸੀ.) ਦੇ ਪੱਕੇ ਵਫ਼ਾਦਾਰ ਮੰਨੇ ਜਾਂਦੇ ਸਨ।

ਮੁੱਖ ਚੋਣ ਹਲਕੇ, ਜੋ ਕਦੇ ਤ੍ਰਿਣਮੂਲ ਕਾਂਗਰਸ ਲਈ ਬਿਲਕੁਲ ਸੁਰੱਖਿਅਤ ਮੰਨੇ ਜਾਂਦੇ ਸਨ, ਉੱਥੇ ਬਹੁਤ ਸਖ਼ਤ ਮੁਕਾਬਲਾ ਦੇਖਣ ਨੂੰ ਮਿਲਿਆ ਹੈ ਅਤੇ ਕਈ ਸੀਟਾਂ ਭਾਜਪਾ ਦੇ ਖਾਤੇ ਵਿਚ ਗਈਆਂ ਹਨ। ਇਹ ਬਦਲਾਅ ਵੋਟਰਾਂ ਦੇ ਸੋਚ ਵਿਚ ਆਈ ਵੱਡੀ ਤਬਦੀਲੀ ਅਤੇ ਸੂਬੇ ਭਰ ਵਿਚ ਬਣ ਰਹੇ ਨਵੇਂ ਸਿਆਸੀ ਸਮੀਕਰਨਾਂ ਵੱਲ ਇਸ਼ਾਰਾ ਕਰਦਾ ਹੈ।

# ਦੇਸ਼ 'ਚ ਪਹਿਲੀ ਵਾਰ ਖੱਬੇ ਪੱਖੀ ਧਿਰਾਂ ਦੀ ਨਹੀਂ ਬਣੀ ਸਰਕਾਰ

**ਕੇਰਲਾ 'ਚ ਯੂ.ਡੀ.ਐੱਫ. ਤੋਂ ਪਛੜਿਆ ਐੱਲ.ਡੀ.ਐੱਫ.**



**ਨਵੀਂ ਦਿੱਲੀ, (ਪੰਜਾਬ ਮੇਲ)-** ਕੇਰਲਾ ਵਿਚ ਖੱਬੇ ਜਮਹੂਰੀ ਮੁਹਾਜ਼ (ਐੱਲ.ਡੀ.ਐੱਫ.) ਦੀ ਹਾਰ ਨੇ ਪਿਛਲੇ ਤਕਰੀਬਨ ਪੰਜ ਦਹਾਕਿਆਂ ਵਿਚ ਪਹਿਲੀ ਵਾਰ ਖੱਬੇ ਪੱਖੀ ਧਿਰਾਂ ਨੂੰ ਕਿਸੇ ਵੀ ਸੂਬਾ ਸਰਕਾਰ ਤੋਂ ਸੱਖਣਾ ਕਰ ਦਿੱਤਾ ਹੈ, ਜੋ ਕੌਮੀ ਪੱਧਰ 'ਤੇ ਉਨ੍ਹਾਂ ਦੇ ਨਿਘਾਰ ਨੂੰ ਦਰਸਾਉਂਦਾ ਹੈ। ਕਾਂਗਰਸ ਦੀ ਅਗਵਾਈ ਵਾਲੇ ਯੂਨਾਈਟਿਡ ਡੈਮੋਕ੍ਰੈਟਿਕ ਫਰੰਟ (ਯੂ.ਡੀ.ਐੱਫ.) ਨੇ ਫ਼ੈਸਲਾਕੁਨ ਲੀਡ ਬਣਾ ਲਈ ਹੈ ਅਤੇ ਐੱਲ.ਡੀ.ਐੱਫ. ਆਪਣੇ ਆਖਰੀ ਗੜ੍ਹ ਵਿਚ ਪੱਛੜ ਗਿਆ ਹੈ। 1977 ਤੋਂ ਬਾਅਦ ਇਹ ਪਹਿਲਾ ਮੌਕਾ ਹੋਵੇਗਾ, ਜਦੋਂ ਖੱਬੇਪੱਖੀਆਂ ਦੀ ਕੋਈ ਰਾਜ ਸਰਕਾਰ ਨਹੀਂ ਹੋਵੇਗੀ।

ਕੇਰਲਾ ਜਿੱਥੇ 2016 ਤੋਂ ਐੱਲ.ਡੀ.ਐੱਫ. ਦਾ ਰਾਜ ਸੀ, ਆਖਰੀ ਅਜਿਹਾ ਰਾਜ ਰਿਹਾ ਜਿੱਥੇ ਖੱਬੇ ਪੱਖੀ ਪਾਰਟੀਆਂ ਕੋਲ ਕਾਰਜਕਾਰੀ ਸੱਤਾ ਸੀ। ਪਿਛਲੇ ਦਹਾਕੇ ਦੌਰਾਨ ਉਨ੍ਹਾਂ ਦੇ ਪੁਰਾਣੇ ਗੜ੍ਹ ਹੱਥੋਂ ਨਿਕਲਦੇ ਗਏ, ਜਿਸ ਵਿਚ 2011 ਵਿਚ ਪੱਛਮੀ ਬੰਗਾਲ ਵਿਚ 34 ਸਾਲਾਂ ਦੇ ਲਗਾਤਾਰ ਸ਼ਾਸਨ ਤੋਂ ਬਾਅਦ ਸੱਤਾ ਗੁਆਉਣੀ ਅਤੇ ਫਿਰ 2018 ਵਿਚ ਤ੍ਰਿਪੁਰਾ ਵਿਚ ਸਰਕਾਰ ਦਾ ਡਿੱਗਣਾ ਸ਼ਾਮਲ ਹੈ। ਉਦੋਂ ਤੋਂ ਕੇਰਲਾ ਹੀ ਕਮਿਊਨਿਸਟ ਪਾਰਟੀਆਂ ਲਈ ਰਾਜ ਸੱਤਾ ਦਾ ਇਕਲੌਤਾ ਆਧਾਰ ਰਿਹਾ ਹੈ। ਕੇਰਲਾ ਵਿਚ 1957 'ਚ ਈ.ਐੱਮ.ਐੱਸ. ਨੰਬੂਦਰੀਪਾਦ ਦੀ ਅਗਵਾਈ ਹੇਠ ਦੁਨੀਆਂ ਦੀ ਪਹਿਲੀ ਲੋਕਤੰਤਰੀ ਤੌਰ 'ਤੇ ਚੁਣੀ ਗਈ ਕਮਿਊਨਿਸਟ ਸਰਕਾਰ ਬਣੀ ਸੀ, ਜਿਸ ਨੇ ਸੰਸਦੀ ਕਮਿਊਨਿਜ਼ਮ ਨੂੰ ਵਿਸ਼ਵ ਪੱਧਰ 'ਤੇ ਪਛਾਣ ਦਿਵਾਈ। ਦਹਾਕਿਆਂ ਦੌਰਾਨ ਕੇਰਲਾ ਖੱਬੇ ਪੱਖੀ ਸਿਆਸਤ ਦਾ ਮੁੱਖ ਕੇਂਦਰ ਬਣਿਆ ਰਿਹਾ, ਜਿੱਥੇ ਸੱਤਾ ਐੱਲ.ਡੀ.ਐੱਫ. ਅਤੇ ਯੂ.ਡੀ.ਐੱਫ. ਵਿਚਕਾਰ ਬਦਲਦੀ ਰਹੀ ਹੈ।

ਸਫਾ 1 ਦਾ ਬਾਕੀ

## ਡੋਨਾਲਡ ਟਰੰਪ ਪ੍ਰਸ਼ਾਸਨ ਨੇ ਵਿਦੇਸ਼ੀ ਡਾਕਟਰਾਂ ਲਈ...

ਇਸ ਦੇ ਨਾਲ ਹੀ, ਹੋਰ ਪ੍ਰਸਤਾਵਾਂ ਵਿਚ ਰੈਂਟ ਸਹਾਇਤਾ ਵਿਚ ਕਟੌਤੀ ਅਤੇ ਕੁਝ ਪਰਿਵਾਰਾਂ—ਖਾਸ ਕਰਕੇ ਜਿਨ੍ਹਾਂ ਵਿਚ ਇਮੀਗ੍ਰੇਸ਼ਨ ਸਟੇਟਸ ਮਿਕਸ ਹੈ, ਲਈ ਸਹਾਇਤਾ ਖਤਮ ਕਰਨ ਦੇ ਵੀ ਇਸ਼ਾਰੇ ਮਿਲੇ ਹਨ, ਜਿਸ ਨਾਲ ਹਜ਼ਾਰਾਂ ਪਰਿਵਾਰਾਂ ਨੂੰ ਘਰ ਛੱਡਣਾ ਪੈ ਸਕਦਾ ਹੈ।

ਆਲੋਚਕਾਂ ਦਾ ਕਹਿਣਾ ਹੈ ਕਿ ਇਹ ਨਿਯਮ ਲੋਕਾਂ ਨੂੰ ਸਵੈ ਨਿਰਭਰ ਬਣਾਉਣ ਦੀ ਬਜਾਏ, ਉਨ੍ਹਾਂ ਨੂੰ ਬੇਘਰਤਾ ਵੱਲ ਧੱਕ ਸਕਦਾ ਹੈ, ਜਦਕਿ ਸਰਕਾਰ ਦਾ ਦਲੀਲ ਹੈ ਕਿ ਇਸ ਨਾਲ ਹਾਊਸਿੰਗ ਸਿਸਟਮ ਵਿਚ ਨਵੇਂ ਲੋਕਾਂ ਲਈ ਜਗ੍ਹਾ ਬਣੇਗੀ।

ਸਫਾ 1 ਦਾ ਬਾਕੀ

## ਟਰੰਪ ਦਾ ਨਵਾਂ ਰੈਂਟਲ ਨਿਯਮ: ਲੱਖਾਂ ਲੋਕਾਂ ਲਈ ਰੈਂਟ...

ਮੈਡੀਕਲ ਖੇਤਰ ਵਿਚ ਇਸ ਫੈਸਲੇ ਦਾ ਵੱਡਾ ਅਸਰ ਪੈ ਸਕਦਾ ਹੈ ਕਿਉਂਕਿ ਅਮਰੀਕਾ ਵਿਚ ਡਾਕਟਰਾਂ ਦੀ ਘਾਟ ਪਹਿਲਾਂ ਹੀ ਇੱਕ ਗੰਭੀਰ ਮੁੱਦਾ ਹੈ। ਰਿਪੋਰਟਾਂ ਮੁਤਾਬਕ ਲਗਭਗ 25 ਫੀਸਦੀ ਲਾਇਸੰਸਸ਼ੁਦਾ ਡਾਕਟਰ ਵਿਦੇਸ਼ੀ ਟ੍ਰੇਨਿੰਗ ਵਾਲੇ ਹਨ। ਇਸ ਤੋਂ ਇਲਾਵਾ 64 ਫੀਸਦੀ ਐਸੇ ਡਾਕਟਰ ਪਿੰਡਾਂ ਜਾਂ ਅਜਿਹੇ ਇਲਾਕਿਆਂ ਵਿਚ ਸੇਵਾ ਦੇ ਰਹੇ ਹਨ, ਜਿੱਥੇ ਡਾਕਟਰਾਂ ਦੀ ਕਮੀ ਬਹੁਤ ਜ਼ਿਆਦਾ ਹੈ।

ਮੈਡੀਕਲ ਸੰਗਠਨਾਂ ਨੇ ਚੇਤਾਵਨੀ ਦਿੱਤੀ ਸੀ ਕਿ ਜੇ ਵੀਜ਼ਾ ਪ੍ਰਕਿਰਿਆ ਲੰਬੇ ਸਮੇਂ ਲਈ ਰੁਕੀ ਰਹੀ, ਤਾਂ ਇਸ ਨਾਲ ਸਿਹਤ ਸੇਵਾਵਾਂ 'ਤੇ ਭਾਰੀ ਦਬਾਅ ਪੈ ਸਕਦਾ ਹੈ, ਖਾਸ ਕਰਕੇ ਪਿੰਡਾਂ ਅਤੇ ਘੱਟ ਆਮਦਨੀ ਵਾਲੇ ਇਲਾਕਿਆਂ ਵਿਚ। ਅੰਦਾਜ਼ਾ ਹੈ ਕਿ ਲਗਭਗ 2.1 ਕਰੋੜ ਅਮਰੀਕੀ ਅਜਿਹੀਆਂ ਕਮਿਊਨਿਟੀਆਂ ਵਿਚ ਰਹਿੰਦੇ ਹਨ, ਜਿੱਥੇ ਵਿਦੇਸ਼ੀ ਡਾਕਟਰਾਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ।

ਇਸ ਤਾਜ਼ਾ ਫੈਸਲੇ ਨਾਲ ਸਿਹਤ ਖੇਤਰ ਨੂੰ ਕੁਝ ਹੱਦ ਤੱਕ ਰਾਹਤ ਮਿਲਣ ਦੀ ਉਮੀਦ ਜਤਾਈ ਜਾ ਰਹੀ ਹੈ, ਪਰ ਵੱਡੀ ਇਮੀਗ੍ਰੇਸ਼ਨ ਨੀਤੀ 'ਚ ਅਨਿਸ਼ਚਿਤਤਾ ਹਾਲੇ ਵੀ ਕਾਇਮ ਹੈ।

ਸਫਾ 1 ਦਾ ਬਾਕੀ

## ਕੋਰੋਨਾ ਦੌਰ ਦੇ ਟੈਕਸ ਮਾਮਲੇ: ਲੱਖਾਂ ਅਮਰੀਕੀ ਵਾਪਸ ਲੈ...

ਇਹ ਮੌਕਾ ਵਿਅਕਤੀਆਂ ਤੋਂ ਲੈ ਕੇ ਛੋਟੇ ਕਾਰੋਬਾਰਾਂ ਅਤੇ ਵੱਡੀਆਂ ਕੰਪਨੀਆਂ ਤੱਕ ਸਭ ਲਈ ਹੋ ਸਕਦਾ ਹੈ।

ਇਹ ਰਿਫੰਡ ਆਪਣੇ ਆਪ ਨਹੀਂ ਮਿਲੇਗਾ। ਇਹ ਰਿਫੰਡ ਟੈਕਸਪੇਅਰਜ਼ ਨੂੰ ਖੁਦ ਕਲੇਮ ਕਰਨਾ ਪਵੇਗਾ, ਜਿਸ ਲਈ ਆਖਰੀ ਤਾਰੀਖ 10 ਜੁਲਾਈ 2026 ਹੈ। ਜੇ ਇਹ ਮਿਤੀ ਮਿਸ ਹੋ ਗਈ, ਤਾਂ ਰਿਫੰਡ ਦਾ ਹੱਕ ਖਤਮ ਹੋ ਸਕਦਾ ਹੈ।

ਇਸ ਰਿਫੰਡ ਨੂੰ ਕਲੇਮ ਕਰਨ ਲਈ ਆਈ.ਆਰ.ਐੱਸ. ਦਾ ਫਾਰਮ 843 ਭਰਨਾ ਪਵੇਗਾ ਅਤੇ ਇਸਨੂੰ ਡਾਕ ਰਾਹੀਂ ਭੇਜਣਾ ਪਵੇਗਾ (ਆਨਲਾਈਨ ਨਹੀਂ)।

ਇੱਕ ਟੈਕਸਪੇਅਰ ਅਟਾਰਨੀ ਨੇ ਕਿਹਾ ਹੈ ਕਿ ਬਹੁਤ ਸਾਰੇ ਲੋਕਾਂ ਨੂੰ ਇਸ ਬਾਰੇ ਪਤਾ ਹੀ ਨਹੀਂ, ਜਿਸ ਕਾਰਨ ਉਹ ਆਪਣੇ ਹੱਕ ਦੇ ਪੈਸੇ ਗਵਾ ਸਕਦੇ ਹਨ।

ਕੋਰੋਨਾ ਦੌਰ ਦੇ ਟੈਕਸ ਫੈਸਲੇ ਕਾਰਨ ਇਹ ਇੱਕ ਵੱਡਾ ਮੌਕਾ ਹੈ, ਜਿਸ ਨਾਲ ਕਈ ਲੋਕਾਂ ਨੂੰ "ਵੱਡੇ" ਰਿਫੰਡ ਮਿਲ ਸਕਦੇ ਹਨ। ਪਰ ਇਸ ਲਈ ਸਮੇਂ 'ਤੇ ਕਾਰਵਾਈ ਕਰਨੀ ਬਹੁਤ ਜ਼ਰੂਰੀ ਹੈ।

ਸਫਾ 1 ਦਾ ਬਾਕੀ

## ਟਰੰਪ ਵੱਲੋਂ ਦਾਅਵਾ: ਗੈਰ-ਕਾਨੂੰਨੀ ਪ੍ਰਵਾਸੀ ਸੋਸ਼ਲ ...

ਇਸ ਮੁੱਦੇ 'ਤੇ ਡੈਮੋਕ੍ਰੇਟਸ ਅਤੇ ਇਮੀਗ੍ਰੇਸ਼ਨ ਹਮਾਇਤੀ ਗਰੁੱਪਾਂ ਨੇ ਕਿਹਾ ਹੈ ਕਿ ਬਹੁਤ ਸਾਰੇ ਗੈਰ-ਦਸਤਾਵੇਜ਼ੀ ਇਮੀਗਰਾਂਟਸ ਸੋਸ਼ਲ ਸਕਿਓਰਿਟੀ ਟੈਕਸ ਤਾਂ ਭਰਦੇ ਹਨ, ਪਰ ਉਹ ਆਮ ਤੌਰ 'ਤੇ ਰਿਟਾਇਰਮੈਂਟ ਲਾਭ ਲੈਣ ਦੇ ਯੋਗ ਨਹੀਂ ਹੁੰਦੇ। ਅਮਰੀਕੀ ਇਮੀਗ੍ਰੇਸ਼ਨ ਕੌਂਸਲ ਮੁਤਾਬਕ ਗੈਰ-ਦਸਤਾਵੇਜ਼ੀ ਇਮੀਗਰਾਂਟਸ ਨੇ 2023 ਵਿਚ ਸੋਸ਼ਲ ਸਕਿਓਰਿਟੀ ਟਰੱਸਟ ਫੰਡ ਵਿਚ ਅਰਬਾਂ ਡਾਲਰ ਯੋਗਦਾਨ ਦਿੱਤਾ ਸੀ। ਇਸ ਲਈ ਇਹ ਮਾਮਲਾ ਹੁਣ ਵੱਡੀ ਰਾਜਨੀਤਿਕ ਚਰਚਾ ਬਣ ਗਿਆ ਹੈ, ਟਰੰਪ ਪ੍ਰਸ਼ਾਸਨ ਇਸਨੂੰ ਫਰੌਡ ਰੋਕਣ ਦੀ ਵੱਡੀ ਕਾਰਵਾਈ ਦੱਸ ਰਿਹਾ ਹੈ, ਜਦਕਿ ਆਲੋਚਕ ਇਸ ਅੰਕੜੇ ਦੀ ਸਪੱਸ਼ਟਤਾ ਅਤੇ ਪ੍ਰਭਾਵ 'ਤੇ ਸਵਾਲ ਉਠਾ ਰਹੇ ਹਨ।




ਗੁਰਜਤਿੰਦਰ ਸਿੰਘ ਰੰਧਾਵਾ
ਸੈਕਰਾਮੈਂਟੋ, ਕੈਲੀਫੋਰਨੀਆ
916-320-9444
ਪੰਜਾਬ ਮੇਲ USA



# ਕੈਲੀਫੋਰਨੀਆ ਦੀਆਂ ਪ੍ਰਾਇਮਰੀ ਚੋਣਾਂ

# ਵੋਟਿੰਗ ਪ੍ਰਣਾਲੀ, ਇਤਿਹਾਸ ਅਤੇ ਪੰਜਾਬੀ ਭਾਈਚਾਰੇ ਦੀ ਜ਼ਿੰਮੇਵਾਰੀ




ਅਮਰੀਕਾ ਦੇ ਵੱਖ-ਵੱਖ ਸਟੇਟਾਂ ਵਿਚ ਪ੍ਰਾਇਮਰੀ ਚੋਣਾਂ ਦੀਆਂ ਤਰੀਕਾਂ ਵੱਖ-ਵੱਖ ਹੁੰਦੀਆਂ ਹਨ ਅਤੇ ਇਹ ਸਾਰੀਆਂ ਇੱਕੋ ਦਿਨ ਨਹੀਂ ਹੁੰਦੀਆਂ। ਹਰ ਸਟੇਟ ਆਪਣੀ ਚੋਣ ਪ੍ਰਕਿਰਿਆ ਅਨੁਸਾਰ ਸਮਾਂ ਨਿਰਧਾਰਤ ਕਰਦਾ ਹੈ। ਇਸ ਤੋਂ ਇਲਾਵਾ, ਇੱਥੇ ਚੋਣਾਂ ਸਿਰਫ਼ ਇੱਕ ਅਹੁਦੇ ਲਈ ਨਹੀਂ, ਸਗੋਂ ਸਥਾਨਕ ਪੱਧਰ ਤੋਂ ਲੈ ਕੇ ਸਟੇਟ ਅਤੇ ਫੈਡਰਲ ਪੱਧਰ ਤੱਕ ਕਈ ਅਹੁਦਿਆਂ ਲਈ ਇਕੱਠੇ ਹੀ ਵੋਟਾਂ ਪਾਈਆਂ ਜਾਂਦੀਆਂ ਹਨ। ਇੱਕ ਹੀ ਬੈਲੇਟ ਪੇਪਰ 'ਤੇ ਵੱਖ-ਵੱਖ ਅਹੁਦਿਆਂ ਲਈ ਫੈਸਲੇ ਲੈਣ ਨਾਲ ਪੂਰੇ ਪ੍ਰਸ਼ਾਸਨਿਕ ਢਾਂਚੇ ਦੀ ਦਿਸ਼ਾ ਤੈਅ ਹੁੰਦੀ ਹੈ ਅਤੇ ਇਹ ਲੋਕਾਂ ਨੂੰ ਸਰਕਾਰ ਦੇ ਹਰ ਪੱਧਰ 'ਤੇ ਆਪਣੀ ਭੂਮਿਕਾ ਨਿਭਾਉਣ ਦਾ ਮੌਕਾ ਦਿੰਦਾ ਹੈ।

ਕੈਲੀਫੋਰਨੀਆ ਵਿਚ ਹੋਣ ਵਾਲੀਆਂ ਪ੍ਰਾਇਮਰੀ ਚੋਣਾਂ ਅਮਰੀਕਾ ਦੀ ਲੋਕਤੰਤਰਿਕ ਪ੍ਰਣਾਲੀ ਦਾ ਇਕ ਅਹਿਮ ਅਤੇ ਬੁਨਿਆਦੀ ਹਿੱਸਾ ਹਨ, ਜਿੱਥੇ ਵੋਟਰ ਆਪਣੇ ਮਨਪਸੰਦ ਉਮੀਦਵਾਰਾਂ ਨੂੰ ਚੁਣ ਕੇ ਅੱਗੇ ਲਿਆਉਂਦੇ ਹਨ। ਇਹ ਚੋਣਾਂ ਸਿਰਫ਼ ਇੱਕ ਰਸਮੀ ਕਾਰਵਾਈ ਨਹੀਂ, ਸਗੋਂ ਪੂਰੇ ਚੋਣ ਪ੍ਰਕਿਰਿਆ ਦੀ ਨੀਂਹ ਹਨ, ਜਿੱਥੋਂ ਆਗਾਮੀ ਜਨਰਲ ਚੋਣਾਂ ਲਈ ਮੈਦਾਨ ਤਿਆਰ ਹੁੰਦਾ ਹੈ। ਕੈਲੀਫੋਰਨੀਆ ਦੇ "ਟਾਪ ਟੂ" ਸਿਸਟਮ ਅਨੁਸਾਰ, ਸਭ ਤੋਂ ਵੱਧ ਵੋਟਾਂ ਲੈਣ ਵਾਲੇ ਦੋ ਉਮੀਦਵਾਰ, ਭਾਵੇਂ ਉਹ ਕਿਸੇ ਵੀ ਪਾਰਟੀ ਨਾਲ ਸੰਬੰਧਿਤ ਹੋਣ, ਅੱਗੇ ਨਵੰਬਰ ਦੀਆਂ ਮੁੱਖ ਚੋਣਾਂ ਵਿਚ ਪਹੁੰਚਦੇ ਹਨ। ਇਸ ਕਰਕੇ ਪ੍ਰਾਇਮਰੀ ਚੋਣਾਂ ਵਿਚ ਪਾਈ ਗਈ ਹਰ ਵੋਟ ਸਿੱਧੇ ਤੌਰ 'ਤੇ ਭਵਿੱਖ ਦੀ ਰਾਜਨੀਤੀ ਅਤੇ ਸਰਕਾਰ ਦੀ ਬਣਤਰ 'ਤੇ ਪ੍ਰਭਾਵ ਪਾਂਦੀ ਹੈ।

ਅਮਰੀਕਾ 'ਚ ਲੋਕਤੰਤਰ ਦੀ ਪ੍ਰੰਪਰਾ ਕਈ ਸਦੀਆਂ ਪੁਰਾਣੀ ਹੈ ਅਤੇ ਸਮੇਂ ਦੇ ਨਾਲ ਇਹ ਸਿਸਟਮ ਕਾਫ਼ੀ ਮਜ਼ਬੂਤ ਅਤੇ ਆਧੁਨਿਕ ਬਣ ਚੁੱਕਾ ਹੈ। ਦੇਸ਼ ਦੀ ਸਥਾਪਨਾ ਤੋਂ ਹੀ ਲੋਕਾਂ ਨੂੰ ਆਪਣੇ ਨੇਤਾਵਾਂ ਦੀ ਚੋਣ ਕਰਨ ਦਾ ਅਧਿਕਾਰ ਦਿੱਤਾ ਗਿਆ ਅਤੇ ਅੱਜ ਇਹ ਪ੍ਰਣਾਲੀ ਦੁਨੀਆਂ ਦੀਆਂ ਸਭ ਤੋਂ ਸੁਚਾਰੂ ਚੋਣ ਪ੍ਰਣਾਲੀਆਂ ਵਿੱਚੋਂ ਇੱਕ ਮੰਨੀ ਜਾਂਦੀ ਹੈ। ਅਮਰੀਕਾ 'ਚ ਮੁੱਖ ਤੌਰ 'ਤੇ ਦੋ ਵੱਡੀਆਂ ਪਾਰਟੀਆਂ — ਰਿਪਬਲਿਕਨ ਅਤੇ ਡੈਮੋਕਰੇਟ— ਰਾਜਨੀਤੀ ਵਿਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਜਿਹੜੇ ਵੋਟਰ ਡੈਮੋਕਰੇਟ ਪਾਰਟੀ ਨਾਲ ਰਜਿਸਟਰਡ ਹੁੰਦੇ ਹਨ, ਉਨ੍ਹਾਂ ਨੂੰ ਆਪਣੇ ਘਰਾਂ ਵਿਚ ਡੈਮੋਕਰੇਟ ਉਮੀਦਵਾਰਾਂ ਲਈ ਬੈਲੇਟ ਪੇਪਰ ਮਿਲਦੇ ਹਨ, ਜਦਕਿ ਰਿਪਬਲਿਕਨ ਪਾਰਟੀ ਨਾਲ ਰਜਿਸਟਰਡ ਵੋਟਰਾਂ ਨੂੰ ਰਿਪਬਲਿਕਨ ਉਮੀਦਵਾਰਾਂ ਲਈ ਬੈਲੇਟ ਭੇਜੇ ਜਾਂਦੇ ਹਨ। ਨਾਗਰਿਕਤਾ ਪ੍ਰਾਪਤ ਕਰਨ ਤੋਂ ਬਾਅਦ ਜਾਂ 18 ਸਾਲ ਦੀ ਉਮਰ ਪੂਰੀ ਕਰਨ 'ਤੇ ਹਰ ਵਿਅਕਤੀ ਆਪਣੇ ਆਪ ਨੂੰ ਵੋਟਰ ਵਜੋਂ ਰਜਿਸਟਰ ਕਰਵਾ ਸਕਦਾ ਹੈ ਅਤੇ ਆਪਣੀ ਪਸੰਦ ਦੀ ਪਾਰਟੀ ਨਾਲ ਜੁੜ ਕੇ ਪ੍ਰਾਇਮਰੀ ਚੋਣਾਂ ਵਿਚ ਹਿੱਸਾ ਲੈ ਸਕਦਾ ਹੈ। ਇਨ੍ਹਾਂ ਚੋਣਾਂ ਵਿਚ ਵੋਟਰ ਆਪਣੀ ਪਾਰਟੀ ਦੇ ਸਿਰਮੌਰ ਉਮੀਦਵਾਰਾਂ ਨੂੰ ਚੁਣਦੇ ਹਨ, ਜਿਨ੍ਹਾਂ ਵਿਚੋਂ ਅੱਗੇ ਚੁਣੇ ਗਏ ਆਗੂ ਨਵੰਬਰ ਦੀਆਂ ਮੁੱਖ ਚੋਣਾਂ 'ਚ ਮੈਦਾਨ ਵਿਚ ਉਤਰਦੇ ਹਨ, ਜਿੱਥੇ ਆਮ ਤੌਰ 'ਤੇ ਰਿਪਬਲਿਕਨ ਅਤੇ ਡੈਮੋਕਰੇਟ ਪਾਰਟੀਆਂ ਦੇ ਮੁੱਖ ਉਮੀਦਵਾਰਾਂ ਵਿਚਕਾਰ ਟੱਕਰ ਹੁੰਦੀ ਹੈ।

ਅਮਰੀਕਾ ਦੇ ਵੱਖ-ਵੱਖ ਸਟੇਟਾਂ ਵਿਚ ਪ੍ਰਾਇਮਰੀ ਚੋਣਾਂ ਦੀਆਂ ਤਰੀਕਾਂ ਵੱਖ-ਵੱਖ ਹੁੰਦੀਆਂ ਹਨ ਅਤੇ ਇਹ ਸਾਰੀਆਂ ਇੱਕੋ ਦਿਨ ਨਹੀਂ ਹੁੰਦੀਆਂ। ਹਰ ਸਟੇਟ ਆਪਣੀ ਚੋਣ ਪ੍ਰਕਿਰਿਆ ਅਨੁਸਾਰ ਸਮਾਂ ਨਿਰਧਾਰਤ ਕਰਦਾ ਹੈ। ਇਸ ਤੋਂ ਇਲਾਵਾ, ਇੱਥੇ ਚੋਣਾਂ ਸਿਰਫ਼ ਇੱਕ ਅਹੁਦੇ ਲਈ ਨਹੀਂ, ਸਗੋਂ ਸਥਾਨਕ ਪੱਧਰ ਤੋਂ ਲੈ ਕੇ ਸਟੇਟ ਅਤੇ ਫੈਡਰਲ ਪੱਧਰ ਤੱਕ ਕਈ ਅਹੁਦਿਆਂ ਲਈ ਇਕੱਠੇ ਹੀ ਵੋਟਾਂ ਪਾਈਆਂ ਜਾਂਦੀਆਂ ਹਨ। ਇੱਕ ਹੀ ਬੈਲੇਟ ਪੇਪਰ 'ਤੇ ਵੱਖ-ਵੱਖ ਅਹੁਦਿਆਂ ਲਈ ਫੈਸਲੇ ਲੈਣ ਨਾਲ ਪੂਰੇ ਪ੍ਰਸ਼ਾਸਨਿਕ ਢਾਂਚੇ ਦੀ ਦਿਸ਼ਾ ਤੈਅ ਹੁੰਦੀ ਹੈ ਅਤੇ ਇਹ ਲੋਕਾਂ ਨੂੰ ਸਰਕਾਰ ਦੇ ਹਰ ਪੱਧਰ 'ਤੇ ਆਪਣੀ ਭੂਮਿਕਾ ਨਿਭਾਉਣ ਦਾ ਮੌਕਾ ਦਿੰਦਾ ਹੈ।

ਅਮਰੀਕਾ ਦਾ ਵੋਟਿੰਗ ਸਿਸਟਮ ਭਾਰਤ ਸਮੇਤ ਕਈ ਹੋਰ ਦੇਸ਼ਾਂ ਨਾਲੋਂ ਕਾਫ਼ੀ ਵੱਖਰਾ ਅਤੇ ਸੁਵਿਧਾਜਨਕ ਹੈ। ਇੱਥੇ ਵੋਟਰਾਂ ਨੂੰ ਘਰਾਂ ਵਿਚ ਮੇਲ ਰਾਹੀਂ ਬੈਲੇਟ ਪੇਪਰ ਭੇਜੇ ਜਾਂਦੇ ਹਨ, ਜਿਸ ਨਾਲ ਉਹ ਘਰ ਬੈਠੇ ਹੀ ਆਪਣੇ ਮਨਪਸੰਦ ਉਮੀਦਵਾਰਾਂ ਨੂੰ ਚੁਣ ਸਕਦੇ ਹਨ। ਇਹ ਬੈਲੇਟ ਵਾਪਸ ਭੇਜਣ ਲਈ ਕਿਸੇ ਤਰ੍ਹਾਂ ਦਾ ਡਾਕ ਖਰਚਾ ਨਹੀਂ ਹੁੰਦਾ, ਜਿਸ ਨਾਲ ਹਰ ਵੋਟਰ ਲਈ ਇਹ ਪ੍ਰਕਿਰਿਆ ਆਸਾਨ ਬਣ ਜਾਂਦੀ ਹੈ। ਇਸ ਦੇ ਨਾਲ ਨਾਲ ਵੋਟਰਾਂ ਨੂੰ ਇਹ ਵੀ ਸੁਵਿਧਾ ਦਿੱਤੀ ਗਈ ਹੈ ਕਿ ਉਹ ਆਪਣੇ ਨਜ਼ਦੀਕੀ ਡਰਾਪ ਬਾਕਸ, ਸਿਟੀ ਦਫ਼ਤਰ ਜਾਂ ਵੋਟਿੰਗ ਸੈਂਟਰ ਵਿਚ ਜਾ ਕੇ ਵੀ ਆਪਣਾ ਬੈਲੇਟ ਜਮ੍ਹਾਂ ਕਰਵਾ ਸਕਦੇ ਹਨ। ਪੂਰੀ ਪ੍ਰਕਿਰਿਆ ਕਾਫ਼ੀ ਸਮੇਂ ਲਈ ਖੁੱਲ੍ਹੀ ਰਹਿੰਦੀ ਹੈ, ਜਿਸ ਨਾਲ ਹਰ ਵਿਅਕਤੀ ਆਪਣੀ ਸਹੂਲਤ ਅਨੁਸਾਰ ਵੋਟ ਪਾ ਸਕਦਾ ਹੈ।

ਇਸ ਦੇ ਬਾਵਜੂਦ, ਅਕਸਰ ਵੇਖਣ ਵਿਚ ਆਉਂਦਾ ਹੈ ਕਿ ਸਾਡੇ ਪੰਜਾਬੀ ਭਾਈਚਾਰੇ ਦੇ ਕਈ ਲੋਕ ਇਸ ਸਹੂਲਤ ਦਾ ਪੂਰਾ ਲਾਭ ਨਹੀਂ ਲੈਂਦੇ। ਬੈਲੇਟ ਘਰ ਵਿਚ ਆਉਣ ਦੇ ਬਾਵਜੂਦ ਵੀ ਉਸ ਨੂੰ ਭਰਨ ਦੀ ਬਜਾਏ ਪਾਸੇ ਰੱਖ ਦਿੱਤਾ ਜਾਂਦਾ ਹੈ ਜਾਂ ਭੁੱਲ ਜਾਇਆ ਜਾਂਦਾ ਹੈ। ਇਹ ਇੱਕ ਗੰਭੀਰ ਗੱਲ ਹੈ, ਕਿਉਂਕਿ ਵੋਟ ਸਿਰਫ਼ ਇੱਕ ਕਾਗਜ਼ ਨਹੀਂ, ਸਗੋਂ ਸਾਡੀ ਆਵਾਜ਼ ਅਤੇ ਸਾਡਾ ਅਧਿਕਾਰ ਹੈ। ਜਦੋਂ ਅਸੀਂ ਵੋਟ ਨਹੀਂ ਪਾਉਂਦੇ, ਤਾਂ ਅਸੀਂ ਆਪਣੇ ਹੱਕ ਨੂੰ ਖੁਦ ਹੀ ਕਮਜ਼ੋਰ ਕਰ ਲੈਂਦੇ ਹਾਂ ਅਤੇ ਆਪਣੇ ਫੈਸਲੇ ਦੀ ਤਾਕਤ ਹੋਰਾਂ ਦੇ ਹੱਥ ਵਿਚ ਦੇ ਦਿੰਦੇ ਹਾਂ।

ਇਹ ਪ੍ਰਾਇਮਰੀ ਚੋਣਾਂ ਨਵੰਬਰ ਵਿਚ ਹੋਣ ਵਾਲੀਆਂ ਜਨਰਲ ਚੋਣਾਂ ਲਈ ਬੁਨਿਆਦ ਤਿਆਰ ਕਰਦੀਆਂ ਹਨ ਅਤੇ ਇਨ੍ਹਾਂ ਦੇ ਨਤੀਜੇ ਭਵਿੱਖ ਦੀ ਰਾਜਨੀਤੀ ਨੂੰ ਦਿਸ਼ਾ ਦਿੰਦੇ ਹਨ। ਅਮਰੀਕਾ ਵਿਚ ਹਰ ਦੋ ਸਾਲਾਂ ਬਾਅਦ ਮਿਡ-ਟਰਮ ਚੋਣਾਂ ਹੁੰਦੀਆਂ ਹਨ, ਜਿਹੜੀਆਂ ਕਾਂਗਰਸ ਅਤੇ ਹੋਰ ਮਹੱਤਵਪੂਰਨ ਅਹੁਦਿਆਂ ਦੀ ਬਣਤਰ ਨੂੰ ਪ੍ਰਭਾਵਿਤ ਕਰਦੀਆਂ ਹਨ। ਇਸ ਤੋਂ ਇਲਾਵਾ, ਜਦੋਂ ਰਾਸ਼ਟਰਪਤੀ ਦੀਆਂ ਚੋਣਾਂ ਹੁੰਦੀਆਂ ਹਨ, ਤਾਂ ਇਨ੍ਹਾਂ ਪ੍ਰਾਇਮਰੀ ਚੋਣਾਂ ਦਾ ਪ੍ਰਭਾਵ ਉਸ ਸਮੇਂ ਵੀ ਵੇਖਣ ਨੂੰ ਮਿਲਦਾ ਹੈ, ਕਿਉਂਕਿ ਇਹ ਪਾਰਟੀਆਂ ਦੀ ਤਾਕਤ ਅਤੇ ਉਮੀਦਵਾਰਾਂ ਦੀ ਪੋਜ਼ੀਸ਼ਨ ਨੂੰ ਪਹਿਲਾਂ ਹੀ ਮਜ਼ਬੂਤ ਜਾਂ ਕਮਜ਼ੋਰ ਕਰ ਦਿੰਦੀਆਂ ਹਨ। ਇਸ ਲਈ ਇਹ ਕਹਿਣਾ ਬਿਲਕੁਲ ਠੀਕ ਹੈ ਕਿ ਅੱਜ ਪਾਈ ਗਈ ਵੋਟ ਭਵਿੱਖ ਦੀ ਰਾਜਨੀਤੀ ਦੀ ਦਿਸ਼ਾ ਨਿਰਧਾਰਿਤ ਕਰਦੀ ਹੈ।

ਪੰਜਾਬੀ ਭਾਈਚਾਰੇ ਲਈ ਇਹ ਬਹੁਤ ਜ਼ਰੂਰੀ ਹੈ ਕਿ ਉਹ ਇਸ ਪ੍ਰਕਿਰਿਆ ਵਿਚ ਸਰਗਰਮ ਹਿੱਸਾ ਲਵੇ। ਜੇ ਅਸੀਂ ਇਸ ਦੇਸ਼ ਦੀ ਨਾਗਰਿਕਤਾ ਪ੍ਰਾਪਤ ਕੀਤੀ ਹੈ, ਤਾਂ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਆਪਣੇ ਹੱਕਾਂ ਦਾ ਪੂਰਾ ਇਸਤੇਮਾਲ ਕਰੀਏ ਅਤੇ ਇੱਥੇ ਦੇ ਲੋਕਤੰਤਰਿਕ ਸਿਸਟਮ ਵਿਚ ਪੂਰੀ ਤਰ੍ਹਾਂ ਸ਼ਾਮਲ ਹੋਈਏ। ਸਾਨੂੰ ਚਾਹੀਦਾ ਹੈ ਕਿ ਅਸੀਂ ਆਪਣੇ ਬੈਲੇਟ ਨੂੰ ਸਮੇਂ ਸਿਰ ਭਰ ਕੇ ਭੇਜੀਏ, ਨਾ ਕਿ ਉਸਨੂੰ ਅਣਦੇਖਾ ਕਰੀਏ। ਇਸ ਤਰ੍ਹਾਂ ਹੀ ਅਸੀਂ ਆਪਣੇ ਮਨਪਸੰਦ ਨੇਤਾਵਾਂ ਨੂੰ ਅੱਗੇ ਲਿਆ ਸਕਦੇ ਹਾਂ ਅਤੇ ਆਪਣੀ ਕਮਿਊਨਿਟੀ ਦੀ ਨੁਮਾਇੰਦਗੀ ਨੂੰ ਮਜ਼ਬੂਤ ਕਰ ਸਕਦੇ ਹਾਂ।

ਅੰਤ ਵਿਚ, ਵੋਟ ਪਾਉਣਾ ਸਿਰਫ਼ ਇੱਕ ਹੱਕ ਨਹੀਂ, ਸਗੋਂ ਇੱਕ ਜ਼ਿੰਮੇਵਾਰੀ ਵੀ ਹੈ। ਜਦੋਂ ਅਸੀਂ ਵੋਟ ਪਾਉਂਦੇ ਹਾਂ, ਤਾਂ ਅਸੀਂ ਨਾ ਸਿਰਫ਼ ਆਪਣੀ ਆਵਾਜ਼ ਨੂੰ ਮਜ਼ਬੂਤ ਕਰਦੇ ਹਾਂ, ਸਗੋਂ ਲੋਕਤੰਤਰ ਨੂੰ ਵੀ ਮਜ਼ਬੂਤ ਬਣਾਉਂਦੇ ਹਾਂ। ਇਸ ਲਈ ਹਰ ਯੋਗ ਵੋਟਰ ਨੂੰ ਚਾਹੀਦਾ ਹੈ ਕਿ ਉਹ ਆਪਣੀ ਵੋਟ ਦਾ ਇਸਤੇਮਾਲ ਕਰੇ ਅਤੇ ਹੋਰਾਂ ਨੂੰ ਵੀ ਇਸ ਲਈ ਪ੍ਰੇਰਿਤ ਕਰੇ, ਤਾਂ ਜੋ ਸਾਡਾ ਭਾਈਚਾਰਾ ਅਤੇ ਸਾਡੀ ਆਵਾਜ਼ ਦੋਵੇਂ ਮਜ਼ਬੂਤ ਹੋ ਸਕਣ।

# ਸਦਾ ਬਹਾਰ ਚੋਣਾਂ : ਸਿਰਫ਼ ਇੱਕ ਸਿਆਸੀ ਖੇਡ

## ਸਵਾਲਾਂ ਦਾ ਸਵਾਲ ਅਤੇ ਅੰਤਿਮ ਸਵਾਲ ਇਕੋ ਕਿ ਕੀ ਲਗਾਤਾਰ ਚੋਣਾਂ ਦਾ ਪ੍ਰਚਾਰ ਲੋਕਤੰਤਰ ਨੂੰ ਮਜ਼ਬੂਤ ਕਰਦਾ ਹੈ?

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
ਪੰਜਾਬ ਮੇਲ USA





ਪੱਛਮੀ ਬੰਗਾਲ ਚੋਣਾਂ ਦੇ ਨਤੀਜੇ ਆਏ ਵੀ ਨਹੀਂ ਕਿ ਪੰਜਾਬ, ਉੱਤਰ ਪ੍ਰਦੇਸ਼ ਦਾ ਚੋਣ ਮੈਦਾਨ ਭੱਖ ਗਿਆ ਹੈ। ਪੰਜਾਬ ਅਤੇ ਉੱਤਰ ਪ੍ਰਦੇਸ਼ 'ਚ ਚੋਣਾਂ 2027 'ਚ ਹੋਣੀਆਂ ਹਨ, ਪਰ ਜਨਤਾ ਨੂੰ ਚੋਣ ਵਾਇਦੇ ਅਤੇ ਇਰਾਦੇ ਹੁਣੇ ਹੀ ਸੁਣਾਈ ਦੇਣ ਲੱਗੇ ਹਨ।

ਪੰਜਾਬ ਦਾ ਮਾਹੌਲ ਇੰਨੀ ਤੇਜ਼ੀ ਨਾਲ ਬਦਲ ਰਿਹਾ ਹੈ ਕਿ ਕੁਝ ਸਮਝਣਾ ਔਖਾ ਹੈ। ਭਾਜਪਾ ਦੀ ਰਣਨੀਤੀ ਨੇ ਚੋਣਾਂ ਨੂੰ ਬਾਰਾਂ ਮਾਸੀ ਪ੍ਰਕਿਰਿਆ ਬਣਾ ਦਿੱਤਾ ਹੈ। ਇੱਕ ਸੂਬੇ ਦੇ ਨਤੀਜੇ ਆਉਣ ਤੋਂ ਪਹਿਲਾਂ ਇਹ ਪੂਰਾ ਭਾਜਪਾ ਚੋਣ ਮਾਮਲਾ ਦੂਜੇ ਸੂਬੇ ਵੱਲ ਕੂਚ ਕਰ ਜਾਂਦਾ ਹੈ। ਇੱਥੇ ਹੀ ਬੱਸ ਨਹੀਂ, ਹਰ ਨੀਤੀਗਤ ਫ਼ੈਸਲੇ ਉੱਤੇ ਚੋਣ ਸਮੀਕਰਨ ਭਾਰੀ ਰਹਿੰਦੀ ਹੈ। ਕੇਂਦਰੀ ਮੰਤਰੀਆਂ ਦਾ ਜੱਥਾ ਕਿਸੇ ਨਾ ਕਿਸੇ ਸੂਬੇ ਵਿਚ ਚੋਣ ਤਿਆਰੀ ਲਈ ਡੇਰਾ ਲਾਈ ਰੱਖਦਾ ਹੈ। ਕੋਈ ਵੀ ਯੋਜਨਾ ਹੋਵੇ, ਕੋਈ ਵੀ ਸਕੀਮ ਹੋਵੇ, ਉਸ ਦੇ ਉਦਘਾਟਨ ਨੂੰ ਚੋਣ ਰੈਲੀ 'ਚ ਬਦਲ ਦਿੱਤਾ ਜਾਂਦਾ ਹੈ। ਅਸਲ 'ਚ ਭਾਜਪਾ ਦੀ ਟੀਮ ਇੱਕ ਚੋਣ ਮਸ਼ੀਨਰੀ ਦੀ ਤਰ੍ਹਾਂ ਕੰਮ ਕਰਦੀ ਦਿਖਦੀ ਹੈ ।

ਆਓ, ਭਾਜਪਾ ਦੀ ਚੋਣ ਮਸ਼ੀਨਰੀ ਨੂੰ ਸਮਝੀਏ। ਉਸ ਤੋਂ ਵੀ ਪਹਿਲਾਂ ਭਾਜਪਾ ਦੀ ਮੈਂਬਰਸ਼ਿਪ ਨੂੰ ਵਾਚੀਏ। ਸਤੰਬਰ 2024 ਵਿਚ ਇਕ ਦਿਨ ਵਿਚ ਹੀ ਭਾਜਪਾ ਨੂੰ 47 ਲੱਖ ਮੈਂਬਰਸ਼ਿਪ ਕਰ ਲਈ। ਪਹਿਲੇ ਪੜਾਅ ਵਿਚ 6 ਕਰੋੜ ਅਤੇ ਕੁੱਲ 10 ਕਰੋੜ ਤੋਂ ਜਿਆਦਾ ਮੈਂਬਰਸ਼ਿਪ ਦਾ ਮੀਲ ਪੱਥਰ ਭਾਜਪਾ ਨੇ ਪ੍ਰਾਪਤ ਕੀਤਾ। ਸਿੱਟਾ ਸਾਲ 2014, ਸਾਲ 2019 ਅਤੇ ਫਿਰ 2024 ਵਿਚ ਭਾਜਪਾ-ਰਾਜਗ ਨੇ ਬਹੁਮਤ ਹਾਸਲ ਕੀਤਾ, ਹਾਲਾਂਕਿ 2024 'ਚ ਉਹ 240 ਸੀਟਾਂ ਲੈ ਜਾ ਸਕੀ ਤੇ ਉਸਦੀ ਗਠਬੰਧਨ 'ਤੇ ਨਿਰਭਰਤਾ ਵੱਧ ਗਈ।

2014 ਦੇ ਬਾਅਦ ਭਾਰਤ ਦੀ ਸਿਆਸਤ ਪੂਰੀ ਤਰ੍ਹਾਂ ਬਦਲ ਗਈ ਹੈ। ਜਾਂ ਬਦਲ ਦਿੱਤੀ ਗਈ ਹੈ। ਨਰਿੰਦਰ ਮੋਦੀ ਦੀ ਚੋਣ ਜਿੱਤਣ ਲਈ ਸਿਟੀਜਨ ਫਾਰ ਅਕਾਊਂਟੇਬਲ ਗਵਰਨੈਂਸ (ਸੀ.ਏ.ਜੀ.) ਜਿਹੀ ਭਾਜਪਾ ਸੰਸਥਾ ਨੇ ਕੰਮ ਕੀਤਾ। ਚੋਣ ਰੈਲੀਆਂ ਦੀ ਮਨਜ਼ੂਰੀ ਤੋਂ ਲੈ ਕੇ, ਉਮੀਦਵਾਰਾਂ ਦੀ ਚੋਣ ਤੱਕ ਦਾ ਕੰਮ ਇਹੋ ਸੰਸਥਾ ਕਰਦੀ ਰਹੀ। ਇਹ ਰਿਪੋਰਟ ਸੈਂਟਰ ਫਾਰ ਇੰਟਰਨੈਸ਼ਨਲ ਗਵਰਨੈਂਸ ਇੰਨੋਵੇਸ਼ਨ ਨੇ ਛਾਪੀ ਹੈ। ਇਹ ਰਿਪੋਰਟ ਕਹਿੰਦੀ ਹੈ ਕਿ ਉੱਤਰ ਪ੍ਰਦੇਸ਼ ਵਿਚ ਭਾਜਪਾ ਦੀ ਆਈ.ਟੀ. ਟੀਮ ਦੇ 6 ਜ਼ੋਨ ਹਨ, 11 ਮੈਂਬਰਾਂ ਦੀ ਸੋਸ਼ਲ ਮੀਡੀਆ ਟੀਮ ਹੈ, ਜ਼ਿਲ੍ਹੇ ਵਿਚ 11, ਮੰਡਲ ਵਿਚ 5, ਵਾਰਡ ਵਿਚ ਦੋ ਅਤੇ ਹਰ ਬੂਥ ਉੱਤੇ ਪੰਜ ਸਰਗਰਮ ਮੈਂਬਰ ਹਨ। ਇਹ ਢਾਂਚਾ ਚੋਣਾਂ ਦੇ ਮਹੀਨਿਆਂ ਵਿਚ ਹੀ ਨਹੀਂ ਸਾਲ ਭਰ ਚੱਲਦਾ ਰਹਿੰਦਾ ਹੈ।

ਇਹ ਗੱਲ ਸਮਝਣੀ ਔਖੀ ਨਹੀਂ ਹੈ ਕਿ ਇਸ ਪੂਰੀ ਮਸ਼ੀਨਰੀ ਪਿੱਛੇ ਤਾਕਤ ਆਰ.ਐੱਸ.ਐੱਸ. ਦੀ ਹੈ। ਬਰਟਾਨਿਕਾ ਖੰਗਾਲੋ। ਆਰ.ਐੱਸ.ਐੱਸ. ਦੀਆਂ ਸ਼ਾਖਾਵਾਂ ਦੀ ਗਿਣਤੀ ਸਾਲ 2025 ਤੱਕ ਵੱਧ ਕੇ 80 ਹਜ਼ਾਰ ਹੋ ਗਈ। ਇੱਕ ਹੋਰ ਰਿਪੋਰਟ ਅਨੁਸਾਰ ਸਾਲ 2014 ਵਿਚ ਆਰ.ਐੱਸ.ਐੱਸ. ਦੀਆਂ ਸ਼ਾਖਾਵਾਂ (ਪ੍ਰਤੀ ਦਿਨ, ਹਫਤਾਵਾਰ ਅਤੇ ਮਹੀਨਾਵਾਰ) 44,982 ਸਨ, ਜੋ ਮਾਰਚ 2025 ਤੱਕ ਵੱਧ ਕੇ 83,129 ਸ਼ਾਖਾਵਾਂ ਹੋ ਗਈਆਂ, ਜਿਨ੍ਹਾਂ ਦੀਆਂ ਮੀਟਿੰਗਾਂ 32,147 ਅਤੇ ਮੰਡਲੀਆਂ 12,091 ਬਣ ਗਈਆਂ। ਸਮਝ ਲਵੋ 10 ਸਾਲਾਂ ਵਿਚ ਲਗਭਗ ਦੁੱਗਣੀਆਂ। ਇਸ ਸਬੰਧੀ ਫੌਰਨ ਅਫੇਅਰਜ਼ ਦੀ ਇੱਕ ਰਿਪੋਰਟ ਅੱਖਾਂ ਖੋਲਣ ਵਾਲੀ ਹੈ ਕਿ ਸਾਲ 2024 ਵਿਚ ਲੋਕ ਸਭਾ ਚੋਣਾਂ ਤੋਂ ਬਾਅਦ ਹੋਈਆਂ ਹਰਿਆਣਾ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਦੀ ਪ੍ਰਚਾਰ ਮੁਹਿੰਮ ਵਿਚ ਸਭ ਤੋਂ ਅੱਗੇ ਆਰ.ਐੱਸ.ਐੱਸ. ਦਾ ਵਿਸ਼ਾਲ ਕਾਡਰ ਸੀ, ਜੋ ਵੋਟਰਾਂ ਦੇ ਘਰ-ਘਰ ਪਹੁੰਚਿਆ।

ਸਮਝਣਾ ਪਵੇਗਾ ਕਿ ਚੋਣ-ਦਰ-ਚੋਣ, ਹਰ ਵੇਲੇ ਚੋਣ ਸਰਕਾਰੀ ਕੰਮ 'ਚ ਰੁਕਾਵਟ ਬਣਦੀ ਹੈ। ਸਾਲ 2014 ਤੋਂ 2026 ਤੱਕ ਲੋਕ ਸਭਾ ਅਤੇ ਵਿਧਾਨ ਸਭਾ ਦੀਆਂ 36 ਤੋਂ ਜ਼ਿਆਦਾ ਚੋਣਾਂ ਹੋ ਚੁੱਕੀਆਂ ਹਨ। ਲਗਭਗ ਹਰ ਤਿਮਾਹੀ ਇੱਕ ਚੋਣ। ਹਰ ਵਾਰ ਆਦਰਸ਼ ਚੋਣ ਜ਼ਾਬਤਾ ਲੱਗਦਾ ਹੈ ਅਤੇ ਵਿਕਾਸ ਕਾਰਜ ਠੱਪ ਹੋ ਜਾਂਦੇ ਹਨ। ਸਰਕਾਰੀ ਘੋਸ਼ਨਾਵਾਂ ਵੀ ਬੰਦ ਹੋ ਜਾਂਦੀਆਂ ਹਨ।

ਅਸਲ ਵਿਚ ਵੇਖਣ ਵਾਲੀ ਗੱਲ ਤਾਂ ਇਹ ਹੈ ਕਿ ਜਿਹੜੀ ਲਕੀਰ, ਸ਼ਾਸਨ ਅਤੇ ਚੋਣ ਪ੍ਰਚਾਰ ਦਰਮਿਆਨ ਸੀ ਕਿ ਉਹ ਮਿੱਟ ਤਾਂ ਨਹੀਂ ਗਈ? ਦੇਸ਼ ਦਾ ਪ੍ਰਧਾਨ ਮੰਤਰੀ ਹਰ ਵੇਲੇ ਚੋਣ ਮੋਡ ਵਿਚ ਰਹਿੰਦਾ। ਉਸਦੀ ਕੈਬਨਿਟ ਸ਼ਾਸਨ, ਪ੍ਰਸ਼ਾਸਨ ਨਾਲੋਂ ਵੱਧ ਚੋਣ ਮੁਹਿੰਮ 'ਚ ਜੁਟੀ ਰਹਿੰਦੀ ਹੈ। ਪੱਛਮੀ ਬੰਗਾਲ ਦੀ ਸਾਲ 2026 ਚੋਣ ਦੇ ਲਈ ਉੜੀਸਾ ਦੇ ਮੁੱਖ ਮੰਤਰੀ ਮੋਹਨ ਮਾਝੀ, ਕੈਬਨਟ ਮੰਤਰੀ ਅਤੇ ਵਿਧਾਇਕਾਂ ਦੀਆਂ ਟੋਲੀਆਂ ਬੂਥ ਪ੍ਰਬੰਧਨ ਲਈ ਕਲਕੱਤਾ ਪਹੁੰਚੀਆਂ। ਸਿੱਧਾ ਸਪੱਸ਼ਟ ਸੰਕੇਤ ਇਹ ਹੈ ਕਿ ਇੱਕ ਸੂਬੇ ਦੀ ਚੁਣੀ ਹੋਈ ਸਰਕਾਰ, ਦੂਜੇ ਸੂਬੇ ਵਿਚ ਚੋਣ ਲੜ ਰਹੀ ਹੈ। ਕਿਉਂਕਿ ਭਾਜਪਾ ਜਾਣਦੀ ਹੈ ਕਿ ਕੇਂਦਰ ਵਿਚ ਸੱਤਾ ਦੀ ਸਥਾਪਤੀ ਸੂਬਿਆਂ 'ਚ ਜਿੱਤ ਰਾਹੀਂ ਪ੍ਰਾਪਤ ਹੋ ਸਕਦੀ ਹੈ। ਸੂਬਿਆਂ ਵਿਚਲੀ ਜਿੱਤ ਰਾਜ ਸਭਾ ਵਿਚ ਤਾਕਤ ਵਧਾਉਂਦੀ ਹੈ, ਜੋ ਸੰਵਿਧਾਨਿਕ ਸੋਧਾਂ ਲਈ ਅਤਿਅੰਤ ਜ਼ਰੂਰੀ ਹੈ। ਇਸ ਲਈ ਭਾਜਪਾ ਲਈ ਹਰ ਵਿਧਾਨ ਸਭਾ ਚੋਣ ਰਾਸ਼ਟਰੀ ਉਦੇਸ਼ ਬਣ ਜਾਂਦਾ ਹੈ, ਜਿਸ ਲਈ ਭਾਜਪਾ ਚੋਣਾਂ 'ਚ ਅੱਡੀ ਚੋਟੀ ਦਾ ਜ਼ੋਰ ਲਾਉਂਦੀ ਹੈ।

ਉੱਤਰ ਪ੍ਰਦੇਸ਼ ਵਿਧਾਨ ਸਭਾ ਦੀ ਚੋਣ 2027 ਵਿਚ ਹੈ। ਭਾਜਪਾ ਨੇ ਮੋਰਚਾਂ ਹੁਣੇ ਹੀ ਖੋਲ ਦਿੱਤਾ ਹੈ। ਪ੍ਰਧਾਨ ਮੰਤਰੀ ਵਾਰਾਣਸੀ ਦੌਰੇ 'ਤੇ ਗਏ ਹਨ। ਪੰਜਾਬ 'ਚ ਚੋਣ ਸਰਗਰਮੀਆਂ ਆਰੰਭ ਹੋ ਗਈਆਂ ਹਨ। ਭਾਜਪਾ ਦੇ ਉੱਚ ਅਧਿਕਾਰੀ ਕਾਨਫਰੰਸਾਂ ਕਰਨ ਲੱਗ ਪਏ ਹਨ। ਵਰਕਰਾਂ ਦੀਆਂ ਮੀਟਿੰਗਾਂ ਹੋ ਰਹੀਆਂ ਹਨ। ਪੰਜਾਬ ਚੋਣਾਂ ਤੋਂ ਪਹਿਲਾਂ ਸੱਤ ਰਾਜ ਸਭਾ ਮੈਂਬਰ ਈ.ਡੀ. ਅਤੇ ਹੋਰ ਏਜੰਸੀਆਂ ਦਾ ਡਰ ਪਾ ਕੇ ਆਪਣੇ ਨਾਲ ਭਾਜਪਾ ਨੇ ਜੋੜ ਲਏ ਹਨ। ਹੋਰ ਪਾਰਟੀਆਂ ਵਿਚੋਂ ਵੱਡੇ ਨੇਤਾ ਆਪਣੀ ਪਾਰਟੀ ਵਿਚ ਸ਼ਾਮਲ ਕੀਤੇ ਜਾਣ ਲਈ ਯਤਨ ਆਰੰਭੇ ਜਾ ਚੁੱਕੇ ਹਨ। ਇਥੋਂ ਤੱਕ ਕਿ ਸੋਸ਼ਲ ਮੀਡੀਆ, ਟੀ.ਵੀ. ਚੈਨਲਾਂ ਉੱਤੇ ਭਾਜਪਾ ਸਰਗਰਮੀ ਵਧਾ ਦਿੱਤੀ ਗਈ ਹੈ। ਵਿਕਾਸ ਯੋਜਨਾਵਾਂ ਦੇ ਨੀਂਹ ਪੱਥਰ ਰੱਖੇ ਜਾਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ। ਮੌਜੂਦਾ ਆਮ ਆਦਮੀ ਪਾਰਟੀ ਸਰਕਾਰ ਨੂੰ ਬਦਨਾਮ ਕਰਨ ਲਈ ਸਰਗਰਮੀਆਂ ਸਿਖ਼ਰਾਂ 'ਤੇ ਹਨ। ਇਥੋਂ ਤੱਕ ਕਿ ਪਹਿਲੀ ਮਈ ਦੇ ਵਿਧਾਨ ਸਭਾ ਸੈਸ਼ਨ ਦੌਰਾਨ ਬਰਾਬਰ ਭਾਜਪਾ ਨੇ ਵਿਧਾਨ ਸਭਾ ਦੇ ਬਾਹਰ ਸੈਸ਼ਨ ਚਲਾਇਆ। ਸੂਬੇ 'ਚ ਬੇਰੁਜ਼ਗਾਰੀ, ਨਸ਼ਿਆਂ ਦੇ ਪ੍ਰਕੋਪ, ਕਾਨੂੰਨ ਵਿਵਸਥਾ ਸਬੰਧੀ ਵੱਡੇ ਸਵਾਲ ਚੁੱਕੇ।

ਲੋਕਤੰਤਰ ਵਿਚ ਚੋਣਾਂ ਹੁਣ ਮਿਸ਼ਨ ਨਹੀਂ ਰਿਹਾ। ਪਾਰਟੀਆਂ ਚੋਣਾਂ ਤੋਂ ਪਹਿਲਾਂ ਚੋਣ ਮੈਨੀਫੈਸਟੋ ਜਾਰੀ ਕਰਦੀਆਂ ਹਨ। ਲੋਕਾਂ ਦੇ ਵਿਹੜੇ ਜਾਂਦੀਆਂ ਸਨ, ਲੋਕਾਂ ਦੀ ਗੱਲ ਸੁਣਦੀਆਂ ਸਨ, ਪਰ ਹੁਣ ਭਾਜਪਾ ਨੇ ਚੋਣਾਂ ਨੂੰ ਇੱਕ ਮਸ਼ੀਨ ਬਣਾ ਦਿੱਤਾ ਹੈ ਅਤੇ ਵਿਰੋਧੀਆਂ ਨੂੰ ਚਿੱਤ ਕਰ ਸੁੱਟਿਆ ਹੈ, ਕਿਉਂਕਿ ਵਿਰੋਧੀਆਂ ਕੋਲ ਸਾਧਨ ਨਹੀਂ, ਸਮਾਨ ਨਹੀਂ ਅਤੇ ਉੱਪਰੋਂ ਇਹ ਕੇ ਵਿਰੋਧੀ ਧਿਰ ਵਿਖਰੀ ਪਈ ਹੈ।

ਭਾਜਪਾ ਆਪਣੀ ਚੋਣ ਮਸ਼ੀਨਰੀ ਰਾਹੀਂ ਡਾਟਾ ਇਕੱਠਾ ਕਰਦੀ ਹੈ, ਸੰਗਠਨ ਰਾਹੀਂ ਕੰਮ ਕਰਦੀ ਹੈ, ਚੋਣ ਜਿੱਤਣ ਲਈ ਰਣਨੀਤੀ ਬਣਾਉਂਦੀ ਹੈ। ਸੋਸ਼ਲ ਮੀਡੀਆ ਦੀ ਵਰਤੋਂ ਕਰਦੀ ਹੈ। ਚੋਣ ਮੈਨੇਜਮੈਂਟ ਕਰਦੀ ਹੈ। ਫੰਡ ਇਕੱਠੇ ਕਰਦੀ ਹੈ ਅਤੇ ਪੂਰੇ ਜੋਸ਼ ਨਾਲ ਜਿੱਤ ਵੱਲ ਵਧਦੀ ਹੈ ਅਤੇ ਇਸ ਕੰਮ ਲਈ ਸਾਮ, ਦਾਮ, ਦੰਡ ਦੀ ਵਰਤੋਂ ਕਰਨ ਤੋਂ ਗੁਰੇਜ਼ ਨਹੀਂ ਕਰਦੀ। ਉਂਝ ਵੀ ਭਾਜਪਾ ਦਾ ਕੰਮ ਕਰਨ ਦਾ ਤਰੀਕਾ ਚਾਣਕਿਆ ਵਾਲਾ ਹੈ। ਉਸਨੇ ਇਨ੍ਹਾਂ ਪੱਛਮੀ ਬੰਗਾਲ ਅਤੇ ਚਾਰ ਹੋਰ ਰਾਜਾਂ ਦੀਆਂ ਚੋਣਾਂ ਜਿੱਤਣ ਲਈ ਲੋਕ ਸਭਾ ਦਾ ਸਪੈਸ਼ਲ ਇਜਲਾਸ ਬੁਲਾਇਆ। ਪਰਸੀਮਨ (ਹਲਕਾ ਬੰਦੀ) ਮਤਾ ਪਾਸ ਕਰਵਾਉਣ ਲਈ ਨਾਰੀ ਸੰਸ਼ੋਧਨ ਬਿੱਲ ਪਾਰਲੀਮੈਂਟ 'ਚ ਲਿਆਉਣ ਦੀ ਚਾਲ ਚੱਲੀ। ਪਾਸ ਨਾ ਹੋਣ ਦੀ ਸੂਰਤ 'ਚ ਵਿਰੋਧੀ ਧਿਰ ਉੱਤੇ ਨਾਰੀ ਵਿਰੋਧੀ ਹੋਣ ਦਾ ਚੋਣ ਪ੍ਰਚਾਰ ਕੀਤਾ। ਹਾਲਾਂਕਿ ਪੱਛਮੀ ਬੰਗਾਲ ਵਿਚ ਨਾਰੀ ਮੁੱਖ ਮੰਤਰੀ ਹੈ ਅਤੇ ਭਾਜਪਾ ਦੀਆਂ 19 ਸੂਬਾ ਸਰਕਾਰਾਂ ਦੀ ਕੋਈ ਵੀ ਮੁੱਖ ਮੰਤਰੀ ਨਾਰੀ ਨਹੀਂ, ਹਾਂ ਅੱਧੀ-ਅਧੂਰੀ ਸਟੇਟ ਦਿੱਲੀ ਦੀ ਮੁੱਖ ਮੰਤਰੀ ਜ਼ਰੂਰ ਨਾਰੀ ਬਣਾਈ ਹੋਈ ਹੈ।

ਇਨ੍ਹਾਂ ਚੋਣਾਂ ਦੌਰਾਨ "ਇੱਕ ਦੇਸ਼ ਇਕ ਚੋਣ" ਖੇਡਣ ਦਾ ਭਾਜਪਾ ਯਤਨ ਕਰ ਰਹੀ ਹੈ। ਹਾਲਾਂਕਿ ਮਨ ਤੋਂ ਭਾਜਪਾ ਕਦੇ ਵੀ ਇਸ ਬਿੱਲ ਨੂੰ ਪਾਸ ਨਹੀਂ ਹੋਣ ਦੇਵੇਗੀ, ਜਿਸ ਨੂੰ ਪਾਸ ਕਰਵਾਉਣ ਲਈ ਦੋ ਤਿਹਾਈ ਬਹੁਮਤ ਚਾਹੀਦਾ ਹੈ, ਕਿਉਂਕਿ ਭਾਜਪਾ ਨੂੰ ਨਿੱਤ ਚੋਣ ਸੰਗਰਾਮ ਲੋੜੀਂਦਾ ਹੈ, ਜਿਸ ਨਾਲ ਉਹ ਲੋਕਾਂ ਨੂੰ ਗੁੰਮਰਾਹ ਕਰਕੇ ਆਪਣੇ ਨੀਤੀਗਤ ਫ਼ੈਸਲੇ, ਜਿਸ ਵਿਚ ਭਾਰਤੀ ਸੰਵਿਧਾਨ ਨੂੰ ਮੁੜ ਲਿਖੇ ਜਾਣ ਅਤੇ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਨੂੰ ਲਾਗੂ ਕਰਨਾ ਸ਼ਾਮਲ ਹੈ, ਵੱਲ ਲੋਕਾਂ ਦਾ ਧਿਆਨ ਖਿੱਚਦੀ ਰਹੇ। ਜੇਕਰ ਸੱਚਮੁੱਚ ਇਹ ਸੋਧ, ਜਿਸ ਵਿਚ ਲੋਕ ਸਭਾ, ਵਿਧਾਨ ਸਭਾ ਦੀਆਂ ਚੋਣਾਂ ਇੱਕੋ ਵੇਲੇ ਕਰਨਾ ਅਤੇ ਉਸਦੇ 100 ਦਿਨਾਂ ਦੇ ਅੰਦਰ ਪੰਚਾਇਤਾਂ ਅਤੇ ਨਗਰ ਪਾਲਿਕਾ ਦੀਆਂ ਚੋਣਾਂ ਕਰਵਾਉਣਾ ਸ਼ਾਮਿਲ ਹੈ, ਤਾਂ ਉਹ ਮਾਮਲੇ ਨੂੰ ਲਟਕਾਉਂਦੀ ਨਾ। ਸਾਬਕਾ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਮਾਰਚ 2024 ਵਿਚ ਇਸ ਸਬੰਧੀ ਇੱਕ ਰਿਪੋਰਟ ਪੇਸ਼ ਕੀਤੀ ਅਤੇ ਸੰਵਿਧਾਨ ਦੀ ਧਾਰਾ 82-ਏ ਅਤੇ 324-ਏ ਵਿਚ ਤਰਮੀਮ ਦਾ ਸੁਝਾਅ ਦਿੱਤਾ। ਪਰ ਇਹ ਸੁਝਾਅ ਹਾਲੇ ਤੱਕ ਪਰਵਾਨ ਨਹੀਂ ਹੋਇਆ ਕਿਉਂਕਿ ਇਹ ਭਾਜਪਾ ਨੂੰ ਰਾਸ ਨਹੀਂ ਆਉਂਦਾ। ਜਦਕਿ ਵਿਰੋਧੀ ਧਿਰ ਕਾਂਗਰਸ ਇਸ ਨੂੰ ਕੇਂਦਰੀਕਰਨ ਦੀ ਰਣਨੀਤੀ ਦੱਸਦੀ ਹੈ।

ਵੇਖਣ ਵਾਲੀ ਗੱਲ ਤਾਂ ਇਹ ਹੈ ਕਿ ਕੀ ਲਗਾਤਾਰ ਚੋਣ ਪ੍ਰਚਾਰ ਅਤੇ ਉਹ ਵੀ ਹਰ ਦਿਨ-ਹਰ ਰਾਤ, ਹਰ ਮਹੀਨੇ ਲਗਾਤਾਰ ਲੋਕ ਹਿੱਤ ਜਾਂ ਦੇਸ਼ ਹਿੱਤ ਵਿਚ ਹੈ?

ਕੀ ਇਹ ਲਗਾਤਾਰ ਸਦਾ ਬਹਾਰ ਚੋਣ ਮੌਸਮ ਲੋਕਤੰਤਰ ਦੀਆਂ ਜੜ੍ਹਾਂ 'ਚ ਤੇਲ ਨਹੀਂ ਦਿੰਦਾ ਹੈ? ਮੰਤਰੀ ਦੌਰੇ 'ਤੇ ਰਹਿੰਦੇ ਹਨ, ਨੀਤੀਆਂ ਬਣਦੀਆਂ ਨਹੀਂ ਜਾਂ ਬਣੀਆ ਨੀਤੀਆਂ ਲਾਗੂ ਨਹੀਂ ਹੁੰਦੀਆਂ। ਇਸ ਦੀ ਕੀਮਤ ਆਮ ਲੋਕਾਂ ਨੂੰ ਤਾਰਨੀ ਪੈਂਦੀ ਹੈ। ਦੂਜੀ ਕੀਮਤ ਵਿਰੋਧੀ ਧਿਰਾਂ ਦੇ ਲੋਕਾਂ ਨੂੰ ਤਾਰਨੀ ਪੈਂਦੀ, ਜਿਸ ਦੇ ਨੇਤਾਵਾਂ ਵਿਰੁੱਧ ਹਾਕਮ ਧਿਰ ਲਗਾਤਾਰ ਈ.ਡੀ. ਅਤੇ ਹੋਰ ਏਜੰਸੀਆਂ ਤੋਂ ਮੁਕੱਦਮੇ ਦਰਜ ਕਰਵਾਉਂਦੀ ਹੈ। 2014 ਤੋਂ 2025 ਦੇ ਦਰਮਿਆਨ ਈ.ਡੀ. ਨੇ 121 ਨੇਤਾਵਾਂ ਵਿਰੁੱਧ ਜਾਂਚ ਕੀਤੀ, ਇਨ੍ਹਾਂ ਵਿਚੋਂ ਸਿਰਫ਼ 11 ਹੀ ਸੱਤਾਧਾਰੀ ਧਿਰਾਂ ਦੇ ਸਨ।

ਇੱਥੇ ਇਹ ਗੱਲ ਵੀ ਕਰਨੀ ਬਣਦੀ ਹੈ ਕਿ 2017 ਵਿਚ ਜੋ ਚੋਣ ਬਾਂਡ ਜਾਰੀ ਕੀਤੇ ਗਏ, ਉਸ ਵਿਚ ਭਾਜਪਾ ਨੂੰ ਸਭ ਤੋਂ ਵੱਧ ਫੰਡ ਮਿਲਿਆ। ਫਰਵਰੀ 2024 ਵਿਚ ਸੁਪਰੀਮ ਕੋਰਟ ਨੇ ਇਸ ਨੂੰ ਗ਼ੈਰ-ਸੰਵਿਧਾਨਿਕ ਕਿਹਾ। ਪਰ ਇਹ ਗੱਲ ਸਪੱਸ਼ਟ ਹੋਈ ਕਿ ਕੰਪਨੀਆਂ ਨੇ ਜੋ ਚੰਦੇ ਭਾਜਪਾ ਨੂੰ ਦਿੱਤੇ, ਉਸ ਦਾ ਨੀਤੀਗਤ ਫ਼ਾਇਦਾ ਵੀ ਇਨ੍ਹਾਂ ਕੰਪਨੀਆਂ ਨੇ ਹੀ ਚੁੱਕਿਆ।

ਭਾਰਤ ਦੀ ਭਾਜਪਾ ਹੀ ਨਹੀਂ, ਸੂਬੇ ਵਿਚਲੀਆਂ ਵਿਰੋਧੀ ਧਿਰਾਂ (ਜਿੱਥੇ ਉਹ ਹਾਕਮ ਹਨ) ਵੀ ਇਸੇ ਰਾਹ ਉੱਤੇ ਹਨ, ਭਾਵ ਜਿੱਥੇ ਉਨ੍ਹਾਂ ਦੀਆਂ ਸਰਕਾਰਾਂ ਕਾਬਜ਼ ਹਨ। ਪੰਜਾਬ ਇਸ ਦੀ ਉਦਾਹਰਨ ਹੈ।

ਜੇਕਰ ਤੁਲਨਾਤਮਕ ਦ੍ਰਿਸ਼ਟੀਕੋਣ ਤੋਂ ਵੇਖਿਆ ਜਾਵੇ, ਤਾਂ ਬਰਤਾਨੀਆ 'ਚ ਸਿਰਫ਼ 25 ਦਿਨ, ਜਪਾਨ 'ਚ 12 ਦਿਨ, ਕੈਨੇਡਾ 'ਚ ਵੱਧ ਤੋਂ ਵੱਧ 78 ਦਿਨ ਅਤੇ ਮੈਕਸੀਕੋ ਵਿਚ 147 ਦਿਨਾਂ ਦੀ ਚੋਣ ਪ੍ਰਚਾਰ ਕਾਨੂੰਨੀ ਸੀਮਾ ਹੈ। ਬਾਕੀ ਸਮਾਂ ਸਾਸ਼ਨ ਕਰਨ ਲਈ ਹੈ। ਪਰ ਭਾਰਤ 'ਚ ਤਾਂ ਕੋਈ ਸੀਮਾ ਹੀ ਨਹੀਂ ਹੈ, ਇਸ ਲਈ ਮੌਸਮੀ, ਬੇ-ਮੌਸਮੀ ਚੋਣ ਪ੍ਰਚਾਰ ਨਿਰੰਤਰ ਜਾਰੀ ਰਹਿੰਦਾ ਹੈ।

ਭਾਰਤ ਵਿਚ ਸਿਆਸੀ ਆਦਰਸ਼ ਦਾ ਪਤਨ ਇੱਕ ਸਥਾਪਿਤ ਪ੍ਰਵਿਰਤੀ ਬਣ ਚੁੱਕਾ ਹੈ, ਜਿਸ ਵਿਚ ਚੋਣਾਂ ਤੇ ਕੇਂਦਰੀ ਸਿਆਸਤ ਅਤੇ ਸਾਸ਼ਨ ਦੇ ਵਿਚਲਾ ਸੰਤੁਲਨ ਇੱਕ ਵੱਡਾ ਕਾਰਨ ਹੈ।

ਭਾਵੇਂ ਕਿ ਭਾਰਤ ਹੀ ਇਹੋ ਜਿਹਾ ਇੱਕ ਦੇਸ਼ ਨਹੀਂ ਹੈ, ਜਿੱਥੇ 12 ਮਹੀਨੇ ਚੋਣ ਮੌਸਮ ਰਹਿੰਦਾ ਹੈ, 2024 ਵਿਚ ਅਮਰੀਕਾ ਦੇ ਰਾਸ਼ਟਰਪਤੀ ਡੋਨਰਡ ਟਰੰਪ ਚੋਣਾਂ ਤੋਂ 721 ਦਿਨ ਪਹਿਲਾਂ ਅਤੇ ਜੋਅ ਬਾਇਡਨ ਨੇ 560 ਦਿਨ ਪਹਿਲਾਂ ਚੋਣ ਪ੍ਰਚਾਰ ਆਰੰਭਿਆ। ਅਮਰੀਕਾ ਵਿਚ ਇਸ ਪਰਿਵਰਤੀ ਨੇ ਰਿਪਬਲੀਕਨ ਪ੍ਰਣਾਲੀ ਅਰਥਾਤ ਪ੍ਰਤੀਨਿਧਤਵ ਆਧਾਰਿਤ ਸਾਸ਼ਨ ਨੂੰ ਤੋੜ ਦਿੱਤਾ ਹੈ। ਇਹੀ ਖ਼ਤਰਾ ਹੁਣ ਭਾਰਤ ਵਿਚ ਹੈ। ਜਦੋਂ ਨੀਤੀਗਤ ਫ਼ੈਸਲਾ ਵੋਟ ਦੀ ਕਸੌਟੀ ਨਾਲ ਹੀ ਤੋਲਿਆ ਜਾਏਗਾ, ਜਦ ਹਰ ਮੰਤਰੀ ਦਾ ਦਿਮਾਗ ਅਗਲੀਆਂ ਚੋਣਾਂ ਵੱਲ ਹੀ ਰਹੇਗਾ, ਤਾਂ ਨਾਗਰਿਕ ਅਤੇ ਉਸ ਦੇ ਨਾਲ ਜੁੜੇ ਸਰੋਕਾਰ, ਮੁੱਦੇ ਕੀ ਪਿੱਛੇ ਨਹੀਂ ਛੁੱਟ ਜਾਣਗੇ?

ਲੋਕਤੰਤਰ ਵਿਚ ਚੋਣਾਂ ਇੱਕ ਸਾਧਨ ਹਨ, ਪਰ ਜਦੋਂ ਇਹ ਸਾਧਨ ਹੀ ਸਭ ਕੁਝ ਬਣ ਜਾਵੇ, ਤਾਂ ਸਾਧ (ਲੋਕ ਭਲਾਈ) ਗੁਆਚ ਜਾਂਦਾ ਹੈ।

ਜੇਕਰ ਚੋਣਾਂ ਦਾ ਮਕਸਦ ਸਿਰਫ਼ ਸੱਤਾ ਹਾਸਲ ਕਰਨਾ ਅਤੇ ਵਿਰੋਧੀਆਂ ਨੂੰ ਪਛਾੜਨਾ ਰਹਿ ਜਾਵੇ, ਤਾਂ ਇਹ ਲੋਕਤੰਤਰ ਨਹੀਂ, ਸਗੋਂ ਕੇਵਲ ਇੱਕ ਚੋਣਤੰਤਰ ਬਣ ਕੇ ਰਹਿ ਜਾਂਦਾ ਹੈ।

# ਪੰਜਾਬ ਵਿਧਾਨ ਸਭਾ 'ਚ ਆਪ ਸਰਕਾਰ ਵਲੋਂ ਪਾਸ ਕੀਤਾ 'ਭਰੋਸਗੀ ਮਤਾ' ਪੰਜਾਬ ਦੀ ਰਾਜਨੀਤੀ 'ਚ ਕੀ ਅਸਰ ਦਿਖਾਵੇਗਾ!

ਜੰਗ ਸਿੰਘ ਮਰਸੱਡ
ਮਰਸੱਡ, ਕੈਲੀਫੋਰਨੀਆ (ਅਮਰੀਕਾ)
ਮੋਬਾਇਲ ਨੰ: +1-415-603-7380
ਪੰਜਾਬ ਮੇਲUSA





**ਆਮ ਆਦਮੀ ਪਾਰਟੀ ਦੇ ਸੁਪਰੀਮੋ ਸ਼੍ਰੀ ਕੇਜਰੀਵਾਲ ਨੇ ਆਦਮੀ ਪਾਰਟੀ ਰਾਹੀਂ ਮੁਸਲਿਮ ਵਿਰੋਧੀ ਧਾਰਾ 370 ਤੇ 35ਏ ਆਦਿ ਕਈ ਮਸਲਿਆਂ ਵਿਚ ਭਾਜਪਾ ਸਰਕਾਰ ਦੀ ਡੱਟ ਕੇ ਹਮਾਇਤ ਕੀਤੀ ਸੀ। ਹੁਣ ਵੀ ਬੱਸ ਉਹੋ ਕੁਝ ਕੀਤਾ ਜਾ ਰਿਹਾ ਹੈ। ਸੋਸ਼ਲ ਮੀਡੀਆ ਵਿਚ ਤਾਂ ਇਹ ਵੀ ਚਰਚਾ ਛਿੜ ਪਈ ਹੈ ਕਿ ਪੰਜਾਬ ਦੀ ਰਾਜਨੀਤੀ ਵਿਚ ਬੜਾ ਵੱਡਾ ਧਮਾਕਾ ਹੋਣ ਦੇ ਅਸਾਰ ਵੱਧ ਗਏ ਹਨ, ਜਿਸ ਤਹਿਤ ਆਮ ਆਦਮੀ ਪਾਰਟੀ ਦੇ ਸਿਰਕੱਢ ਆਗੂ ਸ਼੍ਰੀ ਅਮਨ ਅਰੋੜ੍ਹਾ ਨੂੰ ਪੰਜਾਬ ਦਾ 'ਮੁੱਖ ਮੰਤਰੀ' ਬਣਾ ਕੇ ਪੰਜਾਬ ਦੀ ਰਾਜਨੀਤੀ ਵਿਚ ਵੱਡਾ ਮੋੜ ਲਿਆਂਦਾ ਜਾ ਰਿਹਾ ਹੈ। ਪਾਰਟੀ ਸੁਪਰੀਮੋ ਸ਼੍ਰੀ ਕੇਜਰੀਵਾਲ ਨੇ ਸੋਸ਼ਲ ਮੀਡੀਆ 'ਤੇ ਇਕ ਪੋਸਟ ਪਾ ਕੇ ਪੰਜਾਬ ਦੇ ਲੋਕਾਂ ਵਿਚ ਹੈਰਾਨੀ ਹੀ ਪੈਦਾ ਨਹੀਂ ਕੀਤੀ, ਬਲਕਿ ਆਪਣੀ ਅਨੋਖੀ ਤੇ ਹੈਰਾਨਕੁੰਨ ਸੋਚ ਦਾ ਪ੍ਰਗਟਾਵਾ ਵੀ ਕਰ ਵਿਖਾਇਆ ਹੈ।**

ਪੰਜਾਬ ਵਿਚ ਆਮ ਆਦਮੀ ਪਾਰਟੀ ਦੇ ਸੱਤ ਰਾਜ ਸਭਾ ਮੈਂਬਰਾਂ ਨੂੰ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਕੀਤੇ ਤੋਂ ਤੁਰੰਤ ਬਾਅਦ ਸੋਸ਼ਲ ਮੀਡੀਆ ਵਿਚ ਤੇ ਸਿਰਕੱਢ ਪੱਤਰਕਾਰਾਂ ਵਿਚ ਇਕ ਨਵੀਂ ਚਰਚਾ ਛੇੜ ਦਿੱਤੀ ਸੀ ਕਿ ਹੁਣ ਭਾਜਪਾ ਦੀ ਸ਼੍ਰੀ ਨਰਿੰਦਰ ਮੋਦੀ ਤੇ ਸ਼੍ਰੀ ਅਮਿਤ ਸ਼ਾਹ ਦੀ ਕੇਂਦਰੀ ਸਰਕਾਰ ਬੜੀ ਜਲਦੀ ਪੰਜਾਬ ਦੇ ਵਿਧਾਨ ਸਭਾ ਮੈਂਬਰਾਂ ਨੂੰ ਹਰ ਹਰਬਾ-ਖਰਬਾ ਵਰਤ ਕੇ ਉਨ੍ਹਾਂ ਨੂੰ ਭਾਜਪਾ ਵਿਚ ਸ਼ਾਮਲ ਕਰਾ ਕੇ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਦੇ ਵਿਰੁੱਧ ਭਾਜਪਾ ਪੰਜਾਬ ਵਿਚ ਆਪਣੀ ਸਰਕਾਰ ਬਣਾਏਗੀ। ਇਸ ਪ੍ਰਕਾਰ ਦਾ ਸ਼ੰਕਾ ਉਦੋਂ ਹੋਰ ਵੀ ਪੱਕਾ ਲੱਗਣ ਲੱਗ ਪਿਆ ਸੀ। ਜਦੋਂ ਸੋਸ਼ਲ ਮੀਡੀਆ 'ਤੇ ਇਹੋ ਜਿਹੀਆਂ ਖਬਰਾਂ ਆਉਣ ਲੱਗ ਪਈਆਂ ਸਨ ਕਿ ਭਾਜਪਾ ਨੇ 60-80 ਆਮ ਆਦਮੀ ਪਾਰਟੀ ਦੇ ਵਿਧਾਨ ਸਭਾ ਮੈਂਬਰਾਂ ਨੂੰ ਭਾਜਪਾ ਵਿਚ ਸ਼ਾਮਲ ਕਰਾ ਰਹੀ ਹੈ। ਜਦੋਂ ਇਹ ਖਬਰ ਜਿੰਨੀ ਤੇਜ਼ੀ ਨਾਲ ਜਨਤਕ ਹੋਈ ਸੀ, ਤਾਂ ਉਸ ਸਮੇਂ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਨੇ ਬੜੀ ਜਲਦੀ ਹੀ ਭਰੋਸਗੀ ਦਾ ਮਤਾ ਹਾਸਲ ਕਰਨ ਲਈ ਵਿਸ਼ੇਸ਼ ਇਜਲਾਸ ਸੱਦ ਕੇ 88 ਮੈਂਬਰਾਂ ਵਲੋਂ ਮੱਤੇ ਦੇ ਹੱਕ ਵਿਚ ਵੋਟਾਂ ਲੈ ਕੇ ਭਰੋਸਗੀ ਪ੍ਰਾਪਤ ਕਰ ਲਈ। ਹੁਣ ਜੇਕਰ ਭਾਜਪਾ ਦੀ ਕੇਂਦਰ ਦੀ ਸਰਕਾਰ ਨੇ ਕੋਈ ਗਲਤ-ਮਲਤ ਤੇ ਹੋਛਾ ਹੱਥਕੰਡਾ ਨਾ ਵਰਤਿਆ, ਤਾਂ ਇਸ ਸਰਕਾਰ ਨੂੰ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਭਰੋਸਗੀ ਦੇ ਮੱਤੇ ਨੂੰ ਦੁਬਾਰਾ ਹਾਸਲ ਕਰਨ ਦੀ ਜ਼ਰੂਰਤ ਨਹੀਂ ਰਹਿੰਦੀ। ਇਹ ਤਾਂ ਹੁਣ ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਪੰਜਾਬ ਦੀ ਸਰਕਾਰ ਨੂੰ ਢਾਹੁਣ ਲਈ ਕੋਈ ਹੋਰ ਕੋਝੀ ਕਾਰਵਾਈ ਕਰੇਗੀ ਜਾਂ ਕਿ ਚੋਣਾਂ ਤੋਂ ਪਹਿਲਾਂ ਪੰਜਾਬ ਵਿਚ ਆਪਣੀ ਸਰਕਾਰ ਨਾ ਬਣਾ ਸਕਣ ਦਾ ਸਬਰ ਦਾ ਘੁੱਟ ਭਰਨਾ ਪਵੇਗਾ। ਇਥੇ ਇਕ ਗੱਲ ਬੜੀ ਨੋਟ ਕਰਨ ਵਾਲੀ ਹੈ ਕਿ ਜਦੋਂ ਕਿਸੇ ਵਿਧਾਨ ਸਭਾ ਜਾਂ ਲੋਕ ਸਭਾ ਮੈਂਬਰ ਨੂੰ ਭਾਜਪਾ ਵਿਚ ਸ਼ਾਮਲ ਕਰਾਉਣਾ ਹੋਏ, ਤਾਂ ਇਸੇ ਹੀ ਭਾਰਤੀ ਜਨਤਾ ਪਾਰਟੀ ਦੇ ਆਗੂ ਜਿਸ ਵਿਚ ਮੁੱਖ ਤੌਰ 'ਤੇ ਨਾਂ ਭਾਰਤ ਦੇ ਗ੍ਰਹਿ ਮੰਤਰੀ ਸ਼੍ਰੀ ਅਮਿਤ ਸ਼ਾਹ ਦਾ ਹੀ ਆਉਂਦਾ ਹੈ। ਉਨ੍ਹਾਂ ਮੈਂਬਰਾਂ ਜਿਨ੍ਹਾਂ ਨੂੰ ਪਾਰਟੀ ਵਿਚ ਸ਼ਾਮਲ ਕਰਾਉਣਾ ਹੈ, ਉਨ੍ਹਾਂ 'ਤੇ ਈ. ਡੀ., ਇਨਕਮ ਟੈਕਸ, ਸੀ.ਬੀ.ਆਈ. ਆਦਿ ਦੇ ਛਾਪੇ ਪੁਆਉਣੇ ਸ਼ੁਰੂ ਕਰ ਦਿੱਤੇ ਜਾਂਦੇ ਹਨ, ਤਾਂ ਕਿ ਉਨ੍ਹਾਂ ਮੈਂਬਰਾਂ ਨੂੰ ਇੰਨਾ ਡਰਾ ਤੇ ਧਮਕਾ ਦਿੱਤਾ ਜਾਵੇ ਕਿ ਉਨ੍ਹਾਂ ਨੂੰ ਮਜਬੂਰ ਹੋ ਕੇ ਭਾਜਪਾ ਵਿਚ ਸ਼ਾਮਲ ਹੋਣਾ ਪੈ ਜਾਵੇ। ਫਿਰ ਇੰਝ ਲੱਗਦਾ ਹੈ ਕਿ ਜਿਵੇਂ ਉਹ ਭਾਜਪਾ ਦੀ 'ਵਾਸ਼ਿੰਗ ਮਸ਼ੀਨ' ਵਿਚ ਨਹਾ ਕੇ ਪਾਕ ਤੇ ਪਵਿੱਤਰ ਹੋ ਗਏ ਹੋਣ। ਕਹਿਣ ਦਾ ਭਾਵ ਫਿਰ ਉਨ੍ਹਾਂ 'ਤੇ ਕੋਈ ਦੋਸ਼ ਨਹੀਂ ਰਹਿੰਦਾ। ਇਸ ਹਮਾਮ ਵਿਚ ਹੁਣ ਇਕੱਲੀ ਭਾਜਪਾ ਹੀ ਨਹੀਂ ਰਹਿ ਗਈ, ਬਲਕਿ ਆਮ ਆਦਮੀ ਪਾਰਟੀ ਨੇ ਵੀ ਉਹੋ ਕੁਝ ਕਰਨਾ ਸ਼ੁਰੂ ਕਰ ਦਿੱਤਾ ਹੈ, ਜਿਵੇਂ ਭਾਜਪਾ ਪਿਛਲੇ ਕਾਫੀ ਸਮੇਂ ਤੋਂ ਕਰਦੀ ਆ ਰਹੀ ਹੈ। ਸੰਸਾਰ ਭਰ ਤੇ ਵਿਸ਼ੇਸ਼ ਕਰਕੇ ਪੰਜਾਬ ਦੇ ਲੋਕ ਵੇਖ ਰਹੇ ਹਨ ਕਿ ਪੰਜਾਬ ਦੇ ਆਮ ਆਦਮੀ ਪਾਰਟੀ ਦੇ ਜਿਹੜੇ ਰਾਜ ਸਭਾ ਮੈਂਬਰ ਭਾਜਪਾ ਵਿਚ ਗਏ ਹਨ, ਚਾਹੇ ਉਹ ਸ਼੍ਰੀ ਸੰਦੀਪ ਪਾਠਕ ਹਨ ਜਾਂ ਸ਼੍ਰੀ ਅਸ਼ੋਕ ਮਿੱਤਲ ਜਾਂ ਰਜਿੰਦਰ ਗੁਪਤਾ ਜਾਂ ਫਿਰ ਕੋਈ ਹੋਰ ਹੋਣ। ਆਮ ਆਦਮੀ ਪਾਰਟੀ ਦੇ ਮੁੱਖ ਮੰਤਰੀ ਸ਼੍ਰੀ ਭਗਵੰਤ ਸਿੰਘ ਮਾਨ ਹਨ, ਨੇ ਪਾਰਟੀ ਸੁਪਰੀਮੋ ਸ਼੍ਰੀ ਕੇਜਰੀਵਾਲ ਦੇ ਇਸ਼ਾਰੇ 'ਤੇ ਆਮ ਆਦਮੀ ਪਾਰਟੀ ਛੱਡ ਕੇ ਭਾਜਪਾ ਵਿਚ ਸ਼ਾਮਲ ਹੋਏ ਸ਼੍ਰੀ ਸੰਦੀਪ ਪਾਠਕ 'ਤੇ 2 ਐੱਫ.ਆਈ.ਆਰ. ਦਰਜ ਕੀਤੀਆਂ ਹਨ ਤੇ ਇਹ ਦੋਵੇਂ ਗੈਰ ਜ਼ਮਾਨਤੀ ਵੀ ਹਨ। ਪੰਜਾਬ ਦੀ ਪੁਲਿਸ ਕਿਸੇ ਵੇਲੇ ਵੀ ਇਸ ਨੂੰ ਗ੍ਰਿਫਤਾਰ ਕਰ ਸਕਦੀ ਹੈ। ਇਹ ਵੀ ਖਬਰ ਆਈ ਹੈ ਕਿ ਦਿੱਲੀ ਵਿਖੇ ਸ਼੍ਰੀ ਸੰਦੀਪ ਪਾਠਕ ਨੂੰ ਪੁਲਿਸ ਨੇ ਪਕੜਣ ਦੀ ਕੋਸ਼ਿਸ਼ ਕੀਤੀ ਸੀ ਪਰ ਉਹ ਇਕ ਖਿੜਕੀ ਵਿਚੋਂ ਨਿਕਲ ਕੇ ਗ੍ਰਿਫਤਾਰ ਹੋਣ ਤੋਂ ਬੱਚ ਗਿਆ ਹੈ। ਇਸੇ ਤਰ੍ਹਾਂ ਲਵਲੀ ਯੂਨੀਵਰਸਿਟੀ ਦੇ ਸ਼੍ਰੀ ਅਸ਼ੋਕ ਮਿੱਤਲ ਤੇ ਸ਼੍ਰੀ ਰਾਘਵ ਚੱਢਾ ਨੂੰ ਵੀ ਜੇਲ੍ਹ ਵਿਚ ਸੁੱਟਣ ਦੀ ਤਿਆਰੀ ਕੀਤੀ ਜਾ ਰਹੀ ਹੈ। ਇਸੇ ਤਰ੍ਹਾਂ ਹੀ ਸ਼੍ਰੀ ਰਜਿੰਦਰ ਗੁਪਤਾ 'ਤੇ ਵੀ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵਲੋਂ ਮੁਕੱਦਮੇ ਦਰਜ ਕੀਤੇ ਗਏ ਹਨ ਤੇ ਦੱਸਿਆ ਜਾ ਰਿਹਾ ਹੈ ਕਿ ਉਸ ਨੇ ਵੀ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਕਈ ਨਿਯਮਾਂ ਦੀ ਉਲੰਘਣਾ ਕੀਤੀ ਹੈ। ਪੰਜਾਬ ਦੇ ਲੋਕਾਂ ਵਿਚ ਚਰਚਾ ਹੈ ਕਿ ਜੇਕਰ ਉਕਤ ਰਾਜ ਸਭਾ ਮੈਂਬਰ ਭ੍ਰਿਸ਼ਟਾਚਾਰ ਵਰਗੇ ਗਲਤ ਕੰਮ ਕਰ ਰਹੇ ਸਨ, ਤਾਂ ਫਿਰ ਉਨ੍ਹਾਂ 'ਤੇ ਪਹਿਲਾਂ ਕਿਉਂ ਨਹੀਂ ਮੁਕੱਦਮੇ ਦਰਜ ਕੀਤੇ, ਹੁਣ ਹੀ ਕਿਉਂ? ਜਦੋਂ ਉਨ੍ਹਾਂ ਨੇ ਭਾਜਪਾ ਵਿਚ ਸ਼ਮੂਲੀਅਤ ਕੀਤੀ ਹੈ। ਇਸ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਭਾਜਪਾ ਤੇ ਆਮ ਆਦਮੀ ਪਾਰਟੀ ਦੇ ਸੁਪਰੀਮੋ ਸ਼੍ਰੀ ਕੇਜਰੀਵਾਲ ਨੇ ਵੀ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਵੀ ਭਾਜਪਾ ਵਾਂਗ ਇਕੋ ਜਿਹੀਆਂ ਹੀ ਰੱਖੀਆਂ ਹੋਈਆਂ ਹਨ। ਦੇਸ਼ ਦੇ ਚਿੰਤਕ ਤਾਂ ਪਹਿਲਾਂ ਵੀ ਕਈ ਵਾਰੀ ਉਦਾਹਰਣਾਂ ਦੇ ਕੇ ਦੱਸ ਚੁੱਕੇ ਹਨ ਕਿ ਭਾਜਪਾ ਤੇ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਆਪਸ ਵਿਚ ਕਾਫੀ ਹੱਦ ਤੱਕ ਮੇਲ ਖਾਂਦੀਆਂ ਹਨ। ਆਮ ਆਦਮੀ ਪਾਰਟੀ ਦੇ ਸੁਪਰੀਮੋ ਸ਼੍ਰੀ ਕੇਜਰੀਵਾਲ ਨੇ ਆਦਮੀ ਪਾਰਟੀ ਰਾਹੀਂ ਮੁਸਲਿਮ ਵਿਰੋਧੀ ਧਾਰਾ 370 ਤੇ 35ਏ ਆਦਿ ਕਈ ਮਸਲਿਆਂ ਵਿਚ ਭਾਜਪਾ ਸਰਕਾਰ ਦੀ ਡੱਟ ਕੇ ਹਮਾਇਤ ਕੀਤੀ ਸੀ। ਹੁਣ ਵੀ ਬੱਸ ਉਹੋ ਕੁਝ ਕੀਤਾ ਜਾ ਰਿਹਾ ਹੈ। ਸੋਸ਼ਲ ਮੀਡੀਆ ਵਿਚ ਤਾਂ ਇਹ ਵੀ ਚਰਚਾ ਛਿੜ ਪਈ ਹੈ ਕਿ ਪੰਜਾਬ ਦੀ ਰਾਜਨੀਤੀ ਵਿਚ ਬੜਾ ਵੱਡਾ ਧਮਾਕਾ ਹੋਣ ਦੇ ਅਸਾਰ ਵੱਧ ਗਏ ਹਨ, ਜਿਸ ਤਹਿਤ ਆਮ ਆਦਮੀ ਪਾਰਟੀ ਦੇ ਸਿਰਕੱਢ ਆਗੂ ਸ਼੍ਰੀ ਅਮਨ ਅਰੋੜ੍ਹਾ ਨੂੰ ਪੰਜਾਬ ਦਾ 'ਮੁੱਖ ਮੰਤਰੀ' ਬਣਾ ਕੇ ਪੰਜਾਬ ਦੀ ਰਾਜਨੀਤੀ ਵਿਚ ਵੱਡਾ ਮੋੜ ਲਿਆਂਦਾ ਜਾ ਰਿਹਾ ਹੈ। ਪਾਰਟੀ ਸੁਪਰੀਮੋ ਸ਼੍ਰੀ ਕੇਜਰੀਵਾਲ ਨੇ ਸੋਸ਼ਲ ਮੀਡੀਆ 'ਤੇ ਇਕ ਪੋਸਟ ਪਾ ਕੇ ਪੰਜਾਬ ਦੇ ਲੋਕਾਂ ਵਿਚ ਹੈਰਾਨੀ ਹੀ ਪੈਦਾ ਨਹੀਂ ਕੀਤੀ, ਬਲਕਿ ਆਪਣੀ ਅਨੋਖੀ ਤੇ ਹੈਰਾਨਕੁੰਨ ਸੋਚ ਦਾ ਪ੍ਰਗਟਾਵਾ ਵੀ ਕਰ ਵਿਖਾਇਆ ਹੈ। ਉਹ ਕਹਿ ਰਹੇ ਹਨ ਕਿ ਪੰਜਾਬ ਵਿਚ "ਈਮਾਨਦਾਰੀ ਦੇ ਰਾਜ ਨਾਲ ਖਜ਼ਾਨੇ ਵਿਚ ਰਿਕਾਰਡ ਵਾਧਾ ਹੋਇਆ ਹੈ ਅਤੇ ਹੁਣ ਉਸ ਪੈਸੇ ਦੀ ਵਰਤੋਂ ਪੰਜਾਬ ਦੀ ਜਨਤਾ ਦੀ ਸੇਵਾ ਲਈ ਕੀਤੀ ਜਾ ਰਹੀ ਹੈ, ਇਹ ਆਪ ਮਾਡਲ ਹੈ।" ਭਲਾ ਹੁਣ ਸ਼੍ਰੀ ਕੇਜਰੀਵਾਲ ਸਾਹਿਬ ਕੋਲੋਂ ਕੋਈ ਪੁੱਛੇ ਕਿ ਸ਼੍ਰੀ ਕੇਜਰੀਵਾਲ ਜੀ ਤੁਹਾਡੇ ਇਸ ਬਿਆਨ ਦੇ ਥੱਲੇ ਜਿਹੜੇ ਲੋਕਾਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ, ਉਨ੍ਹਾਂ ਨੂੰ ਵੀ ਪੜ੍ਹ ਕੇ ਦੇਖ ਲਓ। ਜਿਹੜੇ ਤੁਹਾਡੇ ਵਲੋਂ ਪਾਏ ਵਿਚਾਰਾਂ ਦੀ ਪੂਰੀ ਤਰ੍ਹਾਂ ਹਵਾ ਕੱਢਦੇ ਹਨ। ਲੋਕਾਂ ਦਾ ਕਹਿਣਾ ਹੈ ਕਿ ਜੇਕਰ ਤੁਹਾਡੀ ਸਰਕਾਰ ਕੋਲ ਇੰਨਾ ਹੀ ਪੈਸਾ ਹੈ, ਤਾਂ ਫਿਰ ਪੰਜਾਬ ਨੂੰ ਹੋਰ ਕਰਜ਼ਾਈ ਕਿਉਂ ਕੀਤਾ ਗਿਆ? ਉਹ ਤਾਂ ਇਹ ਵੀ ਕਹਿ ਰਹੇ ਹਨ ਕਿ ਪੰਜਾਬ ਦੇ ਵੱਖ-ਵੱਖ ਅਦਾਰਿਆਂ ਦੇ ਮੁਲਾਜ਼ਮ ਆਪਣੀਆਂ ਹੱਕੀ ਮੰਗਾਂ ਜਿਹੜੀਆਂ ਤੁਸੀਂ ਸਰਕਾਰ ਬਣਨ ਤੋਂ ਪਹਿਲਾਂ ਪੰਜਾਬ ਦੇ ਮੁਲਾਜ਼ਮਾਂ ਨਾਲ ਵਾਅਦਾ ਕਰਕੇ ਆਏ ਸੀ, ਉਹ ਹੁਣ ਤੱਕ ਪੂਰੇ ਕਿਉਂ ਨਹੀਂ ਕੀਤੇ? ਤੁਹਾਡੀ ਸਰਕਾਰ ਦੀ ਪੁਲਿਸ ਨਿੱਤ ਦਿਨ ਮੁਲਾਜ਼ਮਾਂ 'ਤੇ ਸਿਖਰਾਂ ਦੇ ਜ਼ੁਲਮ ਢਾਹ ਰਹੀ ਹੈ। ਹੋਰ ਤੇ ਹੋਰ, ਦੇਸ਼ ਦੀ ਸੁਪਰੀਮ ਕੋਰਟ ਨੇ ਇਕ ਫੈਸਲਾ ਕੀਤਾ ਸੀ, ਜਿਸ ਤਹਿਤ ਇਹ ਕਿਹਾ ਗਿਆ ਸੀ ਕਿ ਕੋਈ ਵੀ ਸਰਕਾਰ ਆਪਣੇ ਕਰਮਚਾਰੀਆਂ ਨੂੰ ਮਹਿੰਗਾਈ ਭੱਤਾ ਦੇਣ ਵਿਚ ਵਿਤਕਰਾ ਨਹੀਂ ਕਰ ਸਕਦੀ। ਪੰਜਾਬ ਵਿਚ ਤੁਹਾਡੀ ਸਰਕਾਰ ਆਈ.ਏ.ਐੱਸ.,ਪੀ.ਸੀ.ਐੱਸ. ਆਦਿ ਕੁਝ ਹੋਰ ਉੱਚ ਵਰਗਾਂ ਦੇ ਅਧਿਕਾਰੀਆਂ ਨੂੰ 15% ਵੱਧ ਮਹਿਗਾਈ ਭੱਤਾ ਦੇਂਦੀ ਆ ਰਹੀ ਹੈ ਅਤੇ ਤੁਹਾਡੀ ਸਰਕਾਰ ਮੁਲਾਜ਼ਮਾਂ ਨੂੰ ਉਹ ਰਹਿੰਦਾ 15% ਮਹਿਗਾਈ ਭੱਤਾ ਦੇਣ ਦੀ ਥਾਂ 'ਤੇ ਰੀਵਾਈਜ਼ਡ ਰਿੱਟ ਪਟੀਸ਼ਨ ਪਾ ਚੁੱਕੀ ਹੈ, ਤਾਂ ਕਿ ਉਸ ਮਹਿੰਗਾਈ ਭੱਤੇ ਨੂੰ ਦੇਣ ਵਿਚ ਟਾਲਾ ਵਟਿਆ ਜਾ ਸਕੇ। ਪਾਰਟੀ ਸੁਪਰੀਮੋ ਸ਼੍ਰੀ ਕੇਜਰੀਵਾਲ ਜੀ ਤੁਸੀਂ ਤੇ ਆਮ ਆਦਮੀ ਪਾਰਟੀ ਦੇ ਦਿੱਲੀ ਦੇ ਦੂਜੇ ਆਗੂ ਪੰਜਾਬੀਆਂ ਨੂੰ ਹੋਰ ਗੁੰਮਰਾਹ ਨਹੀਂ ਕਰ ਸਕਦੇ। ਤੁਸੀ ਵੀ ਹੋਰ ਪਾਰਟੀਆਂ ਚਾਹੇ ਉਹ ਰਾਜ ਕਰ ਚੁੱਕੀ ਕਾਂਗਰਸ ਪਾਰਟੀ ਹੈ ਜਾਂ ਫਿਰ ਅਕਾਲੀ ਤੇ ਭਾਜਪਾ ਪਾਰਟੀ ਵਾਲੇ ਸਨ। ਪੰਜਾਬ ਦੇ ਲੋਕਾਂ ਨੇ ਉਨ੍ਹਾਂ ਸਭ ਨੂੰ ਵੀ ਦੇਖ ਕੇ ਤੁਹਾਨੂੰ ਪੰਜਾਬ ਦੀ ਵਾਗਡੋਰ ਦਿੱਤੀ ਸੀ ਪਰ ਤੁਸੀਂ ਵੀ ਦੂਸਰੀਆਂ ਰਵਾਇਤੀ ਪਾਰਟੀਆਂ ਤੋਂ ਇਕ ਸਿਰਾ ਵੱਧ ਨਿਕਲੇ ਹੋ। ਇਹ ਹੈ ਪੰਜਾਬ ਦੇ ਲੋਕਾਂ ਦੀ ਤੁਹਾਡੇ ਪ੍ਰਤੀ ਸੋਚ। ਗਲਤ-ਮਲਤ ਡੀਂਗਾਂ ਮਾਰ ਕੇ ਆਪਣੇ ਰਹਿੰਦੇ-ਖੂੰਹਦੇ ਪ੍ਰਭਾਵ ਨੂੰ ਹੋਰ ਬਰਬਾਦ ਨਾ ਕਰੋ। ਤੁਸੀਂ ਵੀ ਦਿੱਲੀ ਵਾਲਿਆਂ ਨੇ ਪੰਜਾਬ ਨੂੰ ਘੱਟ ਨਹੀਂ ਲੁੱਟਿਆ। ਕਿਸੇ ਵੇਲੇ ਪੰਜਾਬ ਪੂਰੇ ਭਾਰਤ ਦਾ ਪਹਿਲੇ ਨੰਬਰ ਦਾ ਰਾਜ ਹੁੰਦਾ ਸੀ ਪਰ ਕੇਂਦਰ ਦੀ ਸਰਕਾਰ ਦੀ ਪੰਜਾਬ ਵਿਰੋਧੀ ਨੀਤੀ ਤੇ ਪੰਜਾਬ ਵਿਚ ਰਾਜ ਕਰ ਚੁੱਕੀਆਂ ਤੇ ਕਰ ਰਹੀ ਪਾਰਟੀ ਦੇ ਆਗੂਆਂ ਦੀ ਨੀਤੀ ਨੇ ਅੱਜ ਪੰਜਾਬ ਨੰ 17-18ਵੇਂ ਸਥਾਨ 'ਤੇ ਪਹੁੰਚਾ ਦਿੱਤਾ ਹੈ। ਇਸ ਦੇ ਕਾਫੀ ਹੱਦ ਤੱਕ ਦੋਸ਼ੀ ਕੋਈ ਹੋਰ ਨਹੀਂ, ਬਲਕਿ ਕੇਂਦਰ ਦੇ ਨਾਲ-ਨਾਲ ਪੰਜਾਬ ਦੇ ਆਗੂ ਵੀ ਰਹੇ ਹਨ। ਇਨ੍ਹਾਂ ਨੇ ਵੀ ਪੰਜਾਬ ਦੀ ਹਾਲਤ ਸੁਧਾਰਣ ਦੀ ਥਾਂ 'ਤੇ ਇਸ ਨੂੰ ਲੁੱਟਿਆ ਹੀ ਹੈ। ਪੰਜਾਬ ਦੀ ਹਾਲਤ ਓਨਾਂ ਚਿਰ ਸੁਧਰ ਨਹੀਂ ਸਕਦੀ, ਜਿੰਨਾਂ ਚਿਰ ਸਮਰਪਿਤ ਕਿਸਮ ਦੇ ਆਗੂ ਪੰਜਾਬ ਨੂੰ ਨਹੀਂ ਮਿਲਦੇ। ਪੰਜਾਬ ਦੇ ਆਗੂਆਂ ਨੂੰ ਬੰਗਾਲ, ਕੇਰਲ, ਤਾਮਿਲਨਾਡੂ ਆਦਿ ਕੁਝ ਪ੍ਰਾਂਤਾਂ ਤੋਂ ਸਬਕ ਸਿੱਖਣ ਦੀ ਜ਼ਰੂਰਤ ਹੈ, ਜਿਨ੍ਹਾਂ ਨੇ ਆਪਣੇ ਪ੍ਰਾਂਤ ਦੇ ਨਾਲ-ਨਾਲ ਉਥੋਂ ਦੇ ਲੋਕਾਂ ਨੂੰ ਤਰਜੀਹ ਦਿੱਤੀ ਹੈ। ਜਿੰਨਾ ਚਿਰ ਪੰਜਾਬ ਦੇ ਆਗੂ ਆਪਣੀ ਕਿਹੜੀ ਰਾਜਸੀ ਪਾਰਟੀ ਹੈ? ਇਸ ਸੋਚ ਨੂੰ ਤਿਲਾਂਜਲੀ ਦੇ ਕੇ ਇਹ ਨਹੀਂ ਸੋਚਦੇ ਕਿ ਅਸੀ 'ਪੰਜਾਬੀ' ਪਹਿਲੇ ਹਾਂ ਤੇ ਪੰਜਾਬ ਦੇ ਮਸਲੇ ਹੱਲ ਕਰਾਉਣੇ ਸਾਡੇ ਲਈ ਪਹਿਲੇ ਨੰਬਰ 'ਤੇ ਹਨ, ਬਾਅਦ ਵਿਚ ਅਸੀਂ ਪਾਰਟੀ ਦੇ ਹਾਂ! ਅੱਜ ਸਾਡੇ ਕੋਲ ਨਾ ਤਾਂ ਆਪਣੀ ਰਾਜਧਾਨੀ ਹੈ, ਨਾ ਹੀ ਪਾਣੀ ਤੇ ਡੈਮ ਤੇ ਨਾ ਹੀ ਪੰਜਾਬੀ ਬੋਲਦੇ ਖੋਹੇ ਇਲਾਕੇ! ਸਾਡੇ ਲੋਕਾਂ ਦੀ ਹੀਣੀ ਸੋਚ ਨੇ ਅੱਜ ਪੰਜਾਬ ਦੀ ਬੜੀ ਤਰਸਯੋਗ ਹਾਲਤ ਬਣਾ ਦਿੱਤੀ ਹੈ। ਅਸੀਂ ਗੱਦੀਆਂ ਦੇ ਨਾਲ ਚਿੰਬੜੇ ਰਹਿਣ ਦੇ ਨਾਲ ਧੰਨ ਕਮਾਉਣ ਵਾਲੀ ਸੋਚ ਦੇ ਧਾਰਨੀ ਬਣ ਚੁੱਕੇ ਹਾਂ। ਜਿੰਨਾ ਚਿਰ ਅਸੀਂ ਰਾਜਨੀਤੀ ਨੂੰ ਕਮਾਊ ਧੰਦਾ ਬਣਾਈ ਰੱਖਾਂਗੇ। ਅਸੀਂ ਪੰਜਾਬ ਦਾ ਕੁਝ ਨਹੀਂ ਸਵਾਰ ਸਕਦੇ। ਸਗੋਂ ਦਿਨ-ਬ-ਦਿਨ ਪੰਜਾਬ ਨੂੰ ਬਰਬਾਦ ਤੇ ਹੋਰ ਬਰਬਾਦ ਕੀਤੇ ਜਾਣ ਦੇ ਜ਼ਿੰਮੇਵਾਰ ਬਣਦੇ ਜਾਵਾਂਗੇ। ਅੱਜ ਪੰਜਾਬ ਵਿਚਲੀਆਂ ਸਾਰੀਆਂ ਪਾਰਟੀਆਂ ਦੇ ਆਗੂਆਂ ਨੂੰ ਆਪਣੀ ਸੋਚ ਨੂੰ ਬਦਲਣ ਦੀ ਜ਼ਰੂਰਤ ਹੈ। ਜਿਸ ਦਿਨ ਅਸੀਂ ਆਪਣੀ ਸੋਚ ਨੂੰ ਪੰਜਾਬੀਆਂ ਦੇ ਹਿੱਤਾਂ ਵਾਲੀ ਸੋਚ ਬਣਾ ਲਿਆ, ਤਾਂ ਸਮਝੋ ਫਿਰ ਉਹ ਦਿਨ ਦੂਰ ਨਹੀਂ, ਜਦੋਂ ਅਸੀ ਰੱਲ ਕੇ ਪੰਜਾਬ ਦੇ ਪਿਛਲੇ ਕਾਫੀ ਸਮੇਂ ਤੋਂ ਲਟਕ ਰਹੇ ਮਸਲਿਆਂ ਦਾ ਹੱਲ ਨਾ ਕਰਾ ਸਕੀਏ। ਆਸ ਹੈ ਪੰਜਾਬ ਦੀਆਂ ਸਾਰੀਆਂ ਪਾਰਟੀਆਂ ਦੇ ਲੋਕ ਪੰਜਾਬ ਹਿਤੈਸ਼ੀ ਸੋਚ ਬਣਾਉਣਗੇ। ਫਿਰ ਵੇਖਿਓ! ਇਹੀ ਪੰਜਾਬ ਪਹਿਲਾਂ ਵਾਂਗ ਹੱਸਦਾ, ਖੇਡਦਾ ਤੇ ਗੁਣਗਣਾਉਂਦਾ ਉਹ ਹੀ ਪੰਜਾਬ ਇਕ ਨੰਬਰ ਦਾ ਸੂਬਾ ਨਾ ਬਣ ਜਾਵੇ।

# ਦਿੱਲੀ ਤੋਂ ਨਿਊਆਰਕ ਦੀ ਫਲਾਈਟ ਵਿਚ ਵਿਛੜੀ ਧੀ ਮਿਲੀ





-ਉਜਾਗਰ ਸਿੰਘ
ਅਮਰੀਕਾ ਤੋਂ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA


ਮੈਂ ਅਤੇ ਮੇਰੀ ਪਤਨੀ ਸੁਰਜੀਤ ਕੌਰ 2004 ਤੋਂ ਲਗਾਤਾਰ ਲਗਭਗ ਹਰ ਦੂਜੇ ਸਾਲ ਅਮਰੀਕਾ ਆਪਣੇ ਲੜਕੇ ਕੋਲ ਜਾ ਰਹੇ ਹਾਂ। ਇਸ ਵਾਰ ਮੇਰਾ ਅਮਰੀਕਾ ਜਾਣ ਦੇ ਸਮੇਂ ਹਵਾਈ ਜਹਾਜ਼ ਦੇ ਸਫਰ ਦਾ ਤਜ਼ਰਬਾ ਨਿਵੇਕਲਾ ਰਿਹਾ। ਅਸੀਂ 8 ਅਪ੍ਰੈਲ 2026 ਨੂੰ ਯੂਨਾਈਟਿਡ ਏਅਰਲਾਈਨਜ਼ ਦੀ ਫਲਾਈਟ ਵਿਚ ਦਿੱਲੀ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਨਿਊਆਰਕ ਲਈ ਰਵਾਨਾ ਹੋਏ। ਇਸ ਫਲਾਈਟ ਨੇ ਸਾਢੇ ਸੋਲਾਂ ਘੰਟੇ ਵਿਚ ਨਿਊਆਰਕ ਹਵਾਈ ਅੱਡੇ 'ਤੇ ਪਹੁੰਚਣਾ ਸੀ। ਉਥੇ 6 ਘੰਟੇ ਦੇ ਠਹਿਰਾਓ ਤੋਂ ਬਾਅਦ ਅਸੀਂ ਲਾਸ ਏਂਜਲਸ ਦੀ ਫਲਾਈਟ ਫੜ੍ਹਨੀ ਸੀ। ਇਹ ਫਲਾਈਟ ਵੀ 6 ਘੰਟੇ ਦੀ ਸੀ। ਲਾਸ ਏਂਜਲਸ ਤੋਂ ਸਾਡੇ ਲੜਕੇ ਨੇ ਕਾਰ ਰਾਹੀਂ ਸੈਨ ਡਿਆਗੋ ਲੈ ਕੇ ਜਾਣਾ ਸੀ। ਲਾਸ ਏਂਜਲਸ ਤੋਂ ਦੋ ਘੰਟੇ ਦਾ ਸੈਨ ਡਿਆਗੋ ਦਾ ਸਫਰ ਸੀ। ਪਟਿਆਲਾ ਤੋਂ ਚਲਕੇ ਸੈਨ ਡਿਆਗੋ ਪਹੁੰਚਣ ਲਈ ਚਾਲੀ ਘੰਟੇ ਲੱਗਣੇ ਸੀ। ਮੱਧ ਵਰਗੀ ਪਰਿਵਾਰ ਵਿਚੋਂ ਹੋਣ ਕਰਕੇ ਅਸੀਂ ਹਮੇਸ਼ਾ ਇਕਾਨਮੀ ਕਲਾਸ ਵਿਚ ਸਫਰ ਕਰਦੇ ਸੀ। ਇਸ ਵਾਰ ਸਾਡੀ ਵਡੇਰੀ ਉਮਰ ਤੇ ਲੰਬਾ ਸਫਰ ਹੋਣ ਕਰਕੇ ਮੇਰੇ ਲੜਕੇ ਨੇ ਸਾਡੇ ਲਈ ਪ੍ਰੀਮੀਅਮ ਪਲੱਸ ਕਲਾਸ ਦੀਆਂ ਟਿਕਟਾਂ ਲੈ ਕੇ ਦਿੱਤੀਆਂ ਤਾਂ ਜੋ ਅਸੀਂ ਥੋੜ੍ਹਾ ਆਰਾਮ ਨਾਲ ਲੰਬਾ ਸਫਰ ਬਿਨਾ ਤਕਲੀਫ਼ ਤਹਿ ਕਰ ਸਕੀਏ। ਇਸ ਤੋਂ ਪਹਿਲਾਂ ਜਦੋਂ ਅਸੀਂ ਸਫਰ ਕਰਦੇ ਸੀ, ਉਸ ਸਮੇਂ ਇੰਟਰਨੈੱਟ ਦਾ ਜ਼ਮਾਨਾ ਨਹੀਂ ਸੀ। ਪੁਰਾਣੀ ਤਕਨੀਕ ਵਾਲੀਆਂ ਸੀਟਾਂ ਹੁੰਦੀਆਂ ਸਨ। ਹੁਣ ਤਾਂ ਫਲਾਈਟ ਵਿਚ ਇੰਟਰਨੈੱਟ ਅਤੇ ਟੈਲੀਫ਼ੋਨ, ਲੈਪਟਾਪ ਅਤੇ ਹੋਰ ਹਰ ਇਲੈਕਟ੍ਰੌਨਿਕ ਔਜ਼ਾਰ ਨੂੰ ਚਾਰਜ ਕਰਨ ਦੀ ਸਹੂਲਤ ਵੀ ਉਪਲਬਧ ਹੁੰਦੀ ਹੈ। ਆਧੁਨਿਕ ਤਕਨਾਲੋਜੀ ਦੇ ਸਮੇਂ ਵਿਚ ਬਹੁਤ ਸਾਰੀਆਂ ਨਵੀਂਆਂ ਖੋਜਾਂ ਹੋ ਰਹੀਆਂ ਹਨ, ਜਿਸ ਕਰਕੇ ਜਹਾਜ਼ ਦੀਆਂ ਸੀਟਾਂ ਵਿਚ ਵੀ ਤਬਦੀਲੀਆਂ ਹੋ ਰਹੀਆਂ ਹਨ। ਜਹਾਜ਼ਾਂ ਦੀਆਂ ਸੀਟਾਂ ਅਤੇ ਹੋਰ ਸਹੂਲਤਾਂ ਵਿਚ ਨਵੀਂਆਂ ਤਕਨੀਕਾਂ ਦੇ ਆ ਜਾਣ ਨਾਲ ਸਾਡੇ ਵਰਗੇ ਪੁਰਾਣੇ ਮਾਡਲ ਦੇ ਬਜ਼ੁਰਗਾਂ ਨੂੰ ਇਨ੍ਹਾਂ ਦੀ ਵਰਤੋਂ ਕਰਨ ਦੀ ਮੁਸ਼ਕਲ ਆ ਰਹੀ ਸੀ। ਅਸੀਂ ਸੀਟ ਨੂੰ ਅਡਜਸਟ ਕਰਨ ਦੀ ਕੋਸ਼ਿਸ਼ ਕਰ ਰਹੇ ਸੀ, ਤਾਂ ਜੋ ਲੱਤਾਂ ਨਿਸਾਲਕੇ ਆਰਾਮ ਨਾਲ ਸੌਂ ਸਕੀਏ, ਪ੍ਰੰਤੂ ਸੀਟਾਂ ਅਡਜਸਟ ਨਹੀਂ ਹੋ ਰਹੀਆਂ ਸਨ। ਸਾਡੀਆਂ ਸੀਟਾਂ ਤੋਂ ਥੋੜ੍ਹੀ ਦੂਰ ਬੈਠੀ ਇੱਕ ਪੜ੍ਹੀ-ਲਿਖੀ ਨੌਜਵਾਨ ਦਿੱਲੀ ਦੀ ਲੜਕੀ ਨੇ ਸਾਡੇ ਕੋਲ ਆ ਕੇ ਸੀਟਾਂ ਨੂੰ ਅਡਜਸਟ ਕਰਨ ਬਾਰੇ ਜਾਣਕਾਰੀ ਹੀ ਨਹੀਂ ਦਿੱਤੀ, ਸਗੋਂ ਆਪ ਹੀ ਸਾਰਾ ਕੁਝ ਕਰ ਦਿੱਤਾ। ਮੇਰੇ ਕੋਲ ਭਾਰਤੀ ਨੰਬਰ ਵਾਲਾ ਮੋਬਾਈਲ ਸੀ। ਬੇਟੇ ਨੇ ਦੱਸਿਆ ਸੀ ਕਿ ਯੂਨਾਈਟਿਡ ਏਅਰਲਾਈਨਜ਼ ਦੀ ਫਲਾਈਟ ਵਿਚ ਇੰਟਰਨੈੱਟ ਦੀ ਸਹੂਲਤ ਹੁੰਦੀ ਹੈ। ਤੁਸੀਂ ਸਾਡੇ ਨਾਲ ਵਟਸ ਅਪ ਰਾਹੀਂ ਤਾਲਮੇਲ ਕਰਦੇ ਰਹਿਣਾ, ਤਾਂ ਜੋ ਸਾਨੂੰ ਤੁਹਾਡੇ ਬਾਰੇ ਜਾਣਕਾਰੀ ਮਿਲਦੀ ਰਹੇ। ਮੇਰੇ ਕੋਲੋਂ ਟੈਲੀਫ਼ੋਨ ਤੇ ਇੰਟਰਨੈੱਟ ਦੀ ਇਹ ਸਹੂਲਤ ਲੱਖ ਕੋਸ਼ਿਸ਼ ਕਰਨ ਦੇ ਬਾਵਜੂਦ ਉਪਲਬਧ ਨਹੀਂ ਹੋ ਰਹੀ ਸੀ। ਮੈਨੂੰ ਪਰੇਸ਼ਾਨ ਵੇਖਕੇ ਉਹ ਲੜਕੀ ਫਿਰ ਸਾਡੇ ਕੋਲ ਆ ਕੇ ਪੁੱਛਣ ਲੱਗੀ ਕਿ ਅੰਕਲ ਤੁਸੀਂ ਪਰੇਸ਼ਾਨ ਕਿਉਂ ਹੋ? ਮੈਂ ਉਸ ਲੜਕੀ ਨੂੰ ਦੱਸਿਆ ਕਿ ਮੈਨੂੰ ਇੰਟਰਨੈੱਟ ਦੀ ਸਹੂਲਤ ਲੈਣ ਵਿਚ ਮੁਸ਼ਕਲ ਆ ਰਹੀ ਹੈ। ਉਸਨੇ ਵੀ ਕੋਸ਼ਿਸ਼ ਕੀਤੀ, ਪ੍ਰੰਤੂ ਉਹ ਵੀ ਅਸਫਲ ਰਹੀ। ਫਿਰ ਉਸਨੇ ਕਿਹਾ ਕਿ ਤੁਸੀਂ ਆਪਣੇ ਲੜਕੇ ਦਾ ਨੰਬਰ ਦੇ ਦਿਓ, ਮੈਂ ਆਪਣੇ ਫੋਨ ਤੋਂ ਉਸਨੂੰ ਮੈਸਜ ਕਰ ਦਿੰਦੀ ਹਾਂ ਕਿ ਤੁਸੀਂ ਸਭ ਠੀਕ ਹੋ। ਉਸ ਲੜਕੀ ਨੇ ਸਾਡੇ ਬੇਟੇ ਨੂੰ ਮੈਸਜ ਕਰ ਦਿੱਤਾ ਤੇ ਸਾਡੇ ਲੜਕੇ ਦਾ ਵੀ ਜਵਾਬ ਉਸਨੇ ਸਾਨੂੰ ਦੱਸ ਦਿੱਤਾ। ਉਹ ਕਹਿਣ ਲੱਗੀ ਕਿ ਫਲਾਈਟ ਵਿਚ ਇੰਟਰਨੈੱਟ ਦਾ ਕੁਨੈਕਸ਼ਨ ਖਰੀਦਣਾ ਪੈਂਦਾ ਹੈ। ਮੇਰੇ ਲੜਕੇ ਨੇ ਉਸ ਲੜਕੀ ਨੂੰ ਕਿਹਾ ਕਿ ਉਹ ਇਹ ਕੁਨੈਕਸ਼ਨ ਲੈ ਦੇਵੇ ਤੇ ਪੈਸੇ ਮੈਂ ਆਨਲਾਈਨ ਦੇ ਦੇਵਾਂਗਾ। ਮੈਂ ਵੀ ਕਿਹਾ ਕਿ ਮੈਂ ਨਕਦ ਪੈਸੇ ਦੇ ਦੇਵਾਂਗਾ। ਉਹ ਕਹਿਣ ਲੱਗੀ ਕਿਉਂ ਵਾਧੂ ਖ਼ਰਚ ਕਰਨਾ ਹੈ? ਮੈਂ ਤੁਹਾਡੀ ਵੇਖ ਭਾਲ ਆਪ ਹੀ ਕਰਦੀ ਰਹਾਂਗੀ ਤੇ ਤੁਹਾਡੇ ਬੇਟੇ ਨੂੰ ਜਾਣਕਾਰੀ ਵੀ ਦਿੰਦੀ ਰਹਾਂਗੀ। ਥੋੜ੍ਹੀ ਦੇਰ ਬਾਅਦ ਉਹ ਫਿਰ ਸਾਡੇ ਕੋਲ ਆ ਗਈ ਅਤੇ ਸਾਡੇ ਮੋਬਾਈਲ ਉਸਨੇ ਇੰਟਰਨੈੱਟ ਨਾਲ ਜੋੜ ਦਿੱਤੇ। ਉਸ ਲੜਕੀ ਨੇ ਜਾਂ ਤਾਂ ਨੈਟ ਖਰੀਦਿਆ ਹੋਵੇਗਾ ਅਤੇ ਜਾਂ ਫਿਰ ਆਪਣੇ ਮੋਬਾਈਲ ਦੇ ਪਰਸਨਲ ਹਾਟ ਸਪਾਟ ਨਾਲ ਜੋੜਕੇ ਸਾਡੇ ਵਟਸ ਅਪ ਚੱਲਣ ਲਾ ਦਿੱਤੇ ਹੋਣਗੇ। ਪਰ ਸਾਡੇ ਕੋਲੋਂ ਕੋਈ ਪੈਸੇ ਨਹੀਂ ਲਏ। ਕਿਤਨੀ ਦਿਆਲੂ ਲੜਕੀ ਸੀ। ਸਾਡੇ ਕੋਈ ਲੜਕੀ ਨਹੀਂ ਹੈ, ਸਾਨੂੰ ਇਉਂ ਲੱਗਿਆ ਕਿ ਪ੍ਰਮਾਤਮਾ ਨੇ ਸਾਨੂੰ ਲੜਕੀ ਦੇ ਦਿੱਤੀ ਹੈ। ਲੜਕੀਆਂ ਕਿਤਨੀਆਂ ਹਮਦਰਦ ਅਤੇ ਦੁੱਖ-ਸੁੱਖ ਦੀਆਂ ਸਹਾਇਕ ਹੁੰਦੀਆਂ ਹਨ। ਖਾਸ ਤੌਰ 'ਤੇ ਬਜ਼ੁਰਗਾਂ ਲਈ ਸਹਾਰਾ ਬਣਦੀਆਂ ਹਨ। ਸ਼ਾਇਦ ਉਸਨੂੰ ਸਾਡੇ ਰਾਹੀਂ ਉਸਦੇ ਆਪਣੇ ਮਾਪੇ ਹੀ ਵਿਖਾਈ ਦੇਣ ਲੱਗ ਪਏ ਸੀ। ਏਥੇ ਹੀ ਬਸ ਨਹੀਂ, ਮੇਰੀ ਕੰਨ੍ਹਾਂ ਵਾਲੀ ਮਸ਼ੀਨ ਦਾ ਚਾਰਜ ਖ਼ਤਮ ਹੋ ਗਿਆ। ਮੈਂ ਆਪਣੀ ਸੀਟ ਦੇ ਨਾਲ ਚਾਰਜ ਕਰਨ ਦੇ ਪੁਆਇੰਟ 'ਤੇ ਆਪਣਾ ਚਾਰਜਰ ਲਗਾ ਰਿਹਾ ਸੀ। ਉਹ ਪੁਰਾਣੀ ਤਕਨੀਕ ਦਾ ਹੋਣ ਕਰਕੇ ਲੱਗ ਨਹੀਂ ਰਿਹਾ ਸੀ। ਉਸ ਲੜਕੀ ਦੀ ਕਮਾਲ ਵੇਖੋ, ਉਹ ਫਿਰ ਆ ਕੇ ਆਪ ਅਡਜਸਟ ਕਰਨ ਲੱਗੀ, ਪਰੰਤੂ ਉਹ ਚਾਰਜਰ ਫਿਟ ਨਾ ਹੋਇਆ। ਫਿਰ ਉਸਨੇ ਮੇਰੀ ਕੰਨਾਂ ਵਾਲੀ ਮਸ਼ੀਨ ਆਪਣੇ ਚਾਰਜਰ 'ਤੇ ਚਾਰਜ ਕਰ ਦਿੱਤੀ। ਉਤਨੀ ਦੇਰ ਨੂੰ ਸਾਡੇ ਦੋਹਾਂ ਦੇ ਫੋਨ ਵੀ ਵਟਸ ਅਪ ਚੱਲਣ ਕਰਕੇ ਉਨ੍ਹਾਂ ਦਾ ਚਾਰਜ ਖ਼ਤਮ ਹੋ ਗਏ। ਉਸਦਾ ਚਾਰਜਰ ਨਵੀਂ ਤਕਨੀਕ ਦਾ ਸੀ। ਇੱਕ ਚਾਰਜਰ ਨਾਲ ਕਈ ਤਾਰਾਂ ਸਨ। ਉਸਨੇ ਸਾਡੇ ਫੋਨ ਵੀ ਚਾਰਜ ਕਰ ਦਿੱਤੇ। ਆਲੇ-ਦੁਆਲੇ ਦੀਆਂ ਸੀਟਾਂ ਵਾਲੇ ਪੈਸੰਜਰ ਉਸ ਲੜਕੀ ਦੀ ਦਰਿਆਦਿਲੀ ਵੇਖਕੇ ਹੈਰਾਨ ਹੋ ਰਹੇ ਸਨ। ਨਿਊਆਰਕ ਪਹੁੰਚਕੇ ਉਸਨੇ ਸਾਡੇ ਫੋਨ ਏਅਰਪੋਰਟ ਦੇ ਨੈਟ ਨਾਲ ਜੋੜ ਦਿੱਤੇ। ਜਦੋਂ ਅਸੀਂ ਆਪਣੇ ਅਟੈਚੀ ਕੇਸ (ਲੱਗੇਜ) ਲੈ ਰਹੇ ਸੀ, ਤਾਂ ਉਹ ਉਥੇ ਵੀ ਸਾਡੇ ਕੋਲ ਆ ਗਈ ਅਤੇ ਸਾਡਾ ਸਾਮਾਨ ਉਸਨੇ ਚੁੱਕਕੇ ਟਰਾਲੀ 'ਤੇ ਰਖਵਾਇਆ। ਫਿਰ ਉਹ ਮੈਨੂੰ ਕਹਿਣ ਲੱਗੀ ਕਿ ਲਾਸ ਏਂਜਲਸ ਏਅਰਪੋਰਟ 'ਤੇ ਵੀ ਆਪਣੇ ਫੋਨ ਵ੍ਹੀਲ ਚੇਅਰ ਵਾਲੇ ਤੋਂ ਇੰਟਰਨੈੱਟ ਨਾਲ ਜੁੜਵਾਕੇ ਆਪਣੇ ਲੜਕੇ ਨਾਲ ਗੱਲ ਕਰ ਲੈਣਾ। ਉਸ ਲੜਕੀ ਨੇ ਮੈਨੂੰ ਮੇਰੇ ਟੈਲੀਫ਼ੋਨ 'ਤੇ ਇੰਟਰਨੈੱਟ ਨਾਲ ਜੋੜਨ ਦਾ ਤਰੀਕਾ ਸਮਝਾਇਆ। ਮੈਂ ਉਸਨੂੰ ਦੱਸਿਆ ਕਿ ਮੈਂ ਗਲੋਬਲ ਆਪਣੇ ਟੈਲੀਫੋਨ ਲਈ ਗਲੋਬਲ ਪੈਕੇਜ ਲਿਆ ਹੈ, ਜਹਾਜ਼ ਤੋਂ ਬਾਹਰ ਤਾਂ ਮੇਰਾ ਟੈਲੀਫੋਨ ਚੱਲ ਪਵੇਗਾ। ਉਸਨੇ ਦੱਸਿਆ ਕਿ ਉਹ ਹਿਊਸਟਨ ਆਪਣੇ ਪਰਿਵਾਰ ਨਾਲ ਰਹਿੰਦੀ ਹੈ, ਪ੍ਰੰਤੂ ਉਸਦੇ ਮਾਪੇ ਦਿੱਲੀ ਰਹਿੰਦੇ ਹਨ ਤੇ ਉਹ ਦਿੱਲੀ ਆਪਣੇ ਬਿਮਾਰ ਪਿਤਾ ਦੀ ਬੀਮਾਰੀ ਦਾ ਪਤਾ ਲੱਗਣ 'ਤੇ ਦਿੱਲੀ ਪਿਤਾ ਦੀ ਖ਼ਬਰ ਲੈਣ ਆਈ ਸੀ। ਸਾਡੇ ਸਮਾਜ ਵਿਚ ਲੜਕੀਆਂ ਨਾਲੋਂ ਲੜਕਿਆਂ ਨੂੰ ਤਰਜ਼ੀਹ ਦਿੱਤੀ ਜਾਂਦੀ ਹੈ। ਲੜਕੀਆਂ ਦੀ ਭਰੂਣ ਹੱਤਿਆ ਕਰਵਾ ਦਿੱਤੀ ਜਾਂਦੀ ਹੈ। ਜਦੋਂਕਿ ਲੜਕੀਆਂ ਹੀ ਆਪਣੇ ਮਾਪਿਆਂ ਦਾ ਸਭ ਤੋਂ ਵੱਧ ਧਿਆਨ ਰੱਖਦੀਆਂ ਹਨ। ਅਖ਼ਬਾਰਾਂ ਦੀਆਂ ਖ਼ਬਰਾਂ ਪੜ੍ਹਨ ਤੋਂ ਪਤਾ ਲੱਗਦਾ ਹੈ ਕਿ ਲੜਕੇ ਜ਼ਮੀਨ-ਜਾਇਦਾਦਾਂ ਦੇ ਝਗੜਿਆਂ ਕਰਕੇ ਆਪਣੇ ਮਾਪਿਆਂ ਨਾਲ ਚੰਗਾ ਵਿਵਹਾਰ ਨਹੀਂ ਕਰਦੇ। ਅਸੀਂ ਪਰਵਾਸ ਵਿਚ ਜਾਂਦੇ ਰਹਿੰਦੇ ਹਾਂ। ਉਥੇ ਆਮ ਸੁਣਨ ਤੇ ਵੇਖਣ ਵਿਚ ਆਉਂਦਾ ਹੈ ਕਿ ਜਿਹੜੇ ਬਜ਼ੁਰਗਾਂ ਦੇ ਪਾਰਕਾਂ ਵਿਚ ਆਉਣ ਸਮੇਂ ਪ੍ਰੈੱਸ ਕੀਤੇ ਸਾਫ-ਸੁਥਰੇ ਕੱਪੜੇ ਪਹਿਨੇ ਹੁੰਦੇ ਹਨ, ਉਨ੍ਹਾਂ ਬਾਰੇ ਕਿਹਾ ਜਾਂਦਾ ਹੈ ਕਿ ਉਹ ਆਪਣੀ ਲੜਕੀ ਕੋਲ ਰਹਿੰਦੇ ਹੋਣਗੇ। ਭਾਵ ਲੜਕੀਆਂ ਮਾਪਿਆਂ ਦਾ ਬਿਹਤਰੀਨ ਢੰਗ ਨਾਲ ਧਿਆਨ ਰੱਖਦੀਆਂ ਹਨ। ਪ੍ਰੰਤੂ ਲੜਕਿਆਂ ਦਾ ਪ੍ਰਭਾਵ ਬਹੁਤਾ ਚੰਗਾ ਨਹੀਂ। ਫਿਰ ਵੀ ਸਾਡਾ ਪੰਜਾਬੀ ਸਮਾਜ ਲੜਕੀ ਦੇ ਜੰਮਣ ਨੂੰ ਚੰਗਾ ਨਹੀਂ ਸਮਝਦਾ। ਮੇਰਾ ਤਜ਼ਰਬਾ ਦੱਸਦਾ ਹੈ ਕਿ ਲੜਕੀਆਂ, ਲੜਕਿਆਂ ਤੋਂ ਕਿਸੇ ਗੱਲੋਂ ਵੀ ਘੱਟ ਨਹੀਂ ਹੁੰਦੀਆਂ। ਲੜਕੀਆਂ ਸਭਿਆ ਸਮਾਜ ਦਾ ਸਰਮਾਇਆ ਹੁੰਦੀਆਂ ਹਨ।

ਧੁਨਿਕ ਤਕਨਾਲੋਜੀ ਦੇ ਸਮੇਂ ਵਿਚ ਬਹੁਤ ਸਾਰੀਆਂ ਨਵੀਂਆਂ ਖੋਜਾਂ ਹੋ ਰਹੀਆਂ ਹਨ, ਜਿਸ ਕਰਕੇ ਜਹਾਜ਼ ਦੀਆਂ ਸੀਟਾਂ ਵਿਚ ਵੀ ਤਬਦੀਲੀਆਂ ਹੋ ਰਹੀਆਂ ਹਨ। ਜਹਾਜ਼ਾਂ ਦੀਆਂ ਸੀਟਾਂ ਅਤੇ ਹੋਰ ਸਹੂਲਤਾਂ ਵਿਚ ਨਵੀਂਆਂ ਤਕਨੀਕਾਂ ਦੇ ਆ ਜਾਣ ਨਾਲ ਸਾਡੇ ਵਰਗੇ ਪੁਰਾਣੇ ਮਾਡਲ ਦੇ ਬਜ਼ੁਰਗਾਂ ਨੂੰ ਇਨ੍ਹਾਂ ਦੀ ਵਰਤੋਂ ਕਰਨ ਦੀ ਮੁਸ਼ਕਲ ਆ ਰਹੀ ਸੀ। ਅਸੀਂ ਸੀਟ ਨੂੰ ਅਡਜਸਟ ਕਰਨ ਦੀ ਕੋਸ਼ਿਸ਼ ਕਰ ਰਹੇ ਸੀ, ਤਾਂ ਜੋ ਲੱਤਾਂ ਨਿਸਾਲਕੇ ਆਰਾਮ ਨਾਲ ਸੌਂ ਸਕੀਏ, ਪ੍ਰੰਤੂ ਸੀਟਾਂ ਅਡਜਸਟ ਨਹੀਂ ਹੋ ਰਹੀਆਂ ਸਨ। ਸਾਡੀਆਂ ਸੀਟਾਂ ਤੋਂ ਥੋੜ੍ਹੀ ਦੂਰ ਬੈਠੀ ਇੱਕ ਪੜ੍ਹੀ-ਲਿਖੀ ਨੌਜਵਾਨ ਦਿੱਲੀ ਦੀ ਲੜਕੀ ਨੇ ਸਾਡੇ ਕੋਲ ਆ ਕੇ ਸੀਟਾਂ ਨੂੰ ਅਡਜਸਟ ਕਰਨ ਬਾਰੇ ਜਾਣਕਾਰੀ ਹੀ ਨਹੀਂ ਦਿੱਤੀ, ਸਗੋਂ ਆਪ ਹੀ ਸਾਰਾ ਕੁਝ ਕਰ ਦਿੱਤਾ।



# ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਅਤੇ ਸ਼ਿਵ ਕੁਮਾਰ ਬਟਾਲਵੀ ਦੀ ਸ਼ਾਇਰੀ

-ਡਾ. ਮਨਜੀਤ ਸਿੰਘ ਬੱਲ
98728-43491
ਪੰਜਾਬ ਮੇਲ USA







**ਚ ਪੰਜਾਬੀ ਧੁਨਾਂ, ਸੁਗੰਧੀਆਂ, ਰੁੱਖਾਂ ਅਤੇ ਪੰਛੀਆਂ ਦੀ ਉਭਾਰੂ ਬਿੰਬਾਵਲੀ, ਜੜ੍ਹਾਂ ਅਤੇ ਗੌਰਵ ਦਾ ਅਨੁਭਵ ਦੇ ਕੇ ਪੰਜਾਬੀਆਂ ਦੇ ਦਿਲਾਂ ਦੀ ਧੜਕਣ ਬਣਦਾ ਹੋਇਆ, ਸੱਤਾਂ ਸਮੁੰਦਰਾਂ ਵਿਚ ਭੌਂਦਾ ਹੈ, ਪੰਜਾਬ ਦੀਆਂ ਸੁਗੰਧੀਆਂ, ਖੁਸ਼ਬੋਈਆਂ ਤੇ ਮਹਿਕਾਂ ਦੇ ਬਿੰਬ ਉਜਾਗਰ ਕਰਦਾ ਹੈ, ਜਿਨ੍ਹਾਂ ਵਿਚ ਸਾਹ ਲੈਣ ਨਾਲ ਬੰਦਾ ਬੇ-ਖੁਦੀ ਦੀ ਅਵਸਥਾ ਵਿਚ ਪੁੱਜ ਜਾਂਦਾ ਹੈ, ਪਰ ਆਪਣੀ ਔਲਾਦ ਵਰਗੇ, ਉਦਾਸ, ਨਿਰਾਸ਼ਾਵਾਦੀ, ਬਿਰਹਾ ਵਾਲੇ, ਕੌੜੇ-ਕਸੈਲੇ ਗੀਤਾਂ ਦੀ ਮਹਿਫਿਲ 'ਚੋਂ ਉਸ ਨੂੰ ਕੋਈ ਇਕ ਵੀ ਗੀਤ ਨਹੀਂ ਲੱਭਦਾ, ਜੋ ਬਲਵਾਨ, ਨਿਧੜਕ, ਨਿਡਰ, ਕੁਰਬਾਨੀ ਕਰਨ ਵਾਲਾ ਤੇ ਬੁਲੰਦ ਹੌਸਲੇ ਵਾਲਾ ਹੋਵੇ, ਜੋ ਲੋੜ ਪੈਣ 'ਤੇ ਆਪਣਾ ਸੀਸ ਤਲੀ 'ਤੇ ਰੱਖ ਸਕੇ :**

ਤੈਨੂੰ ਦਿਆਂ ਹੰਝੂਆਂ ਦਾ ਭਾੜਾ ਨੀ 'ਪੀੜਾਂ ਦਾ ਪਰਾਗਾ' (1960) ਭੁੰਨ ਦੇ ਭੱਠੀ ਵਾਲੀਏ, 'ਲਾਜਵੰਤੀ' (1961) ਜਿਸ ਵਿਚ ਸ਼ੀਸ਼ੋ ਨਾਂ ਦੀ ਇੱਕ ਗਰੀਬ ਕੁੜੀ ਦੇ ਹਾਲਾਤ, ਮਜਬੂਰੀ ਅਤੇ ਸ਼ੋਸ਼ਣ ਬਾਰੇ ਲੰਮੀ ਕਵਿਤਾ ਹੈ - ਏਕਮ ਦਾ ਚੰਨ ਵੇਖ ਰਿਹਾ ਸੀ ਬਹਿ ਜੰਗੀਆਂ ਦੇ ਓਹਲੇ, ਸ਼ੀਸ਼ੋ ਤੁਰੀ ਜਾਏ ਸੰਗ ਸਖੀਆਂ ਪੈਰ ਧਰੇਂਦੀ ਪੋਲੇ, 'ਆਟੇ ਦੀਆਂ ਚਿੜੀਆਂ' (1962) ਜਿਸ ਵਾਸਤੇ ਸ਼ਿਵ ਨੂੰ ਭਾਸ਼ਾ ਵਿਭਾਗ ਪੰਜਾਬ ਵੱਲੋਂ ਪਹਿਲਾ ਇਨਾਮ ਦਿੱਤਾ ਗਿਆ, ਇਸ ਵਿਚ ਸ਼ਿਕਰਾ, ਹਿਜ਼ਰ ਅਤੇ ਜ਼ਖ਼ਮ ਵਰਗੀਆਂ ਰਚਨਾਵਾਂ ਹਨ, 'ਮੈਨੂੰ ਵਿਦਾ ਕਰੋ' (1963) ਵਿਚ ਵਿਛੋੜਾ, ਸੋਗ ਅਤੇ ਮੌਤ ਪ੍ਰਤੀਬਿੰਬਤ ਕੀਤੇ ਗਏ ਹਨ, 'ਧਰਮੀ ਬਾਬਲਾ' ਜਿਸ ਦੀ ਮਸ਼ਹੂਰ ਕਵਿਤਾ ਹੈ: ਜਦ ਪੈਣ ਕਪਾਹੀਂ ਫੁੱਲ ਵੇ ਧਰਮੀ ਬਾਬਲਾ, ਸਾਨੂੰ ਉਹ ਰੁੱਤ ਲੈ ਦੇਈਂ ਮੁੱਲ ਵੇ ਧਰਮੀ ਬਾਬਲਾ, 'ਦਰਦ ਮੰਦਾਂ ਦੀਆਂ ਆਹੀਂ' (1964) ਆਦਿ ਰਚਨਾਵਾਂ ਲਿਖਣ ਵਾਲਾ ਸ਼ਿਵ ਕੁਮਾਰ, ਕੀ ਸਰਬੰਸ ਦਾਨੀ, ਸੂਰਬੀਰ ਯੋਧੇ, ਸੰਤ ਸਿਪਾਹੀ ਅਤੇ ਮਹਾਨ ਕਵੀ ਸ੍ਰੀ ਗੁਰੂ ਗੋਬਿੰਦ ਸਿੰਘ ਬਾਰੇ ਵੀ ਕੁਝ ਲਿਖ ਸਕਦਾ ਹੈ ?

ਜੀ ਹਾਂ ਆਪਣੀ ਰਚਨਾ 'ਆਰਤੀ' ਵਿਚ ਬਟਾਲਵੀ ਨੇ ਆਪਣੇ ਹੀ ਢੰਗ ਨਾਲ, ਉਸੇ ਨਿਰਾਸ਼ਾ ਵਾਲੇ ਲਹਿਜ਼ੇ ਵਿਚ, ਦਸਮ ਪਿਤਾ ਨੂੰ ਸੰਬੋਧਨ ਕਰਕੇ ਲਿਖਿਆ ਹੈ ਕਿ ਮੈਂ ਕਿਹੜੇ ਅੱਥਰੂ ਦਾ ਦੀਵਾ ਬਾਲ ਕੇ ਤੇਰੀ ਆਰਤੀ ਕਰਾਂ, ਮੇਰਾ ਕੋਈ ਵੀ ਗੀਤ ਤੇਰੇ ਮੇਚ ਦਾ ਨਹੀਂ ਹੋ ਸਕਦਾ:

ਮੈਂ ਕਿਸ ਹੰਝੂ ਦਾ ਦੀਵਾ ਬਾਲ ਕੇ, ਤੇਰੀ ਆਰਤੀ ਗਾਵਾਂ
ਮੈਂ ਕਿਹੜੇ ਸ਼ਬਦ ਦੇ ਬੂਹੇ 'ਤੇ ਮੰਗਣ ਗੀਤ ਅੱਜ ਜਾਵਾਂ
ਜੋ ਤੈਨੂੰ ਕਰਨ ਲਈ ਭੇਟਾ, ਮੈਂ ਤੇਰੇ ਦੁਆਰ 'ਤੇ ਆਵਾਂ।
ਮੇਰਾ ਕੋਈ ਗੀਤ ਨਹੀਂ ਐਸਾ, ਜੋ ਤੇਰੇ ਮੇਚ ਆ ਜਾਵੇ।

ਖਾਲਸਾ ਪੰਥ ਤੇ ਪੰਜ ਪਿਆਰੇ ਸਾਜਣ, ਛੋਟੇ ਸਾਹਿਬਜ਼ਾਦਿਆਂ - ਜ਼ੋਰਾਵਰ ਸਿੰਘ ਤੇ ਫਤਿਹ ਸਿੰਘ ਦੇ ਨੀਹਾਂ ਵਿਚ ਚਿਣੇ ਜਾਣ ਅਤੇ ਵੱਡੇ ਸਾਹਿਬਜ਼ਦਿਆਂ - ਅਜੀਤ ਸਿੰਘ ਤੇ ਜੁਝਾਰ ਸਿੰਘ ਦੀ ਚਮਕੌਰ ਸਾਹਿਬ ਵਿਚ ਸ਼ਹੀਦੀ ਅਤੇ ਫੇਰ ਗੁਰੂ ਜੀ ਦੁਆਰਾ ਮਾਛੀਵਾੜੇ ਦੇ ਜੰਗਲਾਂ ਵਿਚ 'ਯਾਰੜੇ ਦਾ ਸਾਨੂੰ ਸੱਥਰ ਚੰਗਾ ਭੱਠ ਖੇੜਿਆਂ ਦਾ ਰਹਿਣਾ' ਦ੍ਰਿਸ਼ਾਂ ਨੂੰ ਸਾਹਵੇਂ ਰੱਖ ਕੇ, ਸ਼ਿਵ ਬਟਾਲਵੀ ਆਪਣੇ ਆਪ ਨੂੰ ਤੇ ਆਪਣੇ ਗੀਤਾਂ ਨੂੰ ਬੇਹੱਦ ਨੀਵਾਂ ਦੱਸਦਾ ਹੋਇਆ ਲਿਖਦਾ ਹੈ:

ਮੈਂ ਕਿਹੜੇ ਸ਼ਬਦ ਦੇ ਬੂਹੇ 'ਤੇ ਮੰਗਣ ਗੀਤ ਅੱਜ ਜਾਵਾਂ,
ਭਰੇ ਬਾਜ਼ਾਰ ਵਿਚ ਜਾ ਕੇ, ਜੋ ਆਪਣਾ ਸਿਰ ਕਟਾ ਆਵੇ।
ਜੋ ਆਪਣੇ ਸੋਹਲ ਸ਼ਿੰਦੇ ਬੋਲ, ਨੀਹਾਂ ਵਿਚ ਚਿਣਾ ਆਵੇ।
ਤਿਹਾਏ ਸ਼ਬਦ ਨੂੰ ਤਲਵਾਰ ਦਾ, ਪਾਣੀ ਪਿਆ ਆਵੇ।
ਜੋ ਲੁੱਟ ਜਾਵੇ ਤੇ ਮੁੜ ਵੀ, ਵਾੜੇ ਦੇ ਸੱਥਰੀਂ ਗਾਵੇ।

'ਸਵਾ ਲਾਖ ਸੇ ਏਕ ਲੜਾਊਂ ਤਬੈ ਗੋਬਿੰਦ ਸਿੰਘ ਨਾਮ ਕਹਾਊਂ, ਚਿੜੀਆਂ ਸੇ ਮੈਂ ਬਾਜ ਤੁੜਾਊਂ, ਤਬੈ ਗੋਬਿੰਦ ਸਿੰਘ ਨਾਮ ਕਹਾਊਂ' ਵਾਲੀ ਸ਼ਖਸੀਅਤ ਦੇ ਮਾਲਕ ਦਸਮ ਪਿਤਾ ਦੇ ਸਾਹਮਣੇ ਸ਼ਿਵ ਬਟਾਲਵੀ ਕਬੂਲਦਾ ਹੈ ਕਿ ਮੇਰੇ ਗੀਤ ਬੁਜ਼ਦਿਲ ਹਨ :

ਚਿੜੀ ਦੇ ਖੰਭ ਦੀ ਲਲਕਾਰ, ਸੌ ਬਾਜ਼ਾਂ ਨੂੰ ਖਾ ਜਾਵੇ
ਮੈਂ ਕਿੰਜ ਤਲਵਾਰ ਦੀ ਗਾਨੀ, ਅੱਜ ਆਪਣੇ ਗੀਤ ਗਲ ਪਾਵਾਂ
ਮੇਰਾ ਹਰ ਗੀਤ ਬੁਜ਼ਦਿਲ ਹੈ, ਮੈਂ ਕਿਹੜਾ ਗੀਤ ਅੱਜ ਗਾਵਾਂ
ਮੈਂ ਕਿਹੜੇ ਬੋਲ ਦੀ ਭੇਟਾ, ਲੈ ਤੇਰੇ ਦੁਆਰ ਤੇ ਆਵਾਂ

ਉਂਜ ਸ਼ਿਵ ਕੁਮਾਰ ਆਪਣੀ ਸ਼ਾਇਰੀ ਵਿਚ ਪੰਜਾਬੀ ਧੁਨਾਂ, ਸੁਗੰਧੀਆਂ, ਰੁੱਖਾਂ ਅਤੇ ਪੰਛੀਆਂ ਦੀ ਉਭਾਰੂ ਬਿੰਬਾਵਲੀ, ਜੜ੍ਹਾਂ ਅਤੇ ਗੌਰਵ ਦਾ ਅਨੁਭਵ ਦੇ ਕੇ ਪੰਜਾਬੀਆਂ ਦੇ ਦਿਲਾਂ ਦੀ ਧੜਕਣ ਬਣਦਾ ਹੋਇਆ, ਸੱਤਾਂ ਸਮੁੰਦਰਾਂ ਵਿਚ ਭੌਂਦਾ ਹੈ, ਪੰਜਾਬ ਦੀਆਂ ਸੁਗੰਧੀਆਂ, ਖੁਸ਼ਬੋਈਆਂ ਤੇ ਮਹਿਕਾਂ ਦੇ ਬਿੰਬ ਉਜਾਗਰ ਕਰਦਾ ਹੈ, ਜਿਨ੍ਹਾਂ ਵਿਚ ਸਾਹ ਲੈਣ ਨਾਲ ਬੰਦਾ ਬੇ-ਖੁਦੀ ਦੀ ਅਵਸਥਾ ਵਿਚ ਪੁੱਜ ਜਾਂਦਾ ਹੈ, ਪਰ ਆਪਣੀ ਔਲਾਦ ਵਰਗੇ, ਉਦਾਸ, ਨਿਰਾਸ਼ਾਵਾਦੀ, ਬਿਰਹਾ ਵਾਲੇ, ਕੌੜੇ-ਕਸੈਲੇ ਗੀਤਾਂ ਦੀ ਮਹਿਫਿਲ 'ਚੋਂ ਉਸ ਨੂੰ ਕੋਈ ਇਕ ਵੀ ਗੀਤ ਨਹੀਂ ਲੱਭਦਾ, ਜੋ ਬਲਵਾਨ, ਨਿਧੜਕ, ਨਿਡਰ, ਕੁਰਬਾਨੀ ਕਰਨ ਵਾਲਾ ਤੇ ਬੁਲੰਦ ਹੌਂਸਲੇ ਵਾਲਾ ਹੋਵੇ, ਜੋ ਲੋੜ ਪੈਣ 'ਤੇ ਆਪਣਾ ਸੀਸ ਤਲੀ 'ਤੇ ਰੱਖ ਸਕੇ :

ਮੇਰੇ ਗੀਤਾਂ ਦੀ ਮਹਿਫਿਲ 'ਚੋਂ, ਕੋਈ ਉਹ ਗੀਤ ਨਹੀਂ ਲੱਭਦਾ
ਜੋ ਤੇਰੇ ਸੀਸ ਮੰਗਣ 'ਤੇ, ਤੇਰੇ ਸਾਹਵੇਂ ਖੜਾ ਹੋਵੇ
ਜੋ ਮੈਲੇ ਹੋ ਚੁੱਕੇ ਲੋਹੇ ਨੂੰ, ਆਪਣੇ ਖ਼ੂਨ ਵਿਚ ਧੋਵੇ
ਕਿ ਜਿਸ ਦੀ ਮੌਤ ਪਿੱਛੋਂ, ਉਸ ਨੂੰ ਕੋਈ ਸ਼ਬਦ ਨਾ ਰੋਵੇ

ਕਿ ਜਿਸ ਨੂੰ ਪੀੜ ਤਾਂ ਕੀ, ਪੀੜ ਦਾ ਅਹਿਸਾਸ ਨਾ ਛੋਹਵੇ
ਜੋ ਲੋਹਾ ਪੀ ਸਕੇ ਉਹ ਗੀਤ, ਕਿੱਥੋਂ ਲੈ ਕੇ ਮੈਂ ਆਵਾਂ
ਮੈਂ ਆਪਣੀ ਪੀੜ ਦੇ ਅਹਿਸਾਸ ਕੋਲੋਂ, ਦੂਰ ਕਿੰਜ ਜਾਵਾਂ।

ਜਿਵੇਂ ਕਿ ਬਟਾਲਵੀ ਦੀ ਸ਼ਾਇਰੀ ਵਿਚ ਇਹ ਜੁਗਤ ਹੈ ਕਿ ਉਹ ਆਪਣੇ ਗੀਤਾਂ ਨੂੰ ਮਨੁੱਖ ਬਣਾ ਦਿੰਦਾ ਹੈ "ਮਾਏ ਨੀ ਮਾਏ ਮੇਰੇ ਗੀਤਾਂ ਦੇ ਨੈਣਾਂ ਵਿਚ ਬਿਰਹੋ ਦੀ ਰੜਕ ਪਵੇ"। ਉਹ ਮਹਿਸੂਸ ਕਰਦਾ ਹੈ ਕਿ ਦਸਵੇਂ ਪਾਤਿਸ਼ਾਹ ਦੀ ਉਸਤਤ ਲਈ ਕੋਈ ਐਸਾ ਗੀਤ ਹੋਣਾ ਚਾਹੀਦਾ ਹੈ, ਜਿਸ ਗੀਤ ਦੇ ਹੱਥ ਵਿਚ ਸੱਚ ਦੀ ਤੇਗ਼ ਹੋਵੇ, ਜਿਸ ਗੀਤ ਦੇ ਨੈਣਾਂ ਵਿਚ ਬਹਾਦਰੀ ਵਾਲਾ ਗੁੱਸਾ ਤੇ ਦੇਸ਼ ਕੌਮ ਦੀ ਮਿੱਟੀ ਵਾਸਤੇ ਮੋਹ-ਪਿਆਰ ਹੋਵੇ। ਉਹ ਮੰਨਦਾ ਹੈ ਮੇਰੇ ਤਾਂ ਗੀਤ ਹੀ ਬੁਜ਼ਦਿਲ ਨੇ, ਤੇ ਕਹਿੰਦਾ ਹੈ ਕਿ ਇਹ ਗੀਤ ਲੈ ਕੇ ਮੈਂ, ਦਸਮ ਪਿਤਾ ਦੇ ਦੁਆਰ 'ਤੇ ਕਿਵੇਂ ਜਾਵਾਂ ?

ਮੈਂ ਤੇਰੀ ਉਸਤਤੀ ਦਾ ਗੀਤ, ਚਾਹੁੰਦਾ ਹਾਂ ਕਿ ਉਹ ਹੋਵੇ
ਜਿਹਦੇ ਹੱਥ ਸੱਚ ਦੀ ਤਲਵਾਰ, ਤੇ ਨੈਣਾਂ 'ਚ ਰੋਹ ਹੋਵੇ
ਜਿਹਦੇ ਵਿਚ ਵਤਨ ਦੀ ਮਿੱਟੀ ਲਈ, ਅੰਤਾਂ ਦਾ ਮੋਹ ਹੋਵੇ

ਜਿਹਦੇ ਵਿਚ ਲਹੂ ਤੇਰੇ ਦੀ, ਰਲੀ ਲਾਲੀ ਤੇ ਲੋਅ ਹੋਵੇ
ਮੈਂ ਆਪਣੇ ਲਹੂ ਦਾ ਕਿਸੇ ਗੀਤ ਨੂੰ, ਟਿੱਕਾ ਕਿਵੇਂ ਲਾਵਾਂ
ਮੈਂ ਬੁਜ਼ਦਿਲ ਗੀਤ ਲੈ ਕੇ ਕਿਸ ਤਰ੍ਹਾਂ, ਤੇਰੇ ਦੁਆਰ 'ਤੇ ਆਵਾਂ।

ਦਸਮੇਸ਼ ਪਿਤਾ ਦੀ ਸ਼ਖ਼ਸੀਅਤ ਦੇ ਸਾਹਮਣੇ ਆਪਣੇ ਆਪ ਨੂੰ ਤੇ ਆਪਣੇ ਗੀਤਾਂ ਨੂੰ ਨਿਗੁਣਾ ਤੇ ਮੈਲਾ ਦੱਸਦਾ ਹੋਇਆ ਸ਼ਿਵ, ਗੁਰੂ ਜੀ ਨੂੰ ਕਹਿੰਦਾ ਹੈ ਕਿ ਤੇਰੀ ਆਰਤੀ ਗਾਉਣ ਤੋਂ ਪਹਿਲਾਂ ਮੈਂ ਆਪਣੇ ਮੈਲੇ ਸ਼ਬਦ ਧੋ ਕੇ ਜੀਭ ਦੀ ਕਿੱਲੀ 'ਤੇ ਸੁਕਣੇ ਪਾ ਆਵਾਂ ਅਤੇ ਆਪਣੇ ਗੀਤਾਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਪੀਣ ਦੀ ਆਦਤ ਪਾ ਲਵਾਂ। ਇਹ ਕਰਨ ਤੋਂ ਬਾਅਦ ਸ਼ਾਇਦ, ਮੈਂ ਤੈਨੂੰ ਕੁਝ ਭੇਟ ਕਰਨ ਦੇ ਕਾਬਲ ਹੋ ਸਕਾਂ, ਸ਼ਾਇਦ ਤੇਰੀ ਆਰਤੀ ਗਾ ਸਕਾਂ, ਅਜੇ ਤਾਂ ਮੇਰਾ ਹਰ ਗੀਤ ਬੁਜ਼ਦਿਲ ਹੈ:

ਮੈਂ ਚਾਹੁੰਦਾ ਏਸ ਤੋਂ ਪਹਿਲਾਂ, ਕਿ ਤੇਰੀ ਆਰਤੀ ਗਾਵਾਂ
ਮੈਂ ਮੈਲੇ ਸ਼ਬਦ ਧੋ ਕੇ ਜੀਭ ਦੀ, ਕਿੱਲੀ 'ਤੇ ਪਾ ਆਵਾਂ
ਤੇ ਮੈਲੇ ਸ਼ਬਦ ਸੁੱਕਣ ਤੱਕ, ਤੇਰੀ ਹਰ ਪੈੜ ਚੁੰਮ ਆਵਾਂ
ਤੇਰੀ ਹਰ ਪੈੜ 'ਤੇ ਹੰਝੂ ਦਾ ਇਕ, ਸੂਰਜ ਜਗਾ ਆਵਾਂ
ਮੈਂ ਲੋਹਾ ਪੀਣ ਦੀ ਆਦਤ, ਜ਼ਰਾ ਗੀਤਾਂ ਨੂੰ ਪਾ ਆਵਾਂ
ਮੈਂ ਸ਼ਾਇਦ ਫੇਰ ਕੁਝ ਭੇਟਾ, ਕਰਨ ਦੇ ਯੋਗ ਹੋ ਜਾਵਾਂ।

ਮੈਂ ਬੁਜ਼ਦਿਲ ਗੀਤ ਲੈ ਕੇ ਕਿਸ ਤਰ੍ਹਾਂ, ਤੇਰੇ ਦੁਆਰ 'ਤੇ ਆਵਾਂ
ਮੈਂ ਕਿਹੜੇ ਸ਼ਬਦ ਦੇ ਬੂਹੇ 'ਤੇ, ਮੰਗਣ ਗੀਤ ਅੱਜ ਜਾਵਾਂ
ਮੇਰਾ ਹਰ ਗੀਤ ਬੁਜ਼ਦਿਲ ਹੈ, ਮੈਂ ਕਿਹੜਾ ਗੀਤ ਅੱਜ ਗਾਵਾਂ।

ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਅਤੇ ਉਨ੍ਹਾਂ ਦੀ ਕਲਮ ਨੇ ਜੋ ਲਿਖਿਆ, ਉਹ ਇਕ ਧਰਮ ਪੁਰਸ਼ ਦੀ ਮਹਾਨ ਰਚਨਾ ਸੀ, ਪਰ ਉਨ੍ਹਾਂ ਦੀ ਸ਼ਖ਼ਸੀਅਤ ਅਤੇ ਕਲਮ ਨੂੰ ਸਿਜਦਾ ਕਰਨ ਦਾ ਇਹ ਨਿਵੇਕਲਾ ਕੰਮ, ਸ਼ਿਵ ਕੁਮਾਰ ਬਟਾਲਵੀ ਦਾ ਹੈ, ਜੋ ਆਪਣੀ ਕਲਮ ਦੀ ਨਿਮਰਤਾ ਨਾਲ ਗੁਰੂ ਸਾਹਿਬ ਦੀ ਕਰਨੀ ਨੂੰ ਵਡਿਆਉਂਦਾ ਹੈ।

# ਸੋਸ਼ਲ ਮੀਡੀਆ ਵਿਚ ਏ.ਆਈ.: ਗੱਲਬਾਤ, ਚੋਣਾਂ ਅਤੇ ਸੱਭਿਆਚਾਰ ਨੂੰ ਆਕਾਰ ਦੇਣਾ


**ਡਾ. ਵਿਜੈ ਗਰਗ**
ਸੇਵਾਮੁਕਤ ਪ੍ਰਿੰਸੀਪਲ ਕਾਲਮਨਵੀਸ, ਉੱਘੇ ਸਿੱਖਿਆ ਸ਼ਾਸਤਰੀ ਗਲੀ ਕੌਰ ਚੰਦ ਐੱਮ.ਐੱਚ.ਆਰ. ਮਲੋਟ ਪੰਜਾਬ
ਪੰਜਾਬ ਮੇਲ USA




ਸੋਸ਼ਲ ਮੀਡੀਆ ਨੇ ਬਦਲ ਦਿੱਤਾ ਹੈ ਕਿ ਲੋਕ ਕਿਵੇਂ ਜੁੜਦੇ ਹਨ, ਸੰਚਾਰ ਕਰਦੇ ਹਨ ਅਤੇ ਜਾਣਕਾਰੀ ਦੀ ਖਪਤ ਕਰਦੇ ਹਨ। ਅੱਜ, ਇੱਕ ਨਵੀਂ ਤਾਕਤ ਚੁੱਪਚਾਪ ਇਸ ਸਪੇਸ – ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਨੂੰ ਮੁੜ ਪਰਿਭਾਸ਼ਿਤ ਕਰ ਰਹੀ ਹੈ। ਅਸੀਂ ਜੋ ਪੋਸਟਾਂ ਦੇਖਦੇ ਹਾਂ, ਉਨ੍ਹਾਂ ਤੋਂ ਲੈ ਕੇ ਸਾਡੇ ਦੁਆਰਾ ਕਲਿੱਕ ਕੀਤੇ ਗਏ ਵਿਗਿਆਪਨ ਤੱਕ, ਏ.ਆਈ. ਪਰਦੇ ਦੇ ਪਿੱਛੇ ਕੰਮ ਕਰ ਰਿਹਾ ਹੈ, ਨਾ ਸਿਰਫ਼ ਸਾਡੇ ਔਨਲਾਈਨ ਅਨੁਭਵਾਂ ਨੂੰ, ਬਲਕਿ ਸਾਡੇ ਵਿਚਾਰਾਂ, ਵਿਵਹਾਰਾਂ ਅਤੇ ਇੱਥੋਂ ਤੱਕ ਕਿ ਸਮਾਜਿਕ ਨਿਯਮਾਂ ਨੂੰ ਵੀ ਪ੍ਰਭਾਵਿਤ ਕਰਦਾ ਹੈ।

ਤੁਹਾਡੀ ਫੀਡ ਦੇ ਪਿੱਛੇ ਅਦਿੱਖ ਇੰਜਣ ਹਰ ਵਾਰ ਜਦੋਂ ਤੁਸੀਂ ਕੋਈ ਸੋਸ਼ਲ ਮੀਡੀਆ ਐਪ ਖੋਲ੍ਹਦੇ ਹੋ, ਤਾਂ ਏ.ਆਈ. ਐਲਗੋਰਿਦਮ ਇਹ ਫੈਸਲਾ ਕਰਦੇ ਹਨ ਕਿ ਤੁਹਾਡੀ ਸਕ੍ਰੀਨ 'ਤੇ ਕੀ ਦਿਖਾਈ ਦਿੰਦਾ ਹੈ। ਇੰਸਟਾਗ੍ਰਾਮ, ਫੇਸਬੁੱਕ ਅਤੇ ਐਕਸ ਵਰਗੇ ਪਲੇਟਫਾਰਮ ਤੁਹਾਡੀਆਂ ਪਸੰਦਾਂ, ਸ਼ੇਅਰਜ਼, ਟਿੱਪਣੀਆਂ ਅਤੇ ਵਿਅਕਤੀਗਤ ਸਮੱਗਰੀ ਨੂੰ ਤਿਆਰ ਕਰਨ ਲਈ ਸਮਾਂ ਦੇਖਦੇ ਹਨ। ਇਹ ਫੀਡਾਂ ਨੂੰ ਵਧੇਰੇ ਦਿਲਚਸਪ ਬਣਾਉਂਦਾ ਹੈ ਪਰ "ਲਿਫਿਲਟਰ ਬੁਲਬੁਲੇ" ਵੀ ਬਣਾਉਂਦਾ ਹੈ, ਜਿੱਥੇ ਉਪਭੋਗਤਾ ਮੁੱਖ ਤੌਰ 'ਤੇ ਉਨ੍ਹਾਂ ਦੇ ਆਪਣੇ ਵਰਗੇ ਦ੍ਰਿਸ਼ਾਂ ਦਾ ਸਾਹਮਣਾ ਕਰਦੇ ਹਨ।

**ਸਮੱਗਰੀ ਬਣਾਉਣਾ ਚੁਸਤ ਹੋ ਜਾਂਦਾ ਹੈ**

ਏ.ਆਈ. ਸਿਰਫ਼ ਸਮੱਗਰੀ ਦੀ ਦੇਖਭਾਲ ਨਹੀਂ ਕਰ ਰਿਹਾ ਹੈ, ਇਹ ਇਸਨੂੰ ਬਣਾ ਰਿਹਾ ਹੈ। ਏ.ਆਈ. ਦੁਆਰਾ ਸੰਚਾਲਿਤ ਟੂਲ ਉਪਭੋਗਤਾਵਾਂ ਨੂੰ ਕੈਪਸ਼ਨ ਬਣਾਉਣ, ਫੋਟੋਆਂ ਨੂੰ ਸੰਪਾਦਿਤ ਕਰਨ, ਵੀਡੀਓਜ਼ ਨੂੰ ਵਧਾਉਣ ਅਤੇ ਇੱਥੋਂ ਤੱਕ ਕਿ ਪੂਰੀ ਪੋਸਟਾਂ ਤਿਆਰ ਕਰਨ ਵਿਚ ਮਦਦ ਕਰਦੇ ਹਨ। ਆਟੋਮੇਟਿਡ ਫਿਲਟਰ, ਚਿਹਰੇ ਦੀ ਪਛਾਣ ਅਤੇ ਸਿਫ਼ਾਰਸ਼ ਟੂਲਸ ਵਰਗੀਆਂ ਵਿਸ਼ੇਸ਼ਤਾਵਾਂ ਨੇ ਸਮੱਗਰੀ ਬਣਾਉਣ ਨੂੰ ਆਸਾਨ ਅਤੇ ਵਧੇਰੇ ਪਹੁੰਚਯੋਗ ਬਣਾ ਦਿੱਤਾ ਹੈ। ਹਾਲਾਂਕਿ, ਇਹ ਪ੍ਰਮਾਣਿਕਤਾ ਬਾਰੇ ਚਿੰਤਾਵਾਂ ਵੀ ਪੈਦਾ ਕਰਦਾ ਹੈ, ਕਿਉਂਕਿ ਅਸਲ ਅਤੇ




ਏ.ਆਈ.-ਜਨਰੇਟ ਸਮੱਗਰੀ ਵਿਚ ਫਰਕ ਕਰਨਾ ਔਖਾ ਹੋ ਜਾਂਦਾ ਹੈ।

ਪ੍ਰਭਾਵਕ ਬੁੱਧੀ ਦਾ ਉਭਾਰ ਬ੍ਰਾਂਡ ਅਤੇ ਪ੍ਰਭਾਵਕ ਦਰਸ਼ਕਾਂ ਦੇ ਵਿਵਹਾਰ ਨੂੰ ਸਮਝਣ ਲਈ ਏ.ਆਈ. ਦੀ ਵਰਤੋਂ ਕਰ ਰਹੇ ਹਨ। ਏ.ਆਈ. ਟੂਲ ਰੁਝਾਨਾਂ ਦਾ ਵਿਸ਼ਲੇਸ਼ਣ ਕਰਦੇ ਹਨ, ਸ਼ਮੂਲੀਅਤ ਦੀ ਭਵਿੱਖਬਾਣੀ ਕਰਦੇ ਹਨ ਅਤੇ ਅਨੁਕੂਲ ਪੋਸਟਿੰਗ ਸਮੇਂ ਦਾ ਸੁਝਾਅ ਦਿੰਦੇ ਹਨ। ਇਸ ਡੇਟਾ-ਸੰਚਾਲਿਤ ਪਹੁੰਚ ਨੇ ਸੋਸ਼ਲ ਮੀਡੀਆ ਨੂੰ ਇੱਕ ਰਣਨੀਤਕ ਬਾਜ਼ਾਰ ਵਿਚ ਬਦਲ ਦਿੱਤਾ ਹੈ, ਜਿੱਥੇ ਸਮੱਗਰੀ ਨੂੰ ਸਿਰਫ਼ ਪ੍ਰਗਟ ਕਰਨ ਲਈ ਨਹੀਂ, ਸਗੋਂ ਪ੍ਰਦਰਸ਼ਨ ਕਰਨ ਲਈ ਤਿਆਰ ਕੀਤਾ ਗਿਆ ਹੈ।

**ਗਲਤ ਜਾਣਕਾਰੀ ਅਤੇ ਡੀਪਫੇਕਸ**

ਜਦੋਂ ਕਿ ਏ.ਆਈ. ਉਪਭੋਗਤਾ ਅਨੁਭਵ ਨੂੰ ਵਧਾਉਂਦਾ ਹੈ, ਇਹ ਗੰਭੀਰ ਜ਼ੋਖਮ ਵੀ ਲਿਆਉਂਦਾ ਹੈ। ਏ.ਆਈ.-ਜਨਰੇਟਿਡ ਡੀਪਫੇਕਸ ਅਤੇ ਗੁੰਮਰਾਹਕੁੰਨ ਸਮੱਗਰੀ ਤੇਜ਼ੀ ਨਾਲ ਫੈਲ ਸਕਦੀ ਹੈ, ਜਿਸ ਨਾਲ ਸੱਚਾਈ ਦੀ ਪੁਸ਼ਟੀ ਕਰਨਾ ਮੁਸ਼ਕਲ ਹੋ ਜਾਂਦਾ ਹੈ। ਸੋਸ਼ਲ ਮੀਡੀਆ ਪਲੇਟਫਾਰਮ ਹੁਣ ਫਰਜ਼ੀ ਖ਼ਬਰਾਂ ਦਾ ਪਤਾ ਲਗਾਉਣ ਲਈ ਏ.ਆਈ. ਪ੍ਰਣਾਲੀਆਂ ਵਿਚ ਨਿਵੇਸ਼ ਕਰ ਰਹੇ ਹਨ, ਪਰ ਸਿਰਜਣਾ ਅਤੇ ਖੋਜ ਵਿਚਕਾਰ ਲੜਾਈ ਜਾਰੀ ਹੈ।

ਮਾਨਸਿਕ ਸਿਹਤ ਅਤੇ ਏ.ਆਈ. ਐਲਗੋਰਿਦਮ ਏ.ਆਈ.-ਸੰਚਾਲਿਤ ਫੀਡਾਂ ਨੂੰ ਸ਼ਮੂਲੀਅਤ ਨੂੰ ਵੱਧ ਤੋਂ ਵੱਧ ਕਰਨ ਲਈ ਤਿਆਰ ਕੀਤਾ ਗਿਆ ਹੈ, ਅਕਸਰ ਭਾਵਨਾਤਮਕ ਤੌਰ 'ਤੇ ਚਾਰਜ ਜਾਂ ਬਹੁਤ ਜ਼ਿਆਦਾ ਉਤੇਜਕ ਸਮੱਗਰੀ ਦਿਖਾ ਕੇ। ਇਸ ਨਾਲ ਬਹੁਤ ਜ਼ਿਆਦਾ ਸਕ੍ਰੀਨ ਸਮਾਂ, ਤੁਲਨਾਤਮਕ ਸੱਭਿਆਚਾਰ ਅਤੇ ਚਿੰਤਾ ਪੈਦਾ ਹੋ ਸਕਦੀ ਹੈ। ਖਾਸ ਕਰਕੇ ਨੌਜਵਾਨ ਉਪਭੋਗਤਾਵਾਂ ਵਿਚ। ਉਹੀ ਬੁੱਧੀ ਜੋ ਲੋਕਾਂ ਨੂੰ ਜੋੜਦੀ ਹੈ, ਜੇਕਰ ਜ਼ਿੰਮੇਵਾਰੀ ਨਾਲ ਨਹੀਂ ਵਰਤੀ ਜਾਂਦੀ, ਤਾਂ ਉਨ੍ਹਾਂ ਨੂੰ ਅਲੱਗ ਕਰ ਸਕਦੀ ਹੈ।

ਡੇਟਾ ਦੇ ਯੁੱਗ ਵਿਚ ਗੋਪਨੀਯਤਾ ਏ.ਆਈ. ਡੇਟਾ 'ਤੇ ਵਧਦਾ ਹੈ। ਹਰ ਕਲਿੱਕ, ਖੋਜ ਅਤੇ ਗੱਲਬਾਤ ਨੂੰ ਰਿਕਾਰਡ ਕੀਤਾ ਜਾਂਦਾ ਹੈ ਅਤੇ ਵਿਸ਼ਲੇਸ਼ਣ ਕੀਤਾ ਜਾਂਦਾ ਹੈ। ਜਦੋਂਕਿ ਇਹ ਉਪਭੋਗਤਾ ਅਨੁਭਵ ਨੂੰ ਬਿਹਤਰ ਬਣਾਉਣ ਵਿਚ ਮਦਦ ਕਰਦਾ ਹੈ, ਇਹ ਗੋਪਨੀਯਤਾ ਅਤੇ ਡੇਟਾ ਸੁਰੱਖਿਆ ਬਾਰੇ ਸਵਾਲ ਵੀ ਉਠਾਉਂਦਾ ਹੈ। ਉਪਭੋਗਤਾ ਅਕਸਰ ਇਸ ਗੱਲ ਤੋਂ ਅਣਜਾਣ ਰਹਿੰਦੇ ਹਨ ਕਿ ਉਨ੍ਹਾਂ ਦੀ ਡਿਜ਼ੀਟਲ ਦੁਨੀਆਂ ਨੂੰ ਆਕਾਰ ਦੇਣ ਲਈ ਉਨ੍ਹਾਂ ਦੀ ਨਿੱਜੀ ਜਾਣਕਾਰੀ ਦੀ ਕਿੰਨੀ ਵਰਤੋਂ ਕੀਤੀ ਜਾ ਰਹੀ ਹੈ।

**ਭਵਿੱਖ:** ਨਵੀਨਤਾ ਅਤੇ ਜ਼ਿੰਮੇਵਾਰੀ ਵਿਚਕਾਰ ਸੰਤੁਲਨ ਸੋਸ਼ਲ ਮੀਡੀਆ ਵਿਚ ਏ.ਆਈ. ਅੰਦਰੂਨੀ ਤੌਰ 'ਤੇ ਚੰਗਾ ਜਾਂ ਮਾੜਾ ਨਹੀਂ ਹੈ, ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਇਸਨੂੰ ਕਿਵੇਂ ਵਰਤਿਆ ਜਾਂਦਾ ਹੈ। ਜਿਵੇਂ-ਜਿਵੇਂ ਤਕਨਾਲੋਜੀ ਵਿਕਸਿਤ ਹੁੰਦੀ ਹੈ, ਨੈਤਿਕ ਏ.ਆਈ. ਅਭਿਆਸਾਂ, ਪਾਰਦਰਸ਼ੀ ਐਲਗੋਰਿਦਮ ਅਤੇ ਸੂਚਿਤ ਉਪਭੋਗਤਾਵਾਂ ਦੀ ਵਧਦੀ ਲੋੜ ਹੈ। ਸਰਕਾਰਾਂ, ਕੰਪਨੀਆਂ ਅਤੇ ਵਿਅਕਤੀਆਂ ਦੀ ਇਹ ਯਕੀਨੀ ਬਣਾਉਣ ਵਿਚ ਭੂਮਿਕਾ ਨਿਭਾਉਣੀ ਪੈਂਦੀ ਹੈ ਕਿ ਏ.ਆਈ ਸਮਾਜ ਨੂੰ ਹੇਰਾਫੇਰੀ ਕਰਨ ਦੀ ਬਜਾਏ ਸੇਵਾ ਕਰਦਾ ਹੈ।

ਸਿੱਟਾ ਏ.ਆਈ. ਆਧੁਨਿਕ ਸੋਸ਼ਲ ਮੀਡੀਆ ਦੀ ਰੀੜ੍ਹ ਦੀ ਹੱਡੀ ਬਣ ਗਿਆ ਹੈ, ਜੋ ਅਸੀਂ ਦੇਖਦੇ ਹਾਂ, ਸੋਚਦੇ ਹਾਂ ਅਤੇ ਸਾਂਝਾ ਕਰਦੇ ਹਾਂ ਉਸ ਨੂੰ ਚੁੱਪਚਾਪ ਮਾਰਗਦਰਸ਼ਨ ਕਰਦਾ ਹੈ। ਇਸ ਨੇ ਪਲੇਟਫਾਰਮਾਂ ਨੂੰ ਚੁਸਤ, ਤੇਜ਼ ਅਤੇ ਵਧੇਰੇ ਦਿਲਚਸਪ ਬਣਾਇਆ ਹੈ– ਪਰ ਹੋਰ ਗੁੰਝਲਦਾਰ ਅਤੇ ਕਈ ਵਾਰ ਵਧੇਰੇ ਜ਼ੋਖਮ ਭਰਿਆ ਵੀ। ਅੱਗੇ ਦੀ ਚੁਣੌਤੀ ਏ.ਆਈ. ਦਾ ਵਿਰੋਧ ਕਰਨਾ ਨਹੀਂ ਹੈ, ਪਰ ਇਸਨੂੰ ਸਮਝਣਾ, ਸਵਾਲ ਕਰਨਾ ਅਤੇ ਇਸਦੀ ਸਮਝਦਾਰੀ ਨਾਲ ਵਰਤੋਂ ਕਰਨੀ ਹੈ।

ਕਿਉਂਕਿ ਡਿਜ਼ੀਟਲ ਯੁੱਗ ਵਿਚ, ਇਹ ਸਿਰਫ਼ ਸਕ੍ਰੌਲਿੰਗ ਬਾਰੇ ਨਹੀਂ ਹੈ - ਇਹ ਜਾਣਨ ਬਾਰੇ ਕਿ ਕੌਣ (ਜਾਂ ਕੀ) ਸਕ੍ਰੋਲ ਨੂੰ ਆਕਾਰ ਦੇ ਰਿਹਾ ਹੈ।

# ਮੇਰੇ ਰੰਗਲੇ ਪੰਜਾਬ ਲਈ ਅਲਾਮਤ ਬਣੇ ਸੜਕਾਂ ਕੰਢੇ ਉੱਗੇ ਜ਼ਹਿਰੀਲੀ ਬੂਟੀ ਦੇ ਜੰਗਲ

## ਮੁੱਖ ਸੜਕਾਂ ਕੰਢੇ ਵਿਦੇਸ਼ਾਂ ਤੋਂ ਆਉਣ ਵਾਲੇ ਪੰਜਾਬੀਆਂ ਦੀ ਲੁੱਟ ਨੂੰ ਰੋਕਿਆ ਜਾਵੇ


**ਸਿੰਦਰ ਸਿੰਘ ਮੀਰਪੁਰੀ**
ਫਰਿਜ਼ਨੋ (ਅਮਰੀਕਾ)
559-285-0841
ਪੰਜਾਬ ਮੇਲ USA




ਜਦ ਵੀ ਅਮਰੀਕਾ ਤੋਂ ਪੰਜਾਬ ਦੇ ਅੰਦਰ ਦਾਖਲ ਹੁੰਦੇ ਹਾਂ, ਤਾਂ ਮਨ ਇੱਕ ਵੱਖਰੀ ਹੀ ਤਰ੍ਹਾਂ ਦਾ ਖੁਸ਼ੀ ਦੇ ਨਾਲ ਭਰਿਆ ਹੁੰਦਾ ਹੈ ਕਿ ਹੁਣ ਆਪਣੇ ਵਤਨਾਂ ਨੂੰ ਫੇਰਾ ਪਾ ਰਹੇ ਹਾਂ ਪਰ ਕਈ ਖਿੱਤਿਆਂ ਅੰਦਰ ਜਾ ਕੇ ਮਨ ਨੂੰ ਨਿਰਾਸ਼ਾ ਹੁੰਦੀ ਹੈ ਕਿ ਇਹ ਕਿੰਨੀਆਂ ਅਲਾਮਤਾਂ ਮੇਰੇ ਪੰਜਾਬ ਨੂੰ ਚੁੰਬੜ ਚੁੱਕੀਆਂ ਹਨ। ਵੱਖ-ਵੱਖ ਤਰ੍ਹਾਂ ਦੀਆਂ ਘਟਨਾਵਾਂ ਲੈ ਕੇ ਅਸੀਂ ਹਰ ਰੋਜ਼ ਦਰਸ਼ਕਾਂ ਦੇ ਸਨਮੁੱਖ ਹੁੰਦੇ ਹਾਂ ਪਰ ਅੱਜ ਇੱਕ ਵੱਖਰੀ ਹੀ ਤਰ੍ਹਾਂ ਦਾ ਮਾਮਲਾ ਲੈ ਕੇ ਆਏ ਹਾਂ, ਜੋ ਸਾਡੇ ਨਾਲ ਜੁੜਿਆ ਹੈ। ਕਿਉਂਕਿ ਇਸ ਮਸਲੇ ਦੇ ਨਾਲ ਵੀ ਪਿਛਲੇ ਲੰਬੇ ਸਮੇਂ ਤੋਂ ਵਿਦੇਸ਼ਾਂ ਤੋਂ ਪੰਜਾਬ ਆਉਣ ਵਾਲਿਆਂ ਨਾਲ ਘਟਨਾਵਾਂ ਵਾਪਰ ਚੁੱਕੀਆਂ ਹਨ ਅਤੇ ਉਨ੍ਹਾਂ ਨੂੰ ਸੜਕਾਂ 'ਤੇ ਲੁੱਟਿਆ ਜਾਂਦਾ ਹੈ।

ਪੰਜਾਬ ਅੰਦਰ ਕਿਸੇ ਵੀ ਪਾਸਿਓਂ ਦਾਖਲ ਹੋਣ ਤੋਂ ਬਾਅਦ ਸਾਂਝੀਆਂ, ਸੁੰਨੀਆਂ ਪੰਚਾਇਤੀ ਥਾਵਾਂ ਦੇ ਅੰਦਰ ਤੇ ਬਹੁਤ ਸਾਰੀਆਂ ਸੜਕਾਂ ਦੇ ਆਲੇ-ਦੁਆਲੇ ਫ਼ੈਲੇ ਜ਼ਹਿਰੀਲੀ ਗਾਜਰ ਬੂਟੀ 'ਤੇ ਭੰਗ ਦੇ ਬੂਟਿਆਂ ਦੇ ਬਣੇ 'ਅਲਾਮਤੀ ਜੰਗਲਾਂ' ਦੀ ਬਦੌਲਤ ਕਿਸੇ ਵੀ ਵੇਲੇ ਕੋਈ ਨਾ ਕੋਈ ਖ਼ਤਰਨਾਕ ਹਾਦਸਾ ਹੋਣ ਦਾ ਡਰ ਬਣਿਆ ਰਹਿੰਦਾ ਹੈ ਅਤੇ ਕਿੰਨੇ ਹੀ ਘਰਾਂ ਦੇ ਇੱਕਲੌਤੇ ਚਿਰਾਗ ਇਸ ਆਪ ਮੁਹਾਰੇ ਉੱਘੇ ਜੰਗਲ ਵੱਲੋਂ ਬੁਝਾਏ ਜਾ ਚੁੱਕੇ ਹਨ। ਬਹੁਤੀਆਂ ਮੁੱਖ ਤੇ ਲਿੰਕ ਸੜਕਾਂ 'ਤੇ ਜਾਂਦਿਆਂ ਲਗਭਗ 5 ਤੋਂ 15 ਫੁੱਟ ਤੱਕ ਲੰਬੇ ਇਸ ਜ਼ਹਿਰੀਲੀ ਬੂਟੀ ਅਤੇ ਭੰਗ ਦੇ ਬੂਟਿਆਂ ਦੀ ਭਰਮਾਰ ਅਕਸਰ ਸਾਨੂੰ ਆਮ



ਮਿਲ ਜਾਂਦੀ ਹੈ, ਜਿਸ ਦੀ ਬਦੌਲਤ ਕਿੰਨੇ ਹੀ ਸੜਕ ਹਾਦਸੇ ਹੋਣ ਤੋਂ ਬਾਅਦ ਅਨੇਕਾਂ ਇਨਸਾਨਾਂ ਨੇ ਆਪਣੀ ਜਾਨ ਤੋਂ ਹੱਥ ਧੋਤੇ ਹਨ ਕਿਉਂਕਿ ਸੜਕ 'ਤੇ ਜਾ ਰਹੇ ਕਿਸੇ ਵੀ ਵਾਹਨ ਸਵਾਰ ਨੂੰ ਇਨ੍ਹਾਂ ਬੂਟਿਆਂ 'ਚੋਂ ਨਿਕਲ ਕੇ ਅਚਾਨਕ ਵਾਹਨ 'ਚ ਲੱਗੇ ਜਾਨਵਰ ਵਗੈਰਾ ਦਾ ਪਤਾ ਨਹੀਂ ਲੱਗਦਾ।

ਸੜਕ 'ਤੇ ਬਣੇ ਇਨ੍ਹਾਂ ਜੰਗਲਾਂ ਵਿਚ ਵੇਲੇ-ਕੁਵੇਲੇ ਨਸ਼ੇੜੀਆਂ ਵੱਲੋਂ ਆਪਣੇ ਨਸ਼ੇ ਦੀ ਪੂਰਤੀ ਕਰਨ ਤੋਂ ਬਾਅਦ ਰਾਹਗੀਰਾਂ ਨੂੰ ਲੁੱਟਣ ਦੀਆਂ ਘਟਨਾਵਾਂ ਵੀ ਚਰਮ ਸੀਮਾ ਨੂੰ ਪਹੁੰਚ ਚੁੱਕੀਆਂ ਹਨ। ਬਹੁਤ ਵਾਰ ਨਸ਼ੇੜੀਆਂ ਵੱਲੋਂ ਲੁੱਟ ਨੂੰ ਅੰਜਾਮ ਦੇਣ ਤੋਂ ਬਾਅਦ ਰਾਹਗੀਰਾਂ ਦੇ ਸੱਟਾਂ ਵੀ ਮਾਰੀਆਂ ਜਾਂਦੀਆਂ ਹਨ, ਜਿਸ ਦਾ ਪਤਾ ਉਸ ਦੇ ਪਰਿਵਾਰਕ ਮੈਂਬਰਾਂ ਨੂੰ ਸਵੇਰ ਵੇਲੇ ਲੱਗਦਾ ਹੈ। ਸੁੰਨੀਆਂ ਥਾਵਾਂ 'ਤੇ ਜ਼ਹਿਰੀਲੀ ਬੂਟੀ ਤੇ ਭੰਗ ਦੇ ਬੂਟਿਆਂ ਦੀ ਭਰਮਾਰ ਆਏ ਦਿਨ ਵਧ ਰਹੀ ਹੈ। ਜਦੋਂ ਬਹੁਤ ਵਾਰ ਅਸੀਂ ਪੰਜਾਬ ਨੂੰ ਬਚਾਉਣ ਵਾਲੀਆਂ ਸ਼ਖਸੀਅਤਾਂ ਦੇ ਨਾਲ ਗੱਲ ਕਰਦੇ ਹਾਂ, ਤਾਂ ਬਹੁਤ ਸਾਰੇ ਸੱਜਣਾਂ ਨੇ ਆਖਿਆ ਪੰਜਾਬ ਦੀ ਧਰਤੀ 'ਤੇ ਬੇਸ਼ੁਮਾਰ ਰੂਪ ਵਿਚ ਵਧ ਰਹੀ ਜ਼ਹਿਰੀਲੀ ਬੂਟੀ ਦਾ ਇੱਕ ਪੱਖ ਇਹ ਵੀ ਹੈ ਕਿ ਜੇਕਰ ਕਿਸੇ ਵੀ ਇਨਸਾਨ ਵੱਲੋਂ ਇਸ ਬੂਟੀ ਨੂੰ ਛੂਹਿਆ ਜਾਂਦਾ ਹੈ, ਤਾਂ ਉਸ ਦਾ ਸਰੀਰ ਐਲਰਜੀ ਦਾ ਸ਼ਿਕਾਰ ਹੋ ਜਾਂਦਾ ਹੈ, ਖਾਸ ਕਰ ਇਸ ਦੇ ਕਾਰਨ ਚਮੜੀ ਦੇ ਰੋਗਾਂ ਦੀ ਗਿਣਤੀ ਵਿਚ ਵੱਡਾ ਵਾਧਾ ਹੋ ਰਿਹਾ ਹੈ।

ਹੈਰਾਨੀ ਦੀ ਗੱਲ ਹੈ ਕਿ ਇਸ ਜ਼ਹਿਰੀਲੀ ਬੂਟੀ ਨੇ ਹੁਣ ਸੜਕਾਂ ਤੋਂ ਬਾਅਦ ਪੰਜਾਬ ਦੇ ਖੇਤਾਂ ਨੂੰ ਵੀ ਆਪਣੇ ਕਲਾਵੇ ਵਿਚ ਲੈਣਾ ਸ਼ੁਰੂ ਕਰ ਦਿੱਤਾ ਹੈ, ਕਿਸਾਨਾਂ ਅਨੁਸਾਰ ਜਿਨ੍ਹਾਂ ਖੇਤਾਂ ਵਿਚ ਇਸ ਬੂਟੀ ਦਾ ਬੀਜ ਇੱਕ ਵਾਰ ਪੈ ਗਿਆ, ਉੱਥੇ ਫ਼ਸਲ ਨੂੰ ਬਹੁਤ ਵੱਡਾ ਨੁਕਸਾਨ ਹੋ ਰਿਹਾ ਹੈ। ਸਿਤਮ ਦੀ ਗੱਲ ਹੈ ਕਿ ਆਮ ਜਨਤਾ ਲਈ ਜੀਅ ਦਾ ਜੰਜਾਲ ਬਣਿਆ, ਇਹ ਆਪ ਮੁਹਾਰੇ ਉੱਗਿਆ ਜੰਗਲ ਪਤਾ ਨਹੀਂ ਸਬੰਧਤ ਵਿਭਾਗ ਦੀ ਨਜ਼ਰ ਕਿਉਂ ਨਹੀਂ ਚੜ੍ਹ ਰਿਹਾ। ਕਈ ਵਰ੍ਹੇ ਪਹਿਲਾਂ ਪੰਜਾਬ ਦੇ ਅੰਦਰ ਇਸ ਅਲਾਮਤੀ ਜੰਗਲ ਦੀ ਸ਼ੁਰੂਆਤ ਹੋਈ ਸੀ, ਉਦੋਂ ਵੀ ਚਿੰਤਕ ਲੋਕਾਂ ਨੇ ਇਸ ਪਾਸੇ ਵੱਲ ਧਿਆਨ ਖਿੱਚਿਆ ਸੀ।

ਇਸ ਮਸਲੇ ਨੂੰ ਲੈ ਕੇ ਸਰਕਾਰਾਂ ਅਤੇ ਸਾਨੂੰ ਸਾਰਿਆਂ ਨੂੰ ਗੰਭੀਰ ਹੋਣ ਦੀ ਲੋੜ ਹੈ ਕਿਉਂਕਿ ਇਹ ਮਾਮਲਾ ਵਿਦੇਸ਼ਾਂ ਤੋਂ ਆਉਣ ਵਾਲੇ ਲੋਕਾਂ ਨਾਲ ਵੀ ਜੁੜਿਆ ਹੋਇਆ ਹੈ, ਇਸੇ ਲਈ ਚੰਗਾ ਹੋਵੇ, ਸਰਕਾਰ ਇਸ ਜੰਗਲ ਨੂੰ 'ਵਿਉਂਤਣ' ਲਈ ਤੱਤਪਰ ਨੌਜਵਾਨ ਕਲੱਬਾਂ ਨੂੰ ਸਹਿਯੋਗ ਦਿੰਦਿਆਂ ਮਨੁੱਖੀ ਜਾਨਾਂ, ਲੁੱਟੇ ਜਾ ਰਹੇ ਰਾਹਗੀਰਾਂ ਅਤੇ ਆਮ ਲੋਕਾਂ ਨੂੰ ਬਿਮਾਰੀਆਂ ਤੋਂ ਬਚਾਉਣ ਦੇ ਲਈ ਵੱਡੇ ਉਪਰਾਲੇ ਤਹਿਤ ਇਸ 'ਅਲਾਮਤੀ' ਜੰਗਲ ਨੂੰ ਪੁੱਟਣ ਲਈ ਸ਼ੁਰੂਆਤ ਕਰੇ। ਚੰਗਾ ਹੋਵੇ, ਜੇਕਰ ਸੂਬਾ ਸਰਕਾਰ ਇਸ ਮਸਲੇ 'ਤੇ ਵੱਡਾ ਕਦਮ ਚੁੱਕ ਕੇ ਪੰਜਾਬ ਸਮਾਜ ਸੇਵੀ ਸੰਸਥਾਵਾਂ ਨੂੰ ਨਾਲ ਲੈ ਕੇ ਪੰਜਾਬ ਨੂੰ ਇਸ ਅਲਾਮਤ ਤੋਂ ਬਚਾਉਣ ਦਾ ਯਤਨ ਕਰੇ ਕਿਉਂਕਿ ਜ਼ਹਿਰੀਲੀ ਬੂਟੀ ਨੇ ਪੰਜਾਬ ਦੇ ਅੰਦਰ ਵੱਡੇ ਪੱਧਰ 'ਤੇ ਬਿਮਾਰੀਆਂ ਨੂੰ ਸੱਦਾ ਦਿੱਤਾ ਹੈ ਅਤੇ ਸੜਕਾਂ ਕੰਢੇ ਵਿਦੇਸ਼ੀ ਲੋਕਾਂ ਦੀ ਲੁੱਟ ਵੀ ਬਚ ਸਕੇ।

## ਗੁਰਗੱਦੀ 'ਤੇ ਵਿਸ਼ੇਸ਼

# ਗੁਰੂ ਅਮਰਦਾਸ ਸਾਹਿਬ ਜੀ

ਪ੍ਰਮਿੰਦਰ ਸਿੰਘ 'ਪ੍ਰਵਾਨਾ'
ਕੈਲੀਫੋਰਨੀਆ
510-415-9377
ਪੰਜਾਬ ਮੇਲ USA





ਭਾਰਤ ਦੇ ਮੱਧਕਾਲੀਨ ਇਤਿਹਾਸ ਵਿਚ ਰਾਜਨੀਤਿਕ ਸਥਿਤੀ ਡਾਂਵਾਡੋਲ ਸੀ। ਦੇਸ਼ ਛੋਟੇ-ਛੋਟੇ ਆਜ਼ਾਦ ਰਾਜਾਂ ਵਿਚ ਵੰਡਿਆ ਹੋਇਆ ਸੀ। ਜਨ ਸਾਧਾਰਨ ਰਾਜਨੀਤਿਕ ਅਤੇ ਧਾਰਮਿਕ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਸੀ। ਪੰਦਰਵੀਂ ਸਦੀ ਵਿਚ ਭਗਤੀ ਲਹਿਰ ਨਾਲ ਸਮਾਜ ਵਿਚ ਇੱਕ ਵੱਖਰਾ ਅਤੇ ਨਵਾਂ ਇਨਕਲਾਬ ਆਇਆ। ਭਗਤੀ ਲਹਿਰ ਦੇ ਸੁਧਾਰਕਾਂ ਨੇ ਮਨੁੱਖਤਾ ਦੇ ਦਿਲਾਂ ਵਿਚ ਆਤਮਿਕ ਅਧਿਆਤਮਿਕ ਜੋਤ ਜਗਾਈ। ਧਰਮ ਨਾਲ ਜੁੜੇ ਸੰਸਕਾਰਾਂ ਵਿਚ ਜਾਗ੍ਰਿਤੀ ਆਈ। ਇਸੇ ਲੜੀ ਵਿਚ ਗੁਰੂ ਨਾਨਕ ਦੇਵ ਸਾਹਿਬ ਜੀ ਦਾ ਆਗਮਨ 1469 ਈ. ਵਿਚ ਹੋਇਆ। ਆਪ ਸਿੱਖ ਲਹਿਰ ਦੇ ਮੋਢੀ ਵਿਚਾਰਧਾਰਕ ਆਗੂ ਸਨ। ਆਪ ਜੀ ਦਾ ਸਥਾਪਤ ਗੁਰਮਤਿ ਇਕ ਵਿਲੱਖਣ ਮੱਤ ਸੀ। ਸਿੱਖ ਧਰਮ ਇਕ ਪ੍ਰਮਾਤਮਾ ਨੂੰ ਮੰਨਣ ਵਾਲਾ ਕੌਮੀ ਮਾਰਗ ਹੈ। ਸਿੱਖੀ ਦਾ ਰੂਹਾਨੀ ਅਤੇ ਕੌਮੀ ਆਧਾਰ, ਸਿੱਖਾਂ ਦੇ ਪਹਿਲੇ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਸਥਾਪਤ ਕੀਤਾ। ਬਾਅਦ ਦੇ 9 ਗੁਰੂਆਂ ਵੱਲੋਂ ਸਮੇਂ-ਸਮੇਂ ਸਮਾਜਿਕ ਬੁਰਾਈਆਂ ਨੂੰ ਦੂਰ ਕਰਕੇ ਅਧਿਆਤਮਕਤਾ ਦਾ ਰਾਹ ਦਰਸਾਇਆ। ਇਸ ਨਿਰੰਤਰ ਸਮਾਜ ਸੁਧਾਰ ਵਿਚ ਗੁਰੂ ਸਾਹਿਬਾਨ ਨੇ ਮੁਕਤੀ ਵਿਚਾਰ ਨੂੰ ਨਵਾਂ ਅਰਥ ਦੇ ਕੇ ਮਨੁੱਖਤਾ ਦੀ ਸੇਵਾ ਨਾਲ ਜੋੜ ਦਿੱਤਾ। ਗੁਰੂ ਸਾਹਿਬਾਨ ਜੀ ਦੀਆਂ ਸਿੱਖਿਆਵਾਂ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਸਿੱਖ ਧਰਮ ਦਾ ਆਧਾਰ ਹੈ ਕਿ ਇਕ ਪ੍ਰਮਾਤਮਾ ਵਿਚ ਯਕੀਨ ਰੱਖਣਾ ਹੈ। ਗੁਰੂ ਨਾਨਕ ਦੇਵ ਸਾਹਿਬ ਜੀ ਨੇ ਆਪਣੇ ਜੋਤੀ-ਜੋਤ ਸਮਾਉਣ ਵੇਲੇ ਆਪਣੇ ਸਿੱਖ ਗੁਰੂ ਅੰਗਦ ਦੇਵ ਸਾਹਿਬ ਜੀ ਨੂੰ ਸਿੱਖੀ ਮਾਰਗ ਦੀ ਰਹਿਨੁਮਾਈ ਦੀ ਜ਼ਿੰਮੇਵਾਰੀ ਦਿੱਤੀ। ਇਹ ਗੁਰੂ ਪ੍ਰਥਾ ਦਸਵੇਂ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸਮੇਂ 1708 ਤੱਕ ਜਾਰੀ ਰਹੀ। ਉਪਰੰਤ ਗੁਰਗੱਦੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪ੍ਰਾਪਤ ਹੋਈ। ਸੰਨ 1699 ਈ. ਦੀ ਵਿਸਾਖੀ 'ਤੇ ਪੰਜ ਪਿਆਰੇ ਸਾਜ ਕੇ ਫੌਜੀ ਖਾਲਸਾ ਕਾਇਮ ਕੀਤਾ। ਸਿੱਖਾਂ ਨੂੰ ਇਕ ਵੱਖਰੀ ਪਛਾਣ ਦਿੱਤੀ। ਇਸੇ ਗੁਰੂ ਪ੍ਰਥਾ ਵਿਚ ਗੁਰੂ ਅਮਰਦਾਸ ਸਾਹਿਬ ਜੀ ਸਿੱਖਾਂ ਦੇ ਤੀਸਰੇ ਗੁਰੂ ਹੋਏ ਹਨ।

ਆਪ ਜੀ ਦਾ ਆਗਮਨ ਪਿੰਡ ਬਾਸਰਕੇ ਗਿੱਲਾਂ (ਅੰਮ੍ਰਿਤਸਰ), ਪਿਤਾ ਬਾਬਾ ਤੇਜ਼ਭਾਨ ਜੀ ਭੱਲਾ ਖਤਰੀ ਅਤੇ ਮਾਤਾ ਬਖਤ ਕੌਰ ਦੇ ਗ੍ਰਹਿ ਵਿਖੇ 23 ਮਈ, 1479 ਨੂੰ ਹੋਇਆ। ਪਰਿਵਾਰ ਖੇਤੀ ਅਤੇ ਦੁਕਾਨ ਵਪਾਰ ਕਰਦਾ ਸੀ। ਬੜਾ ਮਿਹਨਤੀ ਪਰਿਵਾਰ ਸੀ। ਧਾਰਮਿਕ ਬਿਰਤੀ ਵਾਲੇ ਸਨ। ਧਾਰਮਿਕ ਤੌਰ 'ਤੇ ਵੈਸ਼ਣਵੀ ਹਿੰਦੂ ਧਰਮ ਨਾਲ ਜੁੜੇ ਹੋਏ ਸਨ। ਆਪ ਜੀ ਦਾ ਵਿਆਹ 24 ਸਾਲ ਦੀ ਉਮਰ ਵਿਚ ਸਨਖੱਤ੍ਰਾ ਪਿੰਡ ਦੇ ਬਹਿਲ ਪਰਿਵਾਰ ਵਿਚ 1503 ਨੂੰ ਮਾਤਾ ਮਨਸਾ ਦੇਵੀ ਨਾਲ ਹੋਇਆ। ਆਪ ਜੀ ਦੇ ਦੋ ਪੁੱਤਰ ਭਾਈ ਮੋਹਨ ਅਤੇ ਭਾਈ ਮੋਹਰੀ, ਦੋ ਧੀਆਂ ਬੀਬੀ ਦਾਨੀ ਅਤੇ ਬੀਬੀ ਭਾਨੀ ਹੋਏ। ਆਪ 42 ਸਾਲ ਦੀ ਉਮਰ 1521 ਈ. ਨੂੰ ਹਰਿਦੁਆਰ ਤੀਰਥ ਇਸ਼ਨਾਨ 'ਤੇ ਗਏ। ਫਿਰ 20 ਸਾਲ 1541 ਤੱਕ ਨੇਮ ਨਾਲ ਹਰ ਸਾਲ ਜਾਂਦੇ ਰਹੇ।

ਆਪ ਜੀ ਦੇ ਭਤੀਜੇ ਦੀ ਵਹੁਟੀ ਬੀਬੀ ਅਮਰੋ ਦਾ ਅੰਮ੍ਰਿਤ ਵੇਲੇ ਰੱਬੀ-ਬਾਣੀ ਪੜ੍ਹਨ ਦੇ ਨੇਮ ਸੀ। ਰੱਬੀ ਬਾਣੀ ਜਦੋਂ ਅਮਰਦਾਸ ਜੀ ਨੇ ਸਰਵਣ ਕੀਤੀ, ਤਾਂ ਉਨ੍ਹਾਂ ਦੇ ਮਨ 'ਤੇ ਇਸ ਦਾ ਡੂੰਘਾ ਪ੍ਰਭਾਵ ਪਿਆ। ਇਸੇ ਪ੍ਰਭਾਵ ਹੇਠ ਗੁਰੂ ਦਰਸ਼ਨਾਂ ਦੀ ਤਾਂਘ ਉਨ੍ਹਾਂ ਨੂੰ ਖਡੂਰ ਸਾਹਿਬ ਖਿੱਚ ਲਿਆਈ। ਸੰਨ 1540 ਵਿਚ ਗੁਰੂ ਅੰਗਦ ਦੇਵ ਸਾਹਿਬ ਜੀ ਦੇ ਦਰਸ਼ਨ ਕਰਕੇ ਉਨ੍ਹਾਂ ਜਾਣ ਲਿਆ ਸੀ ਕਿ ਮੈਨੂੰ ਆਪਣਾ ਅਧਿਆਤਮਕ ਰਾਹ ਦਸੇਰਾ ਗੁਰੂ ਮਿਲ ਗਿਆ ਹੈ। ਤਦ 62 ਸਾਲ ਦੀ ਉਮਰ ਵਿਚ ਉਨ੍ਹਾਂ ਗੁਰੂ ਅੰਗਦ ਦੇਵ ਸਾਹਿਬ ਜੀ ਨੂੰ ਆਪਣਾ ਗੁਰੂ ਧਾਰ ਲਿਆ।

ਆਪ ਖਡੂਰ ਸਾਹਿਬ ਵਿਖੇ ਗੁਰੂ ਅੰਗਦ ਦੇਵ ਸਾਹਿਬ ਜੀ ਦੀ ਸੇਵਾ ਵਿਚ ਪੱਕੇ ਤੌਰ 'ਤੇ ਰਹਿਣ ਲੱਗੇ। ਉਹ ਦਿਨ-ਰਾਤ ਸੇਵਾ 'ਚ ਜੁੱਟ ਗਏ। ਖਡੂਰ ਸਾਹਿਬ ਤੋਂ ਬਿਆਸ ਦਰਿਆ ਤਿੰਨ ਕੋਹ 'ਤੇ ਹੈ। ਆਪ ਅੰਮ੍ਰਿਤ ਵੇਲੇ ਗੁਰੂ ਅੰਗਦ ਦੇਵ ਸਾਹਿਬ ਜੀ ਦੇ ਇਸ਼ਨਾਨ ਲਈ ਗਾਗਰ ਭਰ ਕੇ ਲਿਆਉਂਦੇ। ਲੰਗਰਾਂ ਦੀ ਸੇਵਾ ਵਿਚ ਲੱਕੜੀ ਲਿਆਉਣਾ, ਭਾਂਡੇ ਮਾਂਜਣਾ, ਪਾਣੀ ਢੋਣਾ, ਪੱਖਾ ਝੱਲਣਾ ਤੇ ਸੰਗਤਾਂ ਦੇ ਸੁੱਖ ਆਰਾਮ ਲਈ ਸੇਵਾ ਕਰਨ ਦਾ ਨੇਮ ਸੀ। ਵਿਹਲੇ ਸਮੇਂ ਗੁਰੂ ਅੰਗਦ ਦੇਵ ਸਾਹਿਬ ਜੀ ਪਾਸੋਂ ਗੁਰੂ ਨਾਨਕ ਦੀ ਬਾਣੀ ਪੜ੍ਹਦੇ ਰਹਿਣਾ। ਗੁਰੂ ਅੰਗਦ ਦੇਵ ਸਾਹਿਬ ਜੀ ਕੋਲ ਗੁਰਬਾਣੀ ਦਾ ਸੰਗ੍ਰਹਿ ਸੀ। ਬਾਣੀ ਦੀ ਇਸ ਲਗਨ ਨੇ ਉਨ੍ਹਾਂ ਨੂੰ 74 ਸਾਲ ਦੀ ਉਮਰ 'ਚ ਗੁਰਬਾਣੀ ਦਾ ਰਚੇਤਾ ਬਣਾ ਦਿੱਤਾ। ਉਨ੍ਹਾਂ ਨੇ 12 ਸਾਲ ਤੱਕ ਗੁਰੂ ਦੀ ਸੇਵਾ ਕੀਤੀ।

ਲੋਕਾਂ ਨੇ ਉਨ੍ਹਾਂ ਦਾ ਮਖੌਲ ਵੀ ਉਡਾਇਆ। ਉਨ੍ਹਾਂ ਨੂੰ ਨੌਕਰ, ਪਾਗਲ, ਕਹਾਰਾ ਆਦਿ ਕਿਹਾ। ਆਪ ਜੀ ਨੇ ਇਸ ਨਰਾਦਰੀ ਦੀ ਕਦੇ ਪ੍ਰਵਾਹ ਨਹੀਂ ਕੀਤੀ। ਉਨ੍ਹਾਂ ਦੇ ਮਨ ਵਿਚ ਗੁਰੂ ਦੀ ਸੇਵਾ ਅਤੇ ਸਤਿਕਾਰ ਸੀ। ਗੁਰੂ ਅੰਗਦ ਦੇਵ ਸਾਹਿਬ ਜੀ ਨੇ ਉਨ੍ਹਾਂ ਦੀ ਨਿਰਾਦਰੀ ਸੁਣ ਕੇ ਕਿਹਾ ਕਿ ਆਪ ਧੰਨ ਹੋ, ਆਪ ਨਿਥਾਵਿਆਂ ਦੀ ਥਾਂ, ਨਿਆਸਰਿਆਂ ਦਾ ਆਸਰਾ ਹੋ, ਨਿਘਰਿਆਂ ਦਾ ਘਰ ਹੋ ਆਦਿ ਨਾਵਾਂ ਨਾਲ ਪ੍ਰਸ਼ੰਸਾ ਅਤੇ ਸਨਮਾਨ ਕੀਤਾ। ਆਪ ਜੀ ਦੀ ਗੁਰੂ ਪ੍ਰਤੀ ਸ਼ਰਧਾ, ਸੇਵਾ ਭਾਵਨਾ, ਹਲੀਮੀ, ਨਿਮਰਤਾ ਅਤੇ ਪ੍ਰਬੰਧਕੀ ਯੋਗਤਾ ਤੋਂ ਪ੍ਰਭਾਵਿਤ ਹੋ ਕੇ 29 ਮਾਰਚ, 1552 ਨੂੰ ਗੁਰਗੱਦੀ ਸੌਂਪ ਦਿੱਤੀ। ਜਦਕਿ ਆਪ ਜੀ ਦੀ ਉਮਰ 6 ਦਹਾਕੇ ਪਾਰ ਕਰ ਚੁੱਕੀ ਸੀ।

ਗੁਰੂ ਅੰਗਦ ਦੇਵ ਸਾਹਿਬ ਜੀ ਦੇ ਅਦੇਸ਼ ਅਨੁਸਾਰ ਸਿੱਖ ਧਰਮ ਦਾ ਪ੍ਰਚਾਰ ਕੇਂਦਰ ਖਡੂਰ ਸਾਹਿਬ ਤੋਂ ਗੋਇੰਦਵਾਲ ਬਣਾ ਲਿਆ ਸੀ। ਇਹ ਨਗਰ ਵੀ ਗੁਰੂ ਅੰਗਦ ਦੇਵ ਸਾਹਿਬ ਜੀ ਦੇ ਕਹਿਣ 'ਤੇ ਹੀ ਆਪ ਵੱਲੋਂ ਵਸਾਇਆ ਗਿਆ ਸੀ। ਗੁਰਗੱਦੀ 'ਤੇ ਬੈਠਦਿਆਂ ਹੀ ਭਾਵੇਂ ਆਪ ਜੀ ਨੂੰ ਘਰੇਲੂ ਅਨੇਕ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਜਿਵੇਂ ਗੁਰੂ ਅੰਗਦ ਦੇਵ ਸਾਹਿਬ ਜੀ ਦੇ ਸਪੁੱਤਰ ਬਾਬਾ ਦਾਤੂ ਜੀ ਨੇ ਗੁਰਆਈ ਗੱਦੀ ਨੂੰ ਲੈ ਕੇ ਆਪ ਜੀ ਦੀ ਵਿਰੋਧਤਾ ਕੀਤੀ। ਉਹ ਇਕ ਦਿਨ ਗੋਇੰਦਵਾਲ ਸਾਹਿਬ ਆ ਕੇ ਜਬਰੀ ਗੁਰਗੱਦੀ 'ਤੇ ਬੈਠ ਗਿਆ। ਆਪ ਜੀ ਨੂੰ ਅਹਿਸਾਸ ਕਿ ਉਨ੍ਹਾਂ ਖੁਦ ਗੁਰੂ ਅੰਗਦ ਦੇਵ ਸਾਹਿਬ ਜੀ ਦੀ 12 ਸਾਲ ਸੇਵਾ ਕੀਤੀ ਹੈ ਤੇ ਸ਼ਾਂਤ ਰਹੇ। ਨਿਸ਼ਕਾਮ ਸੇਵਾ ਲਈ ਉਨ੍ਹਾਂ ਦੇ ਮਨ ਵਿਚ ਕੋਈ ਲਾਲਸਾ ਤੇ ਵਡਿਆਈ ਨਹੀਂ ਸੀ। ਗੁਰੂ ਜੀ ਇਸੇ ਝਗੜੇ ਵਿਚ ਆਪ ਬਾਸਰਕੇ ਆ ਗਏ। ਪਰ ਸੰਗਤਾਂ ਨੇ ਬਾਬਾ ਦਾਤੂ ਜੀ ਨੂੰ ਗੁਰੂ ਮੰਨਣ ਤੋਂ ਇਨਕਾਰ ਕਰ ਦਿੱਤਾ। ਫਿਰ ਗੁਰੂ ਸਾਹਿਬ ਜੀ ਨੂੰ ਸੰਗਤਾਂ ਨੇ ਗੋਇੰਦਵਾਲ ਸਾਹਿਬ ਮੋੜ ਲਿਆਂਦਾ। ਬਾਬਾ ਦਾਤੂ ਜੀ ਨੇ ਬਾਦਸ਼ਾਹ ਅਕਬਰ ਕੋਲ ਵੀ ਗੁਰੂ ਸਾਹਿਬ ਵਿਰੁੱਧ ਸ਼ਿਕਾਇਤ ਕੀਤੀ ਪਰ ਸਫਲ ਨਾ ਹੋ ਸਕੇ।

ਆਪਣੇ 22 ਸਾਲਾਂ ਦੇ ਗੁਰਕਾਲ ਵਿਚ ਸਿੱਖ ਮੱਤ ਦੇ ਸੰ ਗਠਨ ਤੇ ਵਿਕਾਸ ਲਈ ਸਮਾਜਿਕ ਸੁਧਾਰ ਵੀ ਕੀਤੇ। ਆਪਣੇ ਅਧਿਆਤਮਕ ਉਪਦੇਸ਼ ਵਿਚ, ਉਨ੍ਹਾ ਨੇ ਉਦਾਸੀ ਸਾਧੂਆਂ ਤੋਂ ਮੂੰਹ ਮੋੜ ਲੈਣ ਲਈ ਕਿਹਾ। ਗੁਰੂ ਸਾਹਿਬਾਨ ਸੰਸਾਰ ਨੂੰ ਸੱਚਾ ਅਤੇ ਅਰਥ ਭਰਪੂਰ ਮੰਨਦੇ ਹਨ। ਗ੍ਰਹਿਸਥ ਨਾਲ ਜੋੜਦੇ ਹਨ। ਜਦਕਿ ਲੋਕ ਝੂਠੇ ਰੀਤੀ-ਰਿਵਾਜ਼ਾਂ ਅਤੇ ਕਰਮਕਾਂਡਾਂ ਵਿਚ ਫਸੇ ਸਨ। ਗੁਰੂ ਸਾਹਿਬ ਜੀ ਨੇ ਮਨੁੱਖਤਾ ਵਿਚੋਂ ਬੁਰਾਈਆਂ ਦੂਰ ਕਰਨ ਲਈ ਜਿਵੇਂ ਧਰਮ-ਵੰਡ, ਵਰਣ-ਵੰਡ, ਜਾਤ-ਪਾਤ, ਊਚ-ਨੀਚ ਦੀ ਵੰਡ ਖਤਮ ਕਰਕੇ ਸੰਗਤ ਨੂੰ ਸੰਸਥਾਈ ਰੂਪ ਦਿੱਤਾ। ਉਨ੍ਹਾਂ ਉਪਦੇਸ਼ ਦਿੱਤਾ ਕਿ ਉੱਚੀ ਜਾਤ, ਉੱਚੇ ਕੰਮਾਂ ਕਰਕੇ ਜਾਣੀ ਜਾਂਦੀ ਹੈ। ਜਾਤ-ਪਾਤ ਦੇ ਭੇਦ ਮਿਟਾਉਣ ਲਈ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਲੰਗਰ ਦੀ ਪ੍ਰਥਾ ਸ਼ੁਰੂ ਕੀਤੀ। ਲੰਗਰ ਵਿਚ ਜਿਸ ਕਿਸੇ ਵੀ ਆਏ ਪ੍ਰਦੇਸ਼ੀ ਨਾਲ ਇਕੋ ਜਿਹਾ ਸਲੂਕ ਹੋਵੇ। ਲੰਗਰ ਦੇ ਉਦਮ ਨੂੰ ਜਾਰੀ ਰੱਖਦਿਆਂ ਸਭ ਜਾਤਾਂ ਦੀ ਸੰਗਤ ਨੂੰ ਇਕੋ ਪੰਗਤ ਵਿਚ ਬਿਠਾ ਕੇ ਪ੍ਰਸ਼ਾਦ ਛਕਾਇਆ ਜਾਂਦਾ ਸੀ। ਗੁਰੂ ਜੀ ਨੇ ਇਕੋ ਪੰਗਤ 'ਚ ਬੈਠ ਕੇ ਲੰਗਰ ਛੱਕਣਾ ਲਾਜ਼ਮੀ ਕਰ ਦਿੱਤਾ। ਪਹਿਲਾਂ ਹਰ ਇਕ ਲਈ ਪੰਗਤ, ਫਿਰ ਸੰਗਤ ਦੀ ਡੂੰਘੀ ਸਾਂਝ ਬਣਾ ਦਿੱਤੀ। ਸ਼ੂਦਰ ਅਖਵਾਉਂਦੇ ਗਰੀਬ ਲੋਕਾਂ ਦੇ ਦਿਲ ਵਿਚ ਗੁਰੂ ਸਾਬਿਹ ਲਈ ਪਿਆਰ ਅਤੇ ਸਤਿਕਾਰ ਵਧਿਆ। ਗੁਰੂ ਜੀ ਦੀ ਵਡਿਆਈ ਚੁਫੇਰੇ ਵਧਣ ਲੱਗੀ।

ਸੰਨ 1560 ਦੇ ਮੁਗਲ ਬਾਦਸ਼ਾਹ ਅਕਬਰ ਨੇ ਗੋਇੰਦਵਾਲ ਆ ਕੇ ਗੁਰੂ ਸਾਹਿਬ ਜੀ ਦੇ ਦਰਸ਼ਨ ਕੀਤੇ। ਬਾਦਸ਼ਾਹ ਨੇ ਵੀ ਲੰਗਰ ਦੀ ਪੰਗਤ 'ਚ ਬੈਠ ਕੇ ਲੰਗਰ ਪ੍ਰਸ਼ਾਦ ਛੱਕਿਆ। ਸਿੱਖਾਂ ਦੇ ਪਿਆਰ-ਭਰੇ ਸਲੂਕ ਨੂੰ ਵੇਖ ਕੇ ਬੜਾ ਪ੍ਰਸੰਨ ਹੋਇਆ। ਬਾਦਸ਼ਾਹ ਨੇ ਲੰਗਰ ਦੇ ਖਰਚੇ ਲਈ ਜਾਗੀਰ ਦੇਣੀ ਚਾਹੀ। ਗੁਰੂ ਸਾਹਿਬ ਜੀ ਨੇ ਆਖਿਆ ਕਿ ਗੁਰੂ ਕਾ ਲੰਗਰ ਸਭ ਸਿੱਖਾਂ ਦੇ ਸਾਂਝੇ ਉਦਮ ਨਾਲ ਹੀ ਚੱਲਦਾ ਹੈ। ਜਗੀਰ ਦੇ ਬਦਲੇ ਵਿਚ ਗੁਰੂ ਸਾਹਿਬ ਜੀ ਨੇ ਗੈਰ ਮੁਸਲਮਾਨਾਂ ਨੂੰ ਤੀਰਥ ਅਸਥਾਨਾਂ ਦੇ ਦਰਸ਼ਨਾਂ ਲਈ ਲੱਗਦਾ ਮਸੂਲ ਤੋਂ ਮੁਕਤ ਕਰਵਾ ਲਿਆ।

ਆਪ ਜੀ ਨੇ ਬੜੇ ਸਾਰਥਿਕ ਅਤੇ ਯੋਜਨਾਬੰਦ ਤਰੀਕੇ ਨਾਲ ਸਿੱਖ ਧਰਮ ਦਾ ਪ੍ਰਚਾਰ ਅੱਗੇ ਤੋਰਿਆ। ਆਪ ਜੀ ਨੇ ਖੁਦ ਪ੍ਰਚਾਰਕ ਦੌਰੇ ਕੀਤੇ। ਉਪਰੰਤ ਦੂਰ-ਦੂਰ ਦੇ ਖੇਤਰਾਂ ਵਿਚ ਪ੍ਰਚਾਰਕ ਭੇਜੇ। ਉਨ੍ਹਾਂ ਨੇ 22 ਪ੍ਰਚਾਰ ਕੇਂਦਰ ਸਥਾਪਿਤ ਕੀਤੇ। ਹਰ ਕੇਂਦਰ 'ਤੇ ਸਥਾਨਕ ਉੱਚ ਰੁਤਬੇ ਵਾਲੇ ਅਧਿਆਤਮਕ ਪ੍ਰਚਾਰਕ ਨੂੰ ਮੁਖੀ ਬਣਾਇਆ, ਜੋ ਸੰਗਤਾਂ ਦੀਆਂ ਧਾਰਮਿਕ ਅਤੇ ਸਮਾਜਿਕ ਲੋੜਾਂ ਪੂਰੀਆਂ ਕਰਦੇ ਸਨ। ਉਹ ਗੁਰੂ ਅਤੇ ਸੰਗਤ ਨੂੰ ਜੋੜਨ ਲਈ ਪੁਲ ਦਾ ਕੰਮ ਕਰਦੇ ਸਨ। ਸੰਗਤਾਂ ਨੂੰ ਗੁਰੂ ਸਾਹਿਬ ਜੀ ਦਾ ਹੁਕਮ ਸੁਣਾਉਂਦੇ/ਗੁਰੂ ਸਾਹਿਬ ਜੀ ਤੱਕ ਚੜ੍ਹਾਵਾ ਪਹੁੰਚਾਉਂਦੇ, ਜੋ ਇਕ ਜਗ੍ਹਾ ਜਮ੍ਹਾ ਹੋ ਕੇ ਸਮਾਜ ਭਲਾਈ ਦੇ ਕਾਰਜਾਂ ਲਈ ਖਰਚ ਹੁੰਦਾ ਸੀ। ਪ੍ਰਚਾਰਕ ਸੰਗਤ ਨੂੰ ਗੁਰਮਤਿ ਦੀਆਂ ਸਿੱਖਿਆਵਾਂ ਨਾਲ ਜੋੜਦੇ। ਸੰਗਤਾਂ ਵਿਚ ਇਹ ਪਦਵੀ ਬੜੇ ਸਤਿਕਾਰ ਅਤੇ ਇਤਬਾਰ ਵਾਲੀ ਸੀ।

ਗੁਰੂ ਅੰਗਦ ਦੇਵ ਸਾਹਿਬ ਜੀ ਨੇ ਰਾਵੀ ਦਰਿਆ ਤੇ ਬਿਆਸ ਦਰਿਆ ਵਿਚਕਾਰਲੇ ਇਲਾਕੇ ਦੇ ਪਿੰਡਾਂ ਵਿਚ ਪ੍ਰਚਾਰ ਕੀਤਾ। ਸਿੱਖਾਂ ਦੀ ਗਿਣਤੀ ਵਧਦੀ ਗਈ। ਸਿੱਖ ਧਰਮ ਦੇ ਪ੍ਰਚਾਰ ਨੂੰ ਫੈਲਾਉਣ ਲਈ ਗੁਰੂ ਜੀ ਨੇ ਸਾਰੀ ਸਿੱਖ-ਵਸੋਂ ਦੇ ਇਲਾਕਿਆਂ ਨੂੰ 22 ਹਿੱਸਿਆਂ ਵਿਚ ਵੰਡਿਆ। ਇਸ ਤਰ੍ਹਾਂ 22 ਸਿਆਣੇ ਪ੍ਰਚਾਰਕ ਨੀਅਤ ਕੀਤੇ। ਪ੍ਰਚਾਰਕ ਨੇ ਬੋਲਣ ਵੇਲੇ ਸਾਹਮਣੇ ਬੈਠੀ ਸੰਗਤ ਨੂੰ ਸੰਬੋਧਨ ਕਰਦਿਆਂ ਨਜ਼ਰ ਮਾਰਨੀ ਹੁੰਦੀ ਹੈ। ਉੱਚੇ ਥਾਂ 'ਤੇ ਬੈਠਣਾ ਹੁੰਦਾ ਹੈ। ਇਸ ਲਈ ਮੰਜੀ ਬੈਠਣ ਲਈ ਵਰਤੀ ਜਾਂਦੀ ਸੀ, ਜਿਸ 'ਤੇ ਬੈਠ ਕੇ ਗੁਰਮਤਿ ਸਰਵਣ ਕਰਾਉਣਾ ਸੀ, ਇਸ ਤਰ੍ਹਾਂ ਪ੍ਰਚਾਰਕਾਂ ਦੀਆਂ 22 ਮੰਜੀਆਂ ਥਾਪੀਆਂ ਗਈਆਂ। ਗੁਰੂ ਸਾਹਿਬ ਜੀ ਨੇ ਇਕ ਅਲਿਆਰ ਨਾਮੀ ਮੁਸਲਮਾਨ ਨੂੰ ਵੀ ਪ੍ਰਚਾਰਕ ਥਾਪਿਆ ਸੀ। ਭਾਈ ਗੁਰਦਾਸ ਜੀ ਜੋ ਸਮੇਂ ਦੇ ਧਰਮ ਸ਼ਾਸਤਰੀ ਮੰਨੇ ਜਾਂਦੇ ਸਨ, ਨੂੰ ਵੀ ਆਗਰਾ ਵਿਖੇ ਪ੍ਰਚਾਰਕ ਥਾਪਿਆ।

ਸਮਾਜਿਕ ਸੁਧਾਰਾਂ ਵਿਚ ਜੋ ਕਾਰਜ ਕੀਤੇ ਉਨ੍ਹਾਂ ਵਿਚ ਵੇਰਵਾ ਹੈ ਕਿ ਸਮਾਜ ਵਰਤੋਂ ਵਿਹਾਰ ਵਿਚ ਜਾਤਾਂ ਬਰਾਦਰੀ ਦੇ ਆਧਾਰ 'ਤੇ ਵਿਆਹ ਹੁੰਦੇ ਸਨ। ਗੁਰੂ ਸਾਹਿਬ ਜੀ ਨੇ ਜਾਤ-ਪਾਤ ਦੇ ਬੰਧਨਾਂ ਤੋਂ ਮੁਕਤ ਅੰਤਰ ਜਾਤੀ ਵਿਆਹ 'ਤੇ ਜ਼ੋਰ ਦਿੱਤਾ।

ਆਪ ਜੀ ਨੇ ਸਤੀ ਦੀ ਰਸਮ ਤੋਂ ਵਰਜਿਆ। ਉਨ੍ਹਾਂ ਕਿਹਾ ਕਿ ਸਤੀ ਉਹ ਨਹੀਂ, ਜੋ ਪਤੀ ਦੀ ਮੌਤ ਨਾਲ ਪ੍ਰਾਣ ਤਿਆਗ ਦੇਵੇ। ਸਗੋਂ ਪਤੀ ਤੋਂ ਬਾਅਦ ਆਪਣਾ ਚਾਲ-ਚਲਣ ਉੱਚਾ ਰੱਖਣ ਅਤੇ ਨਾਮ ਜਪਣ, ਤਦ ਹੀ ਵੱਡੀਆਂ ਸਤੀ ਅਖਵਾਉਣਗੀਆਂ। ਇਸਤਰੀਆਂ ਨੂੰ ਸਤੀ ਬੰਧਨ ਤੋਂ ਮੁਕਤ ਕੀਤਾ। ਉਨ੍ਹਾਂ ਨੂੰ ਮੁੜ ਵਿਆਹ ਦਾ ਵੀ ਉਪਦੇਸ਼ ਦਿੱਤਾ।

ਇਸਤਰੀਆਂ ਨੂੰ ਮੂੰਹ ਢੱਕ ਕੇ ਪਰਦੇ ਜਾਂ ਘੁੰਡ ਵਿਚ ਰਹਿਣ ਦੇ ਰਿਵਾਜ਼ ਨੂੰ ਖਤਮ ਕੀਤਾ। ਇਸ ਤਰ੍ਹਾਂ ਪਰਦੇ ਦੀ ਰਸਮ ਜਿਹੀ ਸਮਾਜਿਕ ਬੁਰਾਈ ਤੋਂ ਮੁਕਤ ਕੀਤਾ। ਇਸ ਤਰ੍ਹਾਂ ਇਸਤਰੀ ਨੂੰ ਅਜਿਹੇ ਬੰਧਨਾਂ ਤੋਂ ਮੁਕਤ ਕੀਤਾ। ਉਨ੍ਹਾਂ ਨੂੰ ਸਮਾਜ ਵਿਚ ਮਾਣ ਦਿਵਾਇਆ। ਗੁਰੂ ਸਾਹਿਬ ਜੀ ਨੇ ਇਸਤਰੀਆਂ ਨੂੰ ਸੇਵਾ ਪ੍ਰਬੰਧ ਵਿਚ ਲਾਇਆ। ਉਨ੍ਹਾਂ ਨੂੰ ਲੰਗਰਾਂ ਦੀ ਸੇਵਾ ਅਤੇ ਪ੍ਰਬੰਧ ਨਾਲ ਜੋੜਿਆ। ਉਨ੍ਹਾਂ ਨੇ ਇਸਤਰੀਆਂ ਨੂੰ ਪ੍ਰਚਾਰਕ ਨਿਯੁਕਤ ਕੀਤਾ।

ਗੁਰੂ ਸਾਹਿਬ ਜੀ ਨੇ ਜਨਮ-ਮਰਨ ਸਮੇਂ ਦੀਆਂ ਫਾਲਤੂ ਰਹੂ-ਰੀਤਾਂ ਨੂੰ ਖਤਮ ਕਰਕੇ ਰੱਬ ਦੇ ਭਾਣੇ ਵਿਚ ਰਹਿਣ ਦੀ ਮਰਿਯਾਦਾ ਚਲਾਈ। ਗੁਰੂ ਸਾਹਿਬ ਜੀ ਨੇ ਮਨੁੱਖਤਾ ਨੂੰ ਹਉਮੈ ਤਿਆਗ ਕੇ ਬੇਗਰਜ਼ ਸੇਵਾ ਦਾ ਉਪਦੇਸ਼ ਦਿੱਤਾ। ਪ੍ਰਮਾਤਮਾ ਨੂੰ ਆਤਮ ਸਮਰਪਣ ਕਰਕੇ ਉਸ ਦੀ ਕੀਤੀ ਸੇਵਾ ਹੀ ਭਗਤੀ ਹੈ। ਸੇਵਾ ਨੂੰ ਮੁਕਤੀ ਨਾਲ ਜੋੜ ਦਿੱਤਾ। ਗੁਰੂ ਸਾਹਿਬ ਜੀ ਨੇ ਸਮਾਜਿਕ ਬੁਰਾਈਆਂ ਨੂੰ ਦੂਰ ਕਰਕੇ ਸਮਾਜਿਕ ਜੀਵਨ ਦੇ ਲਈ ਸਵ-ਨਿਰਮਾਣ ਅਤੇ ਨਰੋਆ ਜੀਵਨ ਪ੍ਰਦਾਨ ਕਰਨ ਲਈ ਅਧਿਆਤਮਕ ਰਾਹ ਵਿਖਾਇਆ। ਗੁਰੂ ਨਾਨਕ ਦੇਵ ਸਾਹਿਬ ਜੀ ਵੱਲੋਂ ਜੋ ਸਮਾਜ-ਸੁਧਾਰ ਦੀ ਲਹਿਰ ਚਲਾਈ ਗਈ ਸੀ। ਉਸੇ ਵਿਚਾਰਧਾਰਾ ਤੇ ਨਿਸ਼ਾਨੇ ਨਿਸ਼ਚਿਤ ਕੀਤੇ ਕਿ ਮਨੁੱਖਤਾ ਦੀ ਭਲਾਈ ਸੱਚ ਦੇ ਰਾਹ 'ਤੇ ਚੱਲਦਿਆਂ ਕਰਨੀ ਹੈ। ਅੱਗੇ ਨਿਰੰਤਰ ਗੁਰੂਆਂ ਵੱਲੋਂ ਇਸ ਲੋਕ ਭਲਾਈ ਦੀ ਲਹਿਰ ਨੂੰ ਜਥੇਬੰਦ ਕੀਤਾ। ਵਧਾਇਆ, ਪ੍ਰਚਾਰਿਆ ਅਤੇ ਥਿੜਕਣ ਨਹੀਂ ਦਿੱਤਾ।

ਨਿਰਮਾਣ ਕਾਰਜਾਂ 'ਚ ਗੋਇੰਦਵਾਲ ਨਗਰ ਵਸਾਇਆ। ਗੋਇੰਦਵਾਲ ਸਾਹਿਬ ਪੱਤਣ ਦਾ ਇਲਾਕਾ ਸੀ। ਮੁਸਾਫਰਾਂ ਦੇ ਲੰਘਣ ਤੋਂ ਇਲਾਵਾ ਸੰਗਤ ਵੀ ਬਹੁਤ ਜੁੜਦੀ ਸੀ। ਲੰਗਰ ਵੀ ਵਰਤਦਾ ਸੀ। ਪਰ ਪਾਣੀ ਦੀ ਬੜੀ ਕਮੀ ਸੀ। ਆਪ ਜੀ ਨੇ 1559 'ਚ ਬਾਉਲੀ ਸਾਹਿਬ ਦਾ ਨਿਰਮਾਣ ਕੀਤਾ, ਜਿਸ ਨਾਲ ਪਾਣੀ ਦੀ ਕਮੀ ਦੂਰ ਹੋਈ। ਇਹ ਅਸਥਾਨ ਸਿੱਖ ਧਰਮ ਦਾ ਵੱਡਾ ਧਾਰਮਿਕ ਅਸਥਾਨ ਜਾਣਿਆ ਜਾਣ ਲੱਗਾ। ਜਿੱਥੇ ਪਹਿਲਾ ਵਿਸਾਖੀ ਜੋੜ-ਮੇਲਾ ਸੰਪੰਨ ਹੋਇਆ। ਗੋਇੰਦਵਾਲ ਸਾਹਿਬ ਜੀ ਦੇ ਹੋਰ ਨਿਰਮਾਣ ਕਾਰਜਾਂ ਵਿਚ ਅਨੰਦ ਜੀ ਦਾ ਅਸਥਾਨ, ਹਵੇਲੀ ਸਾਹਿਬ ਅਤੇ ਮੋਹਨ ਜੀ ਦਾ ਚੋਬਾਰਾ ਸ਼ਾਮਲ ਹਨ। ਗੁਰੂ ਸਾਹਿਬ ਜੀ ਦੇ ਸਮੇਂ ਗੋਇੰਦਵਾਲ ਸਾਹਿਬ ਇਕ ਵੱਡਾ ਪ੍ਰਚਾਰ ਕੇਂਦਰ ਬਣਿਆ। ਪਰ ਸਿੱਖਾਂ ਦੀ ਵਧਦੀ ਗਿਣਤੀ ਵੇਖ ਕੇ ਮਾਝੇ ਦੇ ਇਲਾਕੇ ਵਿਚ ਵੀ 1570 ਵਿਚ 'ਗੁਰੂ ਚੱਕ' (ਅੰਮ੍ਰਿਤਸਰ) ਬਣਾਉਣਾ ਸ਼ੁਰੂ ਕੀਤਾ। ਆਪ ਜੀ ਨੇ ਪਵਿੱਤਰ ਸਰੋਵਰ ਜਾਂ ਅੰਮ੍ਰਿਤ ਸਰੋਵਰ ਖੁਦਵਾਉਣ ਦੀ ਯੋਜਨਾ ਬਣਾਈ। ਇਸ ਨੂੰ ਗੁਰੂ ਰਾਮਦਾਸ ਨੇ ਬਾਬਾ ਬੁੱਢਾ ਜੀ ਦੀ ਨਿਗਰਾਨੀ ਹੇਠ ਖੁਦਵਾਇਆ। ਇਹ ਜ਼ਮੀਨ ਪਿੰਡ ਤੁੰਗ ਤੋਂ ਖਰੀਦੀ ਗਈ ਸੀ। ਇਥੇ ਇਕ ਨਗਰ ਵਸਾਉਣ ਦੀ ਯੋਜਨਾ ਸੀ। ਗੁਰੂ ਅਰਜਨ ਦੇਵ ਸਾਹਿਬ ਜੀ ਨੇ ਵਿਉਂਤਬੰਦੀ ਕਰਕੇ ਗੁਰੂ ਰਾਮਦਾਸ ਸਾਹਿਬ ਜੀ ਵੱਲੋਂ 1577 ਵਿਚ ਬਣਾਏ ਰਾਏ ਸਰੋਵਰ 'ਤੇ ਨਗਰ ਉਸਾਰਿਆ, ਜੋ 28 ਦਸੰਬਰ 1588 ਨੂੰ ਨੀਂਹ ਰੱਖੀ ਗਈ।

ਆਪ ਜੀ ਨੇ ਸੰਗਤਾਂ ਨੂੰ ਗੁਰੂ ਸ਼ਬਦ ਗੁਰਬਾਣੀ ਨਾਲ ਜੁੜਨ ਦਾ ਉਪਦੇਸ਼ ਦਿੱਤਾ। ਪਹਿਲੇ ਗੁਰੂ ਸਾਹਿਬਾਨ ਵੱਲੋਂ ਇਕੱਤਰ ਕੀਤੀ ਹੋਈ ਗੁਰਬਾਣੀ ਦੇ ਸੰਗ੍ਰਹਿ ਵਿਚ ਹੋਰ ਵਾਧਾ ਕਰਦੇ ਹੋਏ ਆਪਣਾ ਯੋਗਦਾਨ ਪਾਇਆ, ਜਿਸ ਦੇ ਤਹਿਤ 907 ਸ਼ਬਦ, 19 ਰਾਗਾਂ ਵਿਚ ਦਰਜ ਹਨ।

ਅੰਤ ਆਪ ਜੀ ਗੋਇੰਦਵਾਲ ਸਾਹਿਬ ਵਿਖੇ 1 ਸਤੰਬਰ 1674 ਨੂੰ 95 ਸਾਲ ਦੀ ਉਮਰ ਵਿਚ ਜੋਤੀ-ਜੋਤ ਸਮਾ ਗਏ। ਚੌਥੇ ਗੁਰੂ ਵਜੋਂ ਗੁਰੂ ਰਾਮਦਾਸ ਸਾਹਿਬ ਜੀ ਗੁਰਗੱਦੀ 'ਤੇ ਵਿਰਾਜਮਾਨ ਹੋਏ।

ਅੰਤਿਕਾ:- ਹੇ ਮੇਰੇ ਮਨ ਵਿਕਾਰਾਂ ਤੋਂ ਬਚਣ ਲਈ ਸਿਰਫ ਪ੍ਰਮਾਤਮਾ ਦਾ ਨਾਮ ਜਪਿਆ ਕਰੋ। ਇਹ ਨਾਮ ਖਜ਼ਾਨਾ ਮੈਨੂੰ ਗੁਰੂ ਨੇ ਬਖਸ਼ਿਆ ਹੈ। ਹੇ ਭਾਈ! ਜੇ ਮਨੁੱਖ ਦਾ ਮਨ ਵਿਕਾਰਾਂ ਦੀ ਮੈਲ ਨਾਲ ਭਰਿਆ ਰਹੇ, ਤਾਂ ਉਤਨਾ ਚਿਰ ਮਨੁੱਖ ਜੋ ਕਰਦਾ ਹੈ, ਸਭ ਕੁਝ ਵਿਕਾਰ ਹੀ ਕਰਦਾ ਹੈ। ਸਰੀਰ ਨੂੰ ਤੀਰਥਾਂ ਆਦਿਕ ਦੇ ਇਸ਼ਨਾਨ ਕਰਾਉਣ ਨਾਲ ਮਨ ਪਵਿੱਤਰ ਨਹੀਂ ਹੋ ਸਕਦਾ। ਪਰ ਇਹ ਸੰਸਾਰ ਤੀਰਥ-ਇਸ਼ਨਾਨ ਤੋਂ ਮਨ ਦੀ ਪਵਿੱਤਰਤਾ ਮਿਲ ਜਾਣ ਦੇ ਭੁਲੇਖੇ ਵਿਚ ਪੈ ਕੇ ਕੁਰਾਹੇ ਤੁਰਿਆ ਜਾ ਰਿਹਾ ਹੈ। ਕੋਈ ਵਿਰਲਾ ਮਨੁੱਖ ਹੀ ਇਸ ਸੱਚਾਈ ਨੂੰ ਸਮਝਦਾ ਹੈ।

ਜੋ ਮਨੁੱਖ ਕਰਾਮਾਤੀ ਯੋਗੀਆਂ ਵਾਲੇ ਆਸਣ ਕਰਨੇ ਸਿੱਖ ਲਏ, ਜੇ ਕਾਮ-ਵਾਸਨਾ ਨੂੰ ਜਿੱਤ ਕੇ ਆਸਣਾਂ ਦੇ ਅਭਿਆਸ ਦੀ ਕਮਾਈ ਕਰਨ ਲੱਗ ਪਏ। ਤਾਂ ਵੀ ਮਨ ਦੀ ਮੈਲ ਨਹੀਂ ਲਹਿੰਦੀ। ਮਨ ਵਿਚੋਂ ਹਉਮੈ ਦੀ ਮੈਲ ਨਹੀਂ ਜਾਂਦੀ। ਹੇ ਭਾਈ! ਗੁਰੂ ਦੀ ਸ਼ਰਨ ਪੈਣ ਤੋਂ ਬਿਨਾਂ ਹੋਰ ਕੋਈ ਯਤਨ, ਇਸ ਮਨ ਨੂੰ ਪਵਿੱਤਰ ਨਹੀਂ ਕਰ ਸਕਦਾ। ਜੇ ਗੁਰੂ ਮਿਲ ਪਏ, ਤਾਂ ਮਨ ਦੀ ਬਿਰਤੀ ਸੰਸਾਰ ਵੱਲੋਂ ਉਲਟ ਜਾਂਦੀ ਹੈ। ਤੇ ਮਨ ਦੀ ਐਸੀ ਉੱਚੀ ਦਸ਼ਾ ਬਣ ਜਾਂਦੀ ਹੈ, ਜੋ ਬਿਆਨ ਨਹੀਂ ਕੀਤੀ ਜਾ ਸਕਦੀ।

ਨਾਨਕ ਆਖਦਾ ਹੈ - ਜਿਹੜਾ ਮਨੁੱਖ ਗੁਰੂ ਨੂੰ ਮਿਲ ਕੇ ਵਿਕਾਰਾਂ ਵੱਲੋਂ ਅਛੋਹ ਹੋ ਜਾਂਦਾ ਹੈ। ਤੇ ਫਿਰ ਗੁਰੂ ਦੇ ਸ਼ਬਦ ਵਿਚ ਜੁੜ ਕੇ ਆਤਮਿਕ ਜੀਵਨ ਹਾਸਲ ਕਰ ਲੈਂਦਾ ਹੈ। ਉਸ ਦੇ ਅੰਦਰੋਂ ਮਾਇਆ ਦੀ ਮਮਤਾ ਦੀ ਮੈਲ ਲਹਿ ਜਾਂਦੀ ਹੈ। ਉਸ ਦਾ ਮਨ ਪਵਿੱਤਰ ਹੋ ਜਾਂਦਾ ਹੈ। (ਅੰਗ : 558, ਵਡਹੰਸ ਮਹਲਾ ੩ ਘਰੁ ੧)

# ਬਾਜ ਸਿੰਘ ਮਹਿਲੀਆ ਦੇ ਨਵੇਂ ਛਪੇ ਦੋ ਬਾਲ ਕਹਾਣੀ ਸੰਗ੍ਰਹਿ

ਵਿਚਾਰ ਅਧੀਨ ਬਾਲ ਕਹਾਣੀ ਦੀਆਂ ਦੋ ਪੁਸਤਕਾਂ ਤੋਂ ਪਹਿਲਾਂ ਬਾਜ ਸਿੰਘ ਮਹਿਲੀਆ ਦੇ ਚਾਰ ਬਾਲ ਕਹਾਣੀ ਸੰਗ੍ਰਹਿ ਛਪ ਚੁੱਕੇ ਹਨ। ਇਨ੍ਹਾਂ ਵਿਚੋਂ ਇੱਕ ਬਾਲ ਕਹਾਣੀ ਸੰਗ੍ਰਹਿ 'ਮਿਹਨਤ ਦਾ ਰੰਗ', ਭਾਸ਼ਾ ਵਿਭਾਗ ਪੰਜਾਬ ਨੇ ਅਤੇ ਇੱਕ ਬਾਲ ਕਹਾਣੀ ਸੰਗ੍ਰਹਿ 'ਛੁਪਿਆ ਹੀਰਾ', ਨੈਸ਼ਨਲ ਬੁੱਕ ਟਰਸਟ ਇੰਡੀਆ ਨੇ ਪ੍ਰਕਾਸ਼ਿਤ ਕੀਤੇ ਹਨ। ਬਾਲ ਸਾਹਿਤ ਦੇ ਖੇਤਰ ਵਿਚ ਇਨ੍ਹਾਂ ਅਦਾਰਿਆਂ ਦੁਆਰਾ ਪੁਸਤਕਾਂ ਦਾ ਪ੍ਰਕਾਸ਼ਿਤ ਕੀਤੇ ਜਾਣਾ ਲੇਖਕ ਦੀ ਵੱਡੀ ਪ੍ਰਾਪਤੀ ਕਹੀ ਜਾ ਸਕਦੀ ਹੈ। ਬੱਚਿਆਂ ਲਈ ਲੇਖਕ ਦਾ ਇੱਕ ਨਰਸਰੀ ਗੀਤ ਸੰਗ੍ਰਹਿ ਵੀ ਪ੍ਰਕਾਸ਼ਿਤ ਹੋ ਚੁੱਕਾ ਹੈ। ਬਾਲ ਸਾਹਿਤ ਦੀਆਂ ਪੁਸਤਕਾਂ ਤੋਂ ਇਲਾਵਾ ਲੇਖਕ ਦੀ ਇੱਕ ਹਾਸ-ਵਿਅੰਗ ਦੀ ਪੁਸਤਕ ਅਤੇ ਇੱਕ ਮਿੰਨੀ ਕਹਾਣੀ ਸੰਗ੍ਰਹਿ ਵੀ ਪੰਜਾਬੀ ਸਾਹਿਤ ਦਾ ਹਿੱਸਾ ਬਣ ਚੁੱਕੇ ਹਨ।







**ਪੁਸਤਕਾਂ ਦੇ ਨਾਂ : (1) ਅਨਮੋਲ ਖ਼ਜ਼ਾਨਾ (2) ਕਾਠ ਦੀ ਹਾਂਡੀ**
**ਲੇਖਕ ਦਾ ਨਾਂ: ਬਾਜ ਸਿੰਘ ਮਹਿਲੀਆ**
**ਪ੍ਰਕਾਸ਼ਕ : ਨਵਰੰਗ ਪਬਲੀਕੇਸ਼ਨਜ਼ ਸਮਾਣਾ,**
**ਪ੍ਰਕਾਸ਼ਨ ਸਾਲ : 2025 ; ਦੋਹਾਂ ਪੁਸਤਕਾਂ ਦੇ ਪੰਨੇ 20 - 20**
**ਪੁਸਤਕਾਂ ਦਾ ਮੁੱਲ : 100 - 100 ਰੁਪਏ**

-ਸੁਖਦੇਵ ਸਿੰਘ ਸ਼ਾਂਤ
ਏਵੌਨ (ਇੰਡੀਆਨਾ), ਅਮਰੀਕਾ
ਫੋਨ : +1-317-406-0002
ਪੰਜਾਬ ਮੇਲ USA



## (1) ਬਾਲ ਕਹਾਣੀ ਸੰਗ੍ਰਹਿ ਅਨਮੋਲ ਖਜ਼ਾਨਾ

ਇਸ ਬਾਲ ਕਹਾਣੀ ਸੰਗ੍ਰਹਿ ਵਿਚ ਲੇਖਕ ਦੀਆਂ ਚਾਰ ਬਾਲ ਕਹਾਣੀਆਂ ਸ਼ਾਮਲ ਹਨ। ਬਾਲ ਕਹਾਣੀ 'ਪੋਲ ਖੁੱਲ ਗਈ' ਬੜੇ ਨਾਟਕੀ ਢੰਗ ਰਾਹੀਂ ਬੱਚਿਆਂ ਅਤੇ ਵੱਡਿਆਂ ਨੂੰ ਦੂਜਿਆਂ ਦੀਆਂ ਲਿਖੀਆਂ ਸਾਹਿਤਕ ਰਚਨਾਵਾਂ ਆਪਣੇ ਨਾਂ 'ਤੇ ਛਪਵਾਉਣ ਤੋਂ ਵਰਜਦੀ ਹੈ। ਬਾਲ ਕਹਾਣੀ 'ਜਸਮੀਤ ਦੀ ਸਿਆਣਪ' ਸਾਡੇ ਸਮਾਜ ਵਿਚੋਂ ਹੱਦੋਂ ਵੱਧ ਪਸਰੀ ਖ਼ੁਦਗਰਜ਼ੀ ਦੀ ਭਾਵਨਾ ਨੂੰ ਕਟਹਿਰੇ ਵਿਚ ਖੜ੍ਹਾ ਕਰਦੀ ਹੈ। ਕੋਲਡ ਡਰਿੰਕਸ ਲਿਜਾ ਰਹੇ ਟਰੱਕ ਦੇ ਉਲਟ ਜਾਣ 'ਤੇ ਟਰੱਕ ਡਰਾਈਵਰ ਨਾਲ ਹਮਦਰਦੀ ਕਰਨ ਦੀ ਥਾਂ ਲੋਕ ਕੋਲਡ ਡਰਿੰਕਸ ਦੀਆਂ ਪੇਟੀਆਂ ਚੁੱਕ ਕੇ ਲਿਜਾਣ ਲੱਗ ਜਾਂਦੇ ਹਨ। ਜਸਮੀਤ ਨਾਂ ਦਾ ਬੱਚਾ ਆਪਣੀ ਸਿਆਣਪ ਵਰਤ ਕੇ ਇਨ੍ਹਾਂ ਲੋਕਾਂ ਦੇ ਵਿਰੁੱਧ ਕਾਰਵਾਈ ਕਰਨ ਲਈ ਪੁਲਿਸ ਦੀ ਮਦਦ ਕਰਦਾ ਹੈ। ਪੁਸਤਕ ਦੇ ਸਿਰਲੇਖ ਵਾਲੀ ਬਾਲ ਕਹਾਣੀ ਅਨਮੋਲ ਖਜ਼ਾਨਾ ਬਜ਼ੁਰਗਾਂ ਦੀ ਬੇਕਦਰੀ ਕਰਨ ਅਤੇ ਉਨ੍ਹਾਂ ਨੂੰ ਬਿਰਧ ਆਸ਼ਰਮ ਵਿਚ ਛੱਡ ਆਉਣ ਦਾ ਵਰਣਨ ਕਰਦੀ ਹੈ। ਇਸ ਬਾਲ ਕਹਾਣੀ ਦਾ ਆਸ਼ਾਵਾਦੀ ਪੱਖ ਸੰਤੁਸ਼ਟੀ ਦੇਣ ਵਾਲਾ ਹੈ, ਜਦੋਂ ਪੋਤਰਾ ਅਤੇ ਪੋਤਰੀ ਆਪਣੀ ਦਾਦੀ ਨੂੰ ਬੜੇ ਨਾਟਕੀ ਢੰਗ ਨਾਲ ਬਿਰਧ ਆਸ਼ਰਮ ਵਿਚੋਂ ਲਿਆਉਣ ਲਈ ਆਪਣੇ ਮਾਪਿਆਂ ਨੂੰ ਮਜਬੂਰ ਕਰ ਦਿੰਦੇ ਹਨ। ਬਾਲ ਕਹਾਣੀ 'ਜ਼ੁਬਾਨ ਦਾ ਰਸ', ਵਿਚ ਵੀ ਬੱਚੇ ਬੜੇ ਨਾਟਕੀ ਤਰੀਕੇ ਨਾਲ ਜਗਨ ਹਲਵਾਈ ਨੂੰ ਉਸਦੇ ਕੌੜੇ ਅਤੇ ਕੁਰਖਤ ਬੋਲਣ ਵਾਲੇ ਸੁਭਾਅ ਕਰਕੇ ਦੁਕਾਨ ਬੰਦ ਕਰਕੇ ਪਿੰਡ ਛੱਡ ਕੇ ਜਾਣ ਲਈ ਮਜਬੂਰ ਕਰਨ ਦਿੰਦੇ ਹਨ।

ਪੁਸਤਕ ਅਨਮੋਲ ਖਜ਼ਾਨਾ ਦੀਆਂ ਬਾਲ ਕਹਾਣੀਆਂ ਵਿਚ ਮੁਹਾਵਰਿਆਂ ਅਤੇ ਅਖਾਣਾ ਦੀ ਵਰਤੋਂ ਇਨ੍ਹਾਂ ਦੀ ਭਾਸ਼ਾ ਨੂੰ ਚਾਰ ਚੰਨ ਲਾਉਂਦੀ ਹੈ। ਉਦਾਹਰਣ ਵਜੋਂ, 'ਜਿੰਨੇ ਮੂੰਹ ਉਨੀਆਂ ਗੱਲਾਂ', 'ਲਾਹ-ਪਾਹ ਕਰਨੀ', ਅਤੇ 'ਬੰਦਾ ਸੋ ਜੋ ਵਕਤ ਵੀਚਾਰੇ', ਇਨ੍ਹਾਂ ਬਾਲ ਕਹਾਣੀਆਂ ਵਿਚ ਅਖਾਣਾ, ਮੁਹਾਵਰਿਆਂ ਵਜੋਂ ਵਰਨਨ ਯੋਗ ਹਨ। ਕਥਾ-ਰਸ ਅਤੇ ਨਾਟਕੀ ਅੰਸ਼ ਬਾਜ ਸਿੰਘ ਮਹਿਲੀਆ ਦੀਆਂ ਇਨ੍ਹਾਂ ਬਾਲ ਕਹਾਣੀਆਂ ਨੂੰ ਉਤਸੁਕਤਾ ਭਰਪੂਰ ਬਣਾਉਣ ਵਿਚ ਸਫਲ ਹਨ। ਬਾਲ ਕਹਾਣੀਆਂ ਦੀ ਭਾਸ਼ਾ, ਵਾਰਤਾਲਾਪ ਅਤੇ ਸ਼ਬਦਾਵਲੀ ਬੱਚਿਆਂ ਦੇ ਮਾਨਸਿਕ ਪੱਧਰ ਦੇ ਹਾਣ ਦੀ ਹੈ। ਪੁਸਤਕ ਬੱਚਿਆਂ ਨੂੰ ਸਿੱਖਿਆ ਵੀ ਦਿੰਦੀ ਹੈ ਅਤੇ ਉਨ੍ਹਾਂ ਦਾ ਆਪਣੀ ਰੌਚਕਤਾ ਸਦਕਾ ਮਨੋਰੰਜਨ ਵੀ ਕਰਦੀ ਹੈ।

## (2) ਬਾਲ ਕਹਾਣੀ ਸੰਗ੍ਰਹਿ 'ਕਾਠ ਦੀ ਹਾਂਡੀ'

ਹੱਥਲੀ ਪੁਸਤਕ 'ਕਾਠ ਦੀ ਹਾਂਡੀ', ਵਿਚ ਪੰਜ ਬਾਲ ਕਹਾਣੀਆਂ ਸ਼ਾਮਲ ਕੀਤੀਆਂ ਗਈਆਂ ਹਨ। ਬਾਲ ਕਹਾਣੀ 'ਜਸਕਰਨ ਦੀ ਨਵੀਂ ਸ਼ਰਾਰਤ', ਵਿਚ ਸੜਕ 'ਤੇ ਬੈਠੇ ਢੱਠੇ ਨਾਲ ਕੀਤੀ ਸ਼ਰਾਰਤ ਜਸਕਰਨ ਨੂੰ ਬੜੀ ਮਹਿੰਗੀ ਪੈਂਦੀ ਹੈ। ਉਸ ਢੱਠੇ ਕਰਕੇ ਉਸਦੇ ਪਾਪਾ ਦਾ ਐਕਸੀਡੈਂਟ ਜਾਣ ਕਰਕੇ ਉਨ੍ਹਾਂ ਨੂੰ ਬਹੁਤ ਸੱਟਾਂ ਲੱਗਦੀਆਂ ਹਨ। ਇਉਂ ਬੱਚਿਆਂ ਨੂੰ ਸ਼ਰਾਰਤਾਂ ਤੋਂ ਦੂਰ ਰਹਿਣ ਦੀ ਸਿੱਖਿਆ ਦਿੱਤੀ ਗਈ ਹੈ। 'ਕਾਠ ਦੀ ਹਾਂਡੀ', ਬਾਲ ਕਹਾਣੀ ਵਿਚ ਬਾਜ ਸਿੰਘ ਮਹਿਲੀਆ ਨੇ ਇਹ ਸਿੱਧ ਕੀਤਾ ਹੈ ਕਿ ਕਾਠ ਦੀ ਹਾਂਡੀ ਬਾਰ-ਬਾਰ ਨਹੀਂ ਚੜ੍ਹਦੀ। ਬਗੈਰ ਟਿਕਟ ਰੇਲ ਦਾ ਸਫਰ ਕਰਨ ਦੀ ਆਦਤ ਧਰਮਵੀਰ ਨੂੰ ਇੱਕ ਦਿਨ ਆਖਰ ਕਾਰ ਚੈੱਕਰ ਦੇ ਕਾਬੂ ਵਿਚ ਕਰ ਹੀ ਦਿੰਦੀ ਹੈ। 'ਨਵਾਂ ਦੋਸਤ', ਬਾਲ ਕਹਾਣੀ ਵਿਚ ਗਲਤ ਆਦਤਾਂ ਵਾਲੇ ਵਿਅਕਤੀਆਂ ਨਾਲ ਦੋਸਤੀ ਕਰਨ ਦਾ ਨੁਕਸਾਨ ਦਰਸਾਇਆ ਗਿਆ ਹੈ। ਬਾਲ ਕਹਾਣੀ 'ਮਾਮਾ ਜੀ ਕੀਤਾ ਵਾਅਦਾ', ਵਿਚ ਬੱਚੇ ਪਰਾਲੀ ਨੂੰ ਅੱਗ ਲਾਉਣ ਦੇ ਨੁਕਸਾਨ ਤੋਂ ਜਾਣੂ ਹੋਣ ਕਰਕੇ ਆਪਣੇ ਮਾਮਾ ਜੀ ਨੂੰ ਇਹ ਕੰਮ ਕਰਨ ਤੋਂ ਰੋਕਦੇ ਹਨ। ਮੌਕੇ 'ਤੇ ਹੀ ਨਾਟਕੀ ਢੰਗ ਨਾਲ ਦੱਸਿਆ ਗਿਆ ਹੈ ਕਿ ਪਰਾਲੀ ਨੂੰ ਲਾਈ ਅੱਗ ਦੇ ਧੂੰਏਂ ਕਰਕੇ ਮਾਮਾ ਜੀ ਦੀ ਸੱਸ ਦੀ ਸਿਹਤ ਇਕਦਮ ਖਰਾਬ ਹੋ ਜਾਂਦੀ ਹੈ। 'ਪਿੰਕੀ ਵਾਪਸ ਘਰ ਪਰਤਿਆ', ਬਾਲ ਕਹਾਣੀ ਵਿਚ ਮਾਨਵੀ ਪਾਤਰਾਂ ਦੀ ਥਾਂ ਪੰਛੀਆਂ ਨੂੰ ਪਾਤਰ ਬਣਾਇਆ ਗਿਆ ਹੈ। ਪਿੰਕੀ ਇੱਕ ਬਾਲ ਤੋਤਾ ਹੈ, ਉਹ ਮਾਪਿਆਂ ਵੱਲੋਂ ਦਿੱਤੀ ਗਈ ਹਦਾਇਤ ਨੂੰ ਭੁੱਲ ਕੇ ਇਕੱਲਾ ਹੀ ਆਲ੍ਹਣੇ ਵਿਚੋਂ ਉੱਡ ਕੇ ਦੂਰ ਚਲਾ ਜਾਂਦਾ ਹੈ ਅਤੇ ਸ਼ਿਕਾਰੀ ਦੇ ਜਾਲ ਵਿਚ ਫਸ ਜਾਂਦਾ ਹੈ। ਇਸ ਬਾਲ ਕਹਾਣੀ ਰਾਹੀਂ ਬੱਚਿਆਂ ਨੂੰ ਸਿੱਖਿਆ ਦਿੱਤੀ ਗਈ ਹੈ ਕਿ ਉਨ੍ਹਾਂ ਨੂੰ ਆਪਣੇ ਮਾਪਿਆਂ ਦਾ ਆਗਿਆਕਾਰੀ ਬਣਨਾ ਚਾਹੀਦਾ ਹੈ ਅਤੇ ਆਪਣੀ ਮਨਮਰਜ਼ੀ ਨਹੀਂ ਕਰਨੀ ਚਾਹੀਦੀ।

ਪੁਸਤਕ 'ਅਨਮੋਲ ਖਜ਼ਾਨਾ' ਦੀਆਂ ਬਾਲ ਕਹਾਣੀਆਂ ਵਾਂਗ ਹੀ ਇਸ ਪੁਸਤਕ 'ਕਾਠ ਦੀ ਹਾਂਡੀ', ਦੀਆਂ ਕਹਾਣੀਆਂ ਵੀ ਕਥਾ-ਰਸ ਅਤੇ ਨਾਟਕੀ ਅੰਸ਼ ਨਾਲ ਭਰਪੂਰ ਹਨ। ਸ਼ੈਲੀ ਅਤੇ ਸ਼ਬਦਾਵਲੀ ਸਰਲ ਅਤੇ ਸਹਿਜ ਹੈ। ਇਨ੍ਹਾਂ ਬਾਲ ਕਹਾਣੀਆਂ ਵਿਚ ਵੀ ਅਖਾਣਾਂ ਅਤੇ ਮੁਹਾਵਰਿਆਂ ਦੀ ਭਰਪੂਰ ਵਰਤੋਂ ਹੈ, ਜਿਵੇਂ 'ਮੈਂ ਕੋਈ ਕੱਚੀਆਂ ਗੋਲੀਆਂ ਨਹੀਂ ਖੇਡਿਆ', 'ਦੋਸਤ ਕਾਠ ਦੀ ਹਾਂਡੀ ਵਾਰ ਵਾਰ ਨਹੀਂ ਚੜ੍ਹਦੀ', 'ਦੋ ਪਈਆਂ ਵਿਸਰ ਗਈਆਂ ਯਾਰਾਂ ਦੀਆਂ ਦੂਰ ਬਲਾਈ ਗਈਆਂ', 'ਖਰਬੂਜੇ ਨੂੰ ਵੇਖ ਕੇ ਖਰਬੂਜਾ ਰੰਗ ਫੜਦਾ ਹੈ', 'ਖ਼ੁਸ਼ੀ ਵਿਚ ਫੁੱਲਿਆ ਨਾ ਸਮਾਉਣਾ' ਅਤੇ 'ਜਿਨ੍ਹਾਂ ਖਾਧੀਆਂ ਗਾਜਰਾਂ ਪੇਟ ਉਨ੍ਹਾਂ ਦੇ ਪੀੜ', ਪੁਸਤਕ 'ਕਾਠ ਦੀ ਹਾਂਡੀ' ਦੀਆਂ ਬਾਲ ਕਹਾਣੀਆਂ ਵੀ ਰੌਚਕ ਹੋਣ ਕਰਕੇ ਜਿੱਥੇ ਬੱਚਿਆਂ ਦਾ ਮਨੋਰੰਜਨ ਕਰਦੀਆਂ ਹਨ, ਉੱਥੇ ਨਾਲ ਦੀ ਨਾਲ ਉਨ੍ਹਾਂ ਨੂੰ ਚੰਗੇ ਇਨਸਾਨ ਬਣਨ ਲਈ ਸਿੱਖਿਆ ਵੀ ਦਿੰਦੀਆਂ ਹਨ।

ਬਾਜ ਸਿੰਘ ਮਹਿਲੀਆ ਨੇ ਦੋਵੇਂ ਪੁਸਤਕਾਂ 'ਅਨਮੋਲ ਖਜ਼ਾਨਾ' ਅਤੇ 'ਕਾਠ ਦੀ ਹਾਂਡੀ', ਆਪਣੇ ਪੋਤਰੇ ਸਹਿਜਦੀਪ ਅਤੇ ਦੋਹਤਰੀ ਜਪਲੀਨ ਕੌਰ ਦੇ ਨਾਂ ਸਮਰਪਿਤ ਕੀਤੀਆਂ ਹੋਈਆਂ ਹਨ। ਦੋਹਾਂ ਪੁਸਤਕਾਂ ਦੇ ਸਰਵਰਕ ਅਤੇ ਬਾਲ ਕਹਾਣੀਆਂ ਨਾਲ ਲਗਾਏ ਗਏ ਚਿੱਤਰ ਪ੍ਰਸਿੱਧ ਚਿੱਤਰਕਾਰ ਸੁਖਪਾਲ ਸਿੰਘ ਪਟਿਆਲਾ ਦੇ ਬਣਾਏ ਹੋਏ ਹਨ। ਇਹ ਚਿੱਤਰ ਬੜੇ ਢੁਕਵੇਂ ਅਤੇ ਬੱਚਿਆਂ ਲਈ ਦਿਲ ਖਿੱਚਵੇਂ ਹਨ। ਪੁਸਤਕਾਂ ਦੀ ਛਪਾਈ ਬਹੁਤ ਵਧੀਆ ਕਾਗਜ਼ 'ਤੇ ਹੋਣ ਕਰਕੇ ਅਤੇ ਚਿੱਤਰ ਰੰਗਦਾਰ ਹੋਣ ਕਰਕੇ ਇਹ ਪੁਸਤਕਾਂ ਬੱਚਿਆਂ ਦੇ ਮਨ ਨੂੰ ਮੋਹ ਲੈਣ ਵਾਲੀਆਂ ਹਨ। ਲੇਖਕ ਚਿੱਤਰਕਾਰ ਅਤੇ ਪ੍ਰਕਾਸ਼ਕ ਤਿੰਨੇ ਹੀ ਇੰਨੀਆਂ ਸ਼ਾਨਦਾਰ ਅਤੇ ਪੜ੍ਹਨ ਯੋਗ ਪੁਸਤਕਾਂ ਬੱਚਿਆਂ ਦੀ ਝੋਲੀ ਪਾਉਣ ਲਈ ਹਾਰਦਿਕ ਵਧਾਈ ਦੇ ਹੱਕਦਾਰ ਹਨ। ਬਾਜ ਸਿੰਘ ਮਹਿਲੀਆ ਦੀ ਕਲਮ ਤੋਂ ਸਾਨੂੰ ਭਵਿੱਖ ਵਿਚ ਵੀ ਬੱਚਿਆਂ ਲਈ ਹੋਰ ਵੀ ਸਿੱਖਿਆਦਾਇਕ ਅਤੇ ਰਸਦਾਇਕ ਪੁਸਤਕਾਂ ਲਿਖਣ ਦੀ ਆਸ ਰਹੇਗੀ। ਪ੍ਰਮਾਤਮਾ ਜੀ ਉਸ ਦੀ ਸਿਹਤ ਅਤੇ ਕਲਮ ਨੂੰ ਸਦਾ ਚੜ੍ਹਦੀ ਕਲਾ ਵਿਚ ਰੱਖਣ। ਇਹੀ ਮੇਰੀ ਦੁਆ ਹੈ।

# ਧਰਤੀ ਦਿਵਸ 2026 — ਸਾਡੀ ਧਰਤੀ, ਸਾਡੀ ਸ਼ਕਤੀ

-ਅਮਨਦੀਪ ਸਿੰਘ
ਪੰਜਾਬ ਮੇਲ USA

ਹਰ ਸਾਲ 22 ਅਪ੍ਰੈਲ ਨੂੰ 'ਧਰਤੀ ਦਿਵਸ' ਮਨਾਇਆ ਜਾਂਦਾ ਹੈ। ਇਹ ਦਿਨ ਸਭ ਤੋਂ ਪਹਿਲਾਂ 1970 ਵਿਚ ਸ਼ੁਰੂ ਹੋਇਆ ਸੀ, ਜਦੋਂ ਅਮਰੀਕਾ ਵਿਚ 2 ਕਰੋੜ ਲੋਕ ਪ੍ਰਦੂਸ਼ਣ ਖ਼ਿਲਾਫ਼ ਸੜਕਾਂ 'ਤੇ ਉਤਰੇ ਸਨ। ਉਨ੍ਹਾਂ ਨੇ ਮਨੁੱਖੀ ਸਿਹਤ ਉੱਤੇ ਮਾੜੇ ਪ੍ਰਭਾਵ ਪਾ ਰਹੇ ਵਾਤਾਵਰਨ ਦੇ ਮੁੱਦਿਆਂ ਬਾਰੇ ਜਾਗਰੂਕਤਾ ਫੈਲਾਈ ਸੀ। ਅੱਜ ਇਹ ਸਿਰਫ਼ ਅਮਰੀਕਾ ਦਾ ਨਹੀਂ, ਸਗੋਂ ਪੂਰੀ ਦੁਨੀਆਂ ਦਾ ਦਿਨ ਬਣ ਚੁੱਕਾ ਹੈ, ਜਦੋਂ ਇੱਕ ਅਰਬ ਤੋਂ ਵੱਧ ਲੋਕ ਲਾਮਬੰਦ ਹੋ ਕੇ ਇਸ ਨੂੰ ਮਨਾਉਂਦੇ ਹਨ। ਇਹ ਸਾਡੀ ਧਰਤੀ ਨੂੰ ਬਚਾਉਣ ਦਾ ਇੱਕ ਮਹਾਨ ਉਪਰਾਲਾ ਹੈ। ਇਸ ਸਾਲ ਦਾ ਥੀਮ 'ਸਾਡੀ ਧਰਤੀ, ਸਾਡੀ ਸ਼ਕਤੀ' ਹੈ, ਜੋ ਵਾਤਾਵਰਨ ਤਰੱਕੀ ਨੂੰ ਅੱਗੇ ਵਧਾਉਣ ਲਈ ਸਾਂਝੇ ਯਤਨਾਂ ਦੀ ਮਹੱਤਤਾ 'ਤੇ ਜ਼ੋਰ ਦਿੰਦਾ ਹੈ। ਇਸ ਦਿਨ ਵਾਤਾਵਰਨ ਨਾਲ ਜੁੜੀਆਂ ਸੰਸਥਾਵਾਂ ਧਰਤੀ ਨੂੰ ਸਾਫ਼-ਸੁਥਰਾ ਕਰਨ ਦੀ ਕੋਸ਼ਿਸ਼ ਕਰਦੀਆਂ ਹਨ। ਜਗ੍ਹਾ-ਜਗ੍ਹਾ ਬੂਟੇ ਤੇ ਫੁੱਲ ਲਗਾਏ ਜਾਂਦੇ ਹਨ। ਇਹ ਸਾਨੂੰ ਸਾਰਿਆਂ ਨੂੰ ਸਿੱਖਿਅਤ ਕਰਨ ਦਾ ਮੌਕਾ ਵੀ ਹੈ, ਤਾਂ ਕਿ ਅਸੀਂ ਆਉਣ ਵਾਲੀਆਂ ਪੀੜ੍ਹੀਆਂ ਲਈ ਆਪਣੀ ਪਿਆਰੀ ਧਰਤੀ ਮਾਂ ਨੂੰ ਸਾਫ਼ ਤੇ ਸੁੰਦਰ ਬਣਾ ਕੇ ਰੱਖ ਸਕੀਏ।




ਇਸ ਸਬੰਧ ਵਿਚ ਬੋਸਟਨ ਦੇ ਨਜ਼ਦੀਕ ਸ਼ਹਿਰ ਵੈਸਟਬੋਰੋ ਵਿਖੇ 700 ਤੋਂ ਵੱਧ ਲੋਕਾਂ ਨੇ ਸ਼ਹਿਰ ਦੀ ਸਫ਼ਾਈ ਕਰਨ ਲਈ ਹੰਭਲਾ ਮਾਰਿਆ। ਉਨ੍ਹਾਂ ਨੇ ਆਪਣੇ ਸ਼ਹਿਰ ਵਿਚੋਂ 500 ਬੈਗ ਤੋਂ ਵੀ ਜ਼ਿਆਦਾ ਕੂੜੇ ਨੂੰ ਹਟਾਇਆ। ਵੈਸਟਬੋਰੋ ਲੈਂਡ ਟਰੱਸਟ ਜਿਸ ਨੇ ਇਹ ਉਪਰਾਲਾ ਕੀਤਾ, ਨੇ ਨਿਊ ਇੰਗਲੈਂਡ ਸਿੱਖ ਸਟੱਡੀ ਸਰਕਲ ਗੁਰਦੁਆਰਾ ਸਾਹਿਬ, ਚੈਪਲ ਆਫ਼ ਦਿ ਕਰਾਸ, ਪੁਲਿਸ ਕਲੱਬ, ਸਕੂਲ, ਬੋਆਏ ਤੇ ਗਰਲ ਸਕਾਊਟ ਅਤੇ ਅਨੇਕਾਂ ਹੋਰ ਸੰਸਥਾਵਾਂ ਤੇ ਨਾਗਰਿਕਾਂ ਦਾ ਉਨ੍ਹਾਂ ਦੀ ਭਾਗੀਦਾਰੀ ਲਈ ਧੰਨਵਾਦ ਕੀਤਾ।

ਧਰਤੀ ਸਾਡੇ ਕੋਲ ਜੀਵਨ ਦਾ ਸਭ ਤੋਂ ਮਹੱਤਵਪੂਰਨ ਸਰੋਤ ਹੈ। ਸਾਨੂੰ ਵਧ ਤੋਂ ਵੱਧ ਲੋਕਾਂ ਨੂੰ ਆਪਣੇ ਨਾਲ ਜੋੜ ਕੇ ਧਰਤੀ ਦੀ ਤੰਦਰੁਸਤੀ ਲਈ ਹੰਭਲੇ ਮਾਰਨੇ ਚਾਹੀਦੇ ਹਨ। ਉਦਾਹਰਣ ਵਜੋਂ, ਤੁਸੀਂ ਸਿੱਖ ਸਕਦੇ ਹੋ ਕਿ ਕੂੜਾ ਕਿਵੇਂ ਘਟਾਈਏ ਤੇ ਜੈਵਿਕ ਕੂੜੇ ਤੋਂ ਖਾਦ ਕਿਵੇਂ ਬਣਾਈਏ, ਚੀਜ਼ਾਂ ਨੂੰ ਮੁੜ ਕਿਵੇਂ ਵਰਤਿਆ ਜਾਵੇ ਤੇ ਮੁੜ-ਵਰਤੋਂਯੋਗ ਕਿਵੇ ਬਣਾਇਆ ਜਾਵੇ ਜਾਂ ਰੀਸਾਈਕਲ ਕਿਵੇਂ ਕਰੀਏ, ਆਪਣਾ ਛੋਟਾ ਜਿਹਾ ਪੌਦਾ ਕਿਵੇਂ ਉਗਾਇਆ ਜਾਵੇ ਜਾਂ ਪਾਣੀ ਨੂੰ ਕਿਵੇਂ ਬਚਾਇਆ ਜਾਵੇ। ਤੁਸੀਂ ਪਲਾਸਟਿਕ ਦਾ ਇੱਕ ਟੁਕੜਾ ਵੀ ਚੁੱਕ ਸਕਦੇ ਹੋ, ਜੋ ਤੁਹਾਨੂੰ ਬਾਹਰ ਡਿੱਗਿਆ ਮਿਲਦਾ ਹੈ। ਤੁਸੀਂ ਇੱਕ ਘੰਟੇ ਜਾਂ ਇੱਕ ਦਿਨ ਲਈ ਗ਼ੈਰ-ਜ਼ਰੂਰੀ ਬਿਜਲੀ ਦੀ ਖਪਤ ਵੀ ਬੰਦ ਕਰ ਸਕਦੇ ਹੋ। ਇਹ ਸਭ ਛੋਟੇ-ਛੋਟੇ ਕੰਮ ਵੀ ਵੱਡਾ ਫ਼ਰਕ ਪਾ ਸਕਦੇ ਹਨ।

## 8 ਮਈ ਨੂੰ ਮਾਂ ਦਿਵਸ 'ਤੇ ਵਿਸ਼ੇਸ਼

# ਇਸ ਤਿਓਹਾਰ ਦੀ ਸਫਲਤਾ ਦਾ ਕਾਰਨ ਮਾਂ ਨਾਲ ਜੁੜੀਆਂ ਭਾਵਨਾਵਾਂ ਹਨ

## ਜਨਮ ਤੋਂ ਬਾਅਦ ਜਦੋਂ ਬੱਚਾ ਆਪਣੇ ਮੂੰਹੋ ਪਹਿਲਾਂ ਸ਼ਬਦ ਮਾਂ ਬੋਲਦਾ ਹੈ।



ਗੁਰਭਿੰਦਰ ਗੁਰੀ
ਪੰਜਾਬ ਮੇਲ USA



8 ਮਈ ਨੂੰ ਮਾਂ ਦਿਵਸ ਵਜੋਂ ਮਨਾ ਰਹੇ ਹਾਂ। ਪਹਿਲਾ ਮਾਂ ਦਿਵਸ 10 ਮਈ 1908 ਨੂੰ ਗਰਾਟਨ 'ਚ 'ਐਂਡ੍ਰਿਊਸ ਮੈਥੋਡਿਸਟ' ਨਾਮੀ ਚਰਚ ਨੇ ਸਭ ਤੋਂ ਪਹਿਲਾਂ 'ਮਦਰਸ ਡੇ' ਮਨਾਇਆ। ਇਹ ਉਹ ਥਾਂ ਸੀ, ਜਿਥੇ ਐਨ ਮੈਰੀ ਰੀਵਜ਼ ਜਾਰਵਿਸ 20 ਸਾਲ ਤਕ ਐਤਵਾਰ ਸਕੂਲ ਦੀਆਂ ਕਲਾਸਾਂ ਚਲਾਉਂਦੀ ਰਹੀ। ਇਸੇ ਦਿਨ ਫਿਲਾਡੇਲਫੀਆ 'ਚ, ਜਿਥੇ ਜਾਰਵਿਸ ਦਾ ਦੇਹਾਂਤ ਹੋਇਆ ਸੀ, ਇਹ ਦਿਨ ਮਨਾਇਆ ਗਿਆ। ਇਸ ਗੱਲ ਨੂੰ ਇੰਨੀ ਜ਼ਿਆਦਾ ਪ੍ਰਸਿੱਧੀ ਮਿਲੀ ਕਿ 9 ਮਈ 1914 ਨੂੰ ਅਮਰੀਕੀ ਰਾਸ਼ਟਰਪਤੀ ਵੁਡਰੋ ਵਿਲਸਨ ਨੇ ਹਰ ਸਾਲ ਮਈ ਮਹੀਨੇ ਦੇ ਦੂਜੇ ਐਤਵਾਰ ਨੂੰ ਅਮਰੀਕਾ 'ਚ 'ਮਦਰਸ ਡੇ' ਨੂੰ ਰਾਸ਼ਟਰੀ ਦਿਨ ਐਲਾਨਿਆ। ਉਨ੍ਹਾਂ ਨੇ ਕਿਹਾ ਕਿ ਇਹ ਦਿਨ ਯੁੱਧ 'ਚ ਸ਼ਹੀਦ ਹੋਏ ਪੁੱਤਰਾਂ ਦੀਆਂ ਮਾਵਾਂ ਨੂੰ ਸਨਮਾਨ ਦੇਣ, ਦੇਸ਼ ਦੀਆਂ ਸਭ ਮਾਵਾਂ ਪ੍ਰਤੀ ਇੱਜ਼ਤ ਅਤੇ ਪਿਆਰ ਦੀ ਭਾਵਨਾ ਜਤਾਉਣ ਲਈ ਮਨਾਇਆ ਜਾਵੇਗਾ। ਸੰਨ 1911 ਤੱਕ ਇਹ ਦਿਨ ਅਮਰੀਕਾ 'ਚ ਹੀ ਨਹੀਂ, ਸਗੋਂ ਮੈਕਸੀਕੋ, ਕੈਨੇਡਾ, ਸਾਊਥ ਅਮਰੀਕਾ, ਚੀਨ, ਜਾਪਾਨ ਅਤੇ ਅਫਰੀਕਾ ਆਦਿ 'ਚ ਵੀ ਮਨਾਇਆ ਜਾਣ ਲੱਗਾ। ਸੰਨ 1934 'ਚ ਪੋਸਟ ਮਾਸਟਰ ਜਨਰਲ ਜੇਮਸ ਏ. ਫਾਰਲੇ ਨੇ 'ਮਦਰਸ ਡੇ' 'ਤੇ ਇੱਕ ਸਟੈਂਪ ਦਾ ਆਗਾਜ਼ ਵੀ ਕੀਤਾ। ਹੌਲੀ-ਹੌਲੀ ਇਹ ਪ੍ਰਥਾ ਭਾਰਤ 'ਚ ਜ਼ੋਰ ਫੜਨ ਲੱਗੀ। ਵਿਸ਼ਵੀਕਰਨ ਕਾਰਨ ਲਗਭਗ 15 ਸਾਲਾਂ ਤੋਂ ਇਹ ਪੱਛਮੀ ਦੇਸ਼ਾਂ ਦਾ ਤਿਓਹਾਰ ਭਾਰਤ 'ਚ ਵੀ ਧੂਮਧਾਮ ਨਾਲ ਮਨਾਇਆ ਜਾਂਦਾ ਹੈ।

ਇਸ ਤਿਓਹਾਰ ਦੀ ਸਫਲਤਾ ਦਾ ਕਾਰਨ ਮਾਂ ਨਾਲ ਜੁੜੀਆਂ ਭਾਵਨਾਵਾਂ ਹਨ। ਮਾਵਾਂ ਨੂੰ ਤਾਂ ਭਾਰਤ 'ਚ ਪਹਿਲਾਂ ਹੀ ਪੂਜਿਆ ਜਾਂਦਾ ਹੈ। ਇਹ ਤਿਓਹਾਰ ਸਾਨੂੰ ਸੋਚਣ ਲਈ ਮਜਬੂਰ ਕਰ ਦਿੰਦਾ ਹੈ ਕਿ ਮਾਂ ਦਾ ਸਾਡੇ ਜੀਵਨ 'ਚ ਕੀ ਮਹੱਤਵ ਹੈ। ਮਾਂ ਨੇ ਸਾਨੂੰ ਜਨਮ ਦਿੱਤਾ, ਨਿਰਸਵਾਰਥ ਹੋ ਕੇ ਸਾਡਾ ਪਾਲਣ-ਪੋਸ਼ਣ ਕੀਤਾ। ਜਦੋਂ ਸਾਨੂੰ ਹੋਸ਼ ਵੀ ਨਹੀਂ ਹੁੰਦਾ, ਤਾਂ ਮਾਂ ਸਾਡੀ ਹਰ ਤਰ੍ਹਾਂ ਹਿਫਾਜ਼ਤ ਕਰਦੀ ਹੈ। ਮਾਂ ਤੋਂ ਵੀ ਵਧੇਰੇ ਮਹਾਨ ਉਸ ਦੀ ਮਮਤਾ ਹੈ, ਜੋ ਉਸ ਦੇ ਜੀਵਨ ਕਾਲ 'ਚ ਕਦੇ ਖਤਮ ਨਹੀਂ ਹੁੰਦੀ। ਮਾਂ ਇੱਕ ਅਜਿਹਾ ਰਿਸ਼ਤਾ ਹੈ, ਜਿਸ 'ਤੇ ਬੱਚਾ ਅੱਖਾਂ ਮੀਟ ਕੇ ਵਿਸ਼ਵਾਸ ਕਰ ਸਕਦਾ ਹੈ। ਅੱਜ ਦੀ ਔਰਤ ਪਹਿਲਾਂ ਨਾਲੋਂ ਕਿਤੇ ਮਾਡਰਨ ਅਤੇ ਮਜ਼ਬੂਤ ਹੈ। ਮਾਵਾਂ ਦੇ ਅਕਸ 'ਚ ਜ਼ਮੀਨ-ਅਸਮਾਨ ਦਾ ਫਰਕ ਆਇਆ ਹੈ ਪਰ ਮਮਤਾ ਅੱਜ ਵੀ ਉਹੀ ਹੈ। ਇਸ ਦਿਨ ਬੱਚੇ ਆਪਣੀ ਮਾਂ ਲਈ ਕਾਰਡ ਬਣਾਉਂਦੇ ਹਨ ਅਤੇ ਆਪਣੀਆਂ ਭਾਵਨਾਵਾਂ ਨੂੰ ਉਸ 'ਚ ਪ੍ਰਤੀਬਿੰਬਤ ਕਰਦੇ ਹਨ। ਕੁਝ ਬੱਚੇ ਆਪਣੀ ਮਾਂ ਨੂੰ ਇਸ ਦਿਨ ਕਿਚਨ ਤੋਂ ਛੁੱਟੀ ਦੇ ਦਿੰਦੇ ਹਨ ਅਤੇ ਖੁਦ ਮਾਂ ਲਈ ਸੁਆਦੀ ਪਕਵਾਨ ਬਣਾਉਂਦੇ ਹਨ। ਇਸ ਦਿਨ ਬੱਚੇ ਆਪਣੀ ਮਾਂ ਨੂੰ ਵੰਨ-ਸੁਵੰਨੇ ਤੋਹਫੇ ਦਿੰਦੇ ਹਨ। ਕੁਝ ਲੋਕ ਇਸ ਦਿਨ ਘਰਾਂ ਨੂੰ ਖੂਬ ਸਜਾਉਂਦੇ ਹਨ ਅਤੇ ਕੇਕ ਵੀ ਕੱਟਦੇ ਹਨ। ਮਾਂ ਜੋ ਕਿ ਜਗਤ ਜਨਨੀ ਹੈ ਤੇ ਸਾਡੇ ਸਮਾਨ ਵਿਚ ਮਾਂ ਨੂੰ ਰੱਬ ਦਾ ਦਰਜਾ ਦਿੱਤਾ ਗਿਆ ਹੈ। ਮਾਂ ਸ਼ਬਦ ਉਹ ਸ਼ਬਦ ਹੈ, ਜੋ ਇਨਸਾਨ ਆਪਣੀ ਉਮਰ ਦੇ ਜਿਸ ਵੀ ਪੜਾਅ 'ਚ ਹੋਵੇ, ਹਰ ਉਸ ਮੁਕਾਮ 'ਤੇ ਮਾਂ ਸ਼ਬਦ ਜ਼ੁਬਾਨ 'ਤੇ ਰਹਿੰਦਾਂ ਹੀ ਹੈ। ਜਨਮ ਤੋਂ ਬਾਅਦ ਜਦੋਂ ਬੱਚਾ ਆਪਣੇ ਮੂੰਹੋ ਪਹਿਲਾਂ ਸ਼ਬਦ ਮਾਂ ਬੋਲਦਾ ਹੈ। ਇੱਕ ਮਾਂ ਆਪਣੇ ਬੱਚਿਆਂ ਲਈ ਲੱਖ ਤਸੀਹੇ ਝੱਲ ਕੇ ਉਸ ਨੂੰ ਇੱਕ ਸੁੰਦਰ ਜਗਤ ਦੇਖਣ ਦਾ ਅਵਸਰ ਪ੍ਰਦਾਨ ਕਰਦੀ ਹੈ।

# ਸਾਵਧਾਨ: ਕਿਡਨੀ ਰੋਗਾਂ ਦਾ ਵੱਧ ਰਿਹਾ ਹੈ ਅੰਕੜਾ

## "ਤਿੱਖਾ ਦਰਦ ਪਿੱਠ ਜਾਂ ਪਾਸੇ", ਪਿਸ਼ਾਬ ਦੌਰਾਣ ਪੀੜ, ਜਲਨ, ਖੂਨ, ਘਬਰਾਹਟ, ਉਲਟੀ, ਪੈਰਾਂ ਦੁਆਲੇ ਸੋਜ਼ਿਸ਼ ਵਗੈਰਾ ਦੀ ਹਾਲਤ 'ਚ ਬਿਨਾਂ ਦੇਰ ਕੀਤੇ ਡਾਕਟਰੀ ਮਦਦ ਲਵੋ - ਡਾ. ਅਨਿਲ ਧੀਰ



ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
ਪੰਜਾਬ ਮੇਲ USA






ਵਿਸ਼ਵ ਭਰ 'ਚ ਕਿਡਨੀ ਦੇ ਰੋਗ ਤੇਜ਼ੀ ਨਾਲ ਵੱਧ ਰਹੇ ਹਨ। ਕਰੀਬਨ 851 ਮਿਲੀਅਨ ਤੋਂ ਵੱਧ ਲੋਕ ਗੰਭੀਰ ਕਿਡਨੀ ਰੋਗਾਂ ਦੇ ਘੇਰੇ 'ਚ ਆ ਚੁੱਕੇ ਹਨ। ਇਹ ਅੰਕੜਾ ਲਗਾਤਾਰ ਵੱਧ ਰਿਹਾ ਹੈ। ਹਾਈਪਰਟੈਂਨਸ਼ਨ, ਮੋਟਾਪਾ ਅਤੇ ਡਾਇਬਟੀਜ਼ ਵਗੈਰਾ ਰੋਗ ਗੰਭੀਰ ਕਿਡਨੀ ਦੀਆਂ ਬੀਮਾਰੀ ਦਾ ਕਾਰਨ ਬਣ ਰਹੇ ਹਨ, ਜੋ ਲਾਪ੍ਰਵਾਹੀ ਕਰਨ ਨਾਲ ਭਵਿੱਖ 'ਚ ਅਪੰਗਤਾ ਅਤੇ ਮੌਤ ਦਾ ਕਾਰਨ ਵੀ ਬਣਦੇ ਜਾ ਰਹੇ ਹਨ। ਅੱਜ 60000 ਤੋਂ ਵੱਧ ਕੈਨੇਡੀਅਨ ਅਖਿਰੀ ਸਟੇਜ਼ ਦੀ ਬਿਮਾਰੀ ਦੀ ਨਾਲ ਜੀਅ ਰਹੇ ਹਨ। ਕਰੀਬਨ 31000 ਡਾਇਸਿਸ 'ਤੇ ਨਿਰਭਰ ਹਨ, ਜਦਕਿ 20000 ਤੋਂ ਵੱਧ ਕਾਰਜਸ਼ੀਲ ਕਿਡਨੀ ਟ੍ਰਾਂਸਪਲਾਂਟ ਨਾਲ ਜੀਅ ਰਹੇ ਹਨ। ਕਾਰਨਾਂ 'ਚ ਸ਼ੂਗਰ ਗੁਰਦੇ ਦੀ ਬਿਮਾਰੀ ਦਾ ਮੁੱਖ ਕਾਰਨ ਲਗਭਗ 45% ਨਵੇਂ ਮਾਮਲਿਆਂ ਲਈ ਜ਼ਿੰਮੇਵਾਰ ਹੈ। ਹਾਈਪਰਟੈਂਨਸ਼ਨ ਡੇਲੀ 46% ਨਵੇਂ ਮਾਮਲਿਆਂ ਲਈ ਜ਼ਿੰਮੇਵਾਰ ਦੇਖਿਆ ਜਾ ਰਿਹਾ ਹੈ। ਹੋਰ ਕਾਰਨ ਜਿਵੇਂ ਕਿ ਗਲੋਮੇਰੂਲੋਨੇਫ੍ਰਾਈਟਿਸ, ਪੋਲੀਸਿਸਟਿਕ ਕਿਡਨੀ ਦੇ ਵਿਰਾਸਤੀ ਰੋਗ ਅਤੇ ਕੁੱਝ ਦਵਾਈਆਂ ਲੰਬੇ ਸਮੇਂ ਤੱਕ ਇਸਤੇਮਾਲ ਕਰਨ ਨਾਲ ਵੀ ਕਿਡਨੀ ਨੂੰ ਬਹੁਤ ਜ਼ਿਆਦਾ ਨੁਕਸਾਨ ਪਹੁੰਚ ਰਿਹਾ ਹੈ।

ਬਿਗੜ ਰਿਹਾ ਲਾਈਫਸਟਾਈਲ ਯਾਨਿ ਅਨਹੈਲਦੀ ਖੁਰਾਕ ਅਤੇ ਘੱਟ ਸਰੀਰਕ ਐਕਟੀਵਿਟੀ ਵੀ ਕਿਡਨੀ ਰੋਗਾਂ ਨੂੰ ਵਧਾ ਰਹੀ ਹੈ।

ਗੁਰਦੇ ਸਰੀਰ ਦੇ ਖਾਸ ਅੰਗ ਹਨ, ਜੋ ਖੂਨ ਨੂੰ ਸਾਫ ਕਰਦੇ ਹਨ ਅਤੇ ਬੇਕਾਰ ਪਦਾਰਥ ਬਾਹਰ ਕੱਢਦੇ ਹਨ। ਗੁਰਦੇ ਦੀ ਕਾਰਜਸ਼ੀਲਤਾ 'ਚ ਆਈ ਕੋਈ ਵੀ ਗੜਬੜ ਅੱਗੇ ਜਾ ਕੇ ਖਤਰਨਾਕ ਹਾਲਾਤ ਪੈਦਾ ਕਰ ਦਿੰਦੀ ਹੈ।

### ਆਮ ਕਿਡਨੀ ਰੋਗ: ਕਿਡਨੀ 'ਚ ਪੱਥਰੀ ਦਾ ਬਣ ਜਾਣਾ:

- ਪੱਥਰੀ ਦੀ ਹਾਲਤ 'ਚ ਰੋਗੀ ਨੂੰ ਘਬਰਾਹਟ ਨਾਲ ਉਲਟੀ ਆ ਸਕਦੀ ਹੈ। ਤਿੱਖਾ ਦਰਦ ਪਿੱਠ ਜਾਂ ਪਾਸੇ 'ਚ ਸ਼ੁਰੂ ਹੋ ਜਾਂਦਾ ਹੈ। ਪਿਸ਼ਾਬ 'ਚ ਖੂਨ ਵੀ ਆ ਸਕਦਾ ਹੈ।
- ਕਿਡਨੀ ਇਨਫੈਕਸ਼ਨ ਦੀ ਹਾਲਤ 'ਚ ਰੋਗੀ ਨੂੰ ਬੁਖਾਰ ਹੋ ਜਾਂਦਾ ਹੈ। ਪਿਸ਼ਾਬ 'ਚ ਜਲਨ ਦੇ ਨਾਲ-ਨਾਲ ਰੋਗੀ ਨੂੰ ਵਾਰ-ਵਾਰ ਪਿਸ਼ਾਬ ਆਉਣਾ ਸ਼ੁਰੂ ਹੋ ਜਾਂਦਾ ਹੈ।
- ਪੁਰਾਣੇ ਕਿਡਨੀ ਰੋਗਾਂ 'ਚ ਗੁਰਦੇ ਦੀ ਕੰਮ ਕਰਨ ਦੀ ਸ਼ਕਤੀ ਘੱਟ ਜਾਂਦੀ ਹੈ। ਇਸ ਹਾਲਤ 'ਚ ਭੁੱਖ ਘੱਟ ਜਾਂਦੀ ਹੈ। ਰੋਗੀ ਹਮੇਸ਼ਾ ਥੱਕਿਆ ਮਹਿਸੂਸ ਕਰਦਾ ਹੈ। ਪੈਰਾਂ 'ਚ ਸੂਜਨ ਰਹਿਣ ਲੱਗ ਪੈਂਦੀ ਹੈ।
- **ਐਕਿਊਟ ਕਿਡਨੀ ਫੇਲੀਅਰ:** ਅਚਾਨਕ ਗੁਰਦੇ ਕੰਮ ਕਰਨਾ ਬੰਦ ਕਰ ਦਿੰਦੇ ਹਨ। ਅਜਿਹਾ ਦਵਾਈਆਂ ਦੀ ਜ਼ਿਆਦਾ ਵਰਤੋਂ ਡੀਹਾਈਡ੍ਰੇਸ਼ਨ ਅਤੇ ਸਰੀਰ ਅੰਦਰ ਜ਼ਹਿਰੀਲੇ ਪਦਾਰਥਾਂ ਦੀ ਮੌਜੂਦਗੀ ਦੇਖੀ ਜਾਂਦੀ ਹੈ।
- **ਪ੍ਰੋਟੀਨਯੂਰੀਆ:** ਇਹ ਗੁਰਦੇ ਦੀ ਖਰਾਬੀ ਦਾ ਸੰਕੇਤ ਹੁੰਦਾ ਹੈ। ਪਿਸ਼ਾਬ 'ਚ ਪ੍ਰੋਟੀਨ ਆਉਣਾ ਸ਼ੁਰੂ ਹੋ ਜਾਂਦਾ ਹੈ।
- ਇਸ ਹਾਲਤ 'ਚ ਪਿਸ਼ਾਬ ਦੀ ਮਾਤਰਾ 'ਚ ਬਦਲਾਅ ਦੇ ਨਾਲ ਪਿਸ਼ਾਬ 'ਚ ਖੂਨ ਜਾਂ ਝੱਗ ਦੇਖਣ ਨੂੰ ਮਿਲਦੀ ਹੈ। ਅੱਖਾਂ ਅਤੇ ਪੈਰਾਂ ਦੇ ਆਲੇ-ਦੁਆਲੇ ਸੂਜਨ ਆ ਜਾਂਦੀ ਹੈ। ਬਲੱਡ-ਪ੍ਰੈਸ਼ਰ ਕਾਫੀ ਜ਼ਿਆਦਾ ਹੋ ਜਾਂਦਾ ਹੈ।
- ਕਿਡਨੀ ਰੋਗਾਂ ਦੇ ਆਮ ਕਾਰਨ ਡਾਇਬਟੀਜ਼, ਹਾਈ ਬਲੱਡ-ਪ੍ਰੈਸ਼ਰ ਰਹਿਣਾ, ਪਾਣੀ ਘੱਟ ਪੀਣ ਦੀ ਆਦਤ, ਜ਼ਿਆਦਾ ਜੰਕ ਫੂਡ ਅਤੇ ਨਮਕ ਦੀ ਵੱਧ ਵਰਤੋਂ ਅਤੇ ਪੇਨ-ਕਿਲਰ ਦਵਾਈਆਂ ਨੂੰ ਜ਼ਿੰਮੇਵਾਰ ਮੰਨਿਆ ਜਾ ਰਿਹਾ ਹੈ।

### ਜਰੂਰੀ ਹੈ ਕਿਡਨੀ ਦੀ ਦੇਖਭਾਲ:

- ਡੇਲੀ ਵੱਧ ਤੋਂ ਵੱਧ ਯਾਨਿ 8-10 ਗਲਾਸ ਪਾਣੀ ਪੀਣ ਦੀ ਆਦਤ ਪਾ ਲੈਣੀ ਚਾਹੀਦੀ ਹੈ। ਕਿਉਂਕਿ ਸਰੀਰ ਨੂੰ ਹਾਈਡ੍ਰੇਟ ਰੱਖਣਾ ਬਹੁਤ ਜ਼ਰੂਰੀ ਹੈ।
- ਫ੍ਰੋਜ਼ਨ ਫੂਡ ਦੀ ਥਾਂ ਤਾਜ਼ੇ ਫੱਲ-ਸਬਜ਼ੀਆਂ ਦੀ ਵਰਤੋਂ ਕਰੋ।
- ਨਮਕ ਰੂਟੀਨ 'ਚ ਘੱਟ ਖਾਓ।
- ਤੰਦਰੁਸਤ ਵਿਅਕਤੀ ਨੂੰ ਵੀ ਆਪਣੇ ਬਲੱਡ-ਟੈਸਟ ਅਤੇ ਪਿਸ਼ਾਬ ਦੀ ਜਾਂਚ ਸਮੇਂ-ਸਮੇਂ 'ਤੇ ਕਰਾਉਣੀ ਚਾਹੀਦੀ ਹੈ। ਇਸ ਨਾਲ ਸਰੀਰ ਅਤੇ ਮਨ ਦੀ ਕੋਈ ਵੀ ਗੜਬੜ ਸਾਹਮਣੇ ਆ ਜਾਂਦੀ ਹੈ।
- ਡੇਲੀ ਯੋਗਾ, ਮੇਡੀਟੇਸ਼ਨ ਅਤੇ ਵਰਕਆਊਟ ਹੈਲਦੀ ਤੇ ਰੋਗੀ ਦੋਨਾਂ ਲਈ ਜ਼ਰੂਰੀ ਹੈ।
- ਹੈਲਦੀ ਖੁਰਾਕ, ਕਸਰਤ, ਸੈਰ ਅਤੇ ਦਵਾਈ ਨਾਲ ਡਾਇਬਟੀਜ਼ ਤੇ ਹਾਈ ਬਲੱਡ-ਪ੍ਰੈਸ਼ਰ ਨੂੰ ਹਮੇਸ਼ਾ ਕੰਟਰੋਲ 'ਚ ਰੱਖੋ।
- ਲੰਬੀ ਹੈਲਦੀ ਜ਼ਿੰਦਗੀ ਜਿਊਣ ਲਈ ਹਰ ਕਿਸਮ ਦੇ ਨਸ਼ੇ ਤੋਂ ਦੂਰ ਰਹਿਣ ਦੀ ਲੋੜ ਹੋ ਗਈ ਹੈ।
- ਗਰਮ ਮੌਸਮ 'ਚ ਨਾਰੀਅਲ ਪਾਣੀ ਅਤੇ ਨਿੰਬੂ-ਪਾਣੀ ਜ਼ਿਆਦਾ ਪੀਓ।
- ਸਲਾਦ 'ਚ ਖੀਰਾ, ਕੱਕੜੀ, ਕੱਚਾ ਆਂਵਲਾ, ਹਰਾ ਧਨੀਆ ਸ਼ਾਮਲ ਕਰ ਸਕਦੇ ਹੋ। ਗਰਮ ਮੌਸਮ 'ਚ ਤਰਬੂਜ਼, ਪਪੀਤਾ, ਜ਼ਿਆਦਾ ਖਾਓ।

ਨੋਟ: ਸ਼ੁਰੂ 'ਚ ਕਿਡਨੀ ਦੇ ਰੋਗਾਂ ਦਾ ਪਤਾ ਨਹੀਂ ਲੱਗਦਾ। ਸਮੇਂ-ਸਮੇਂ 'ਤੇ ਆਪਣੇ ਫੈਮਿਲੀ ਡਾਕਟਰ ਦੀ ਸਲਾਹ ਨਾਲ ਟੈਸਟ ਕਰਾਉਂਦੇ ਰਹੋ। ਖਾਣ-ਪੀਣ ਦਾ, ਵਰਕਆਊਟ ਦਾ ਖਾਸ ਖਿਆਲ ਰੱਖਣ ਦੀ ਲੋੜ ਹੋ ਗਈ ਹੈ। ਆਪਣੇ ਆਪ ਕੋਈ ਵੀ ਖੁਰਾਕ, ਦਵਾਈ ਨਾ ਸ਼ੁਰੂ ਕਰੋ ਅਤੇ ਨਾ ਹੀ ਬੰਦ ਕਰੋ। ਸਾਵਧਾਨੀ ਦੀ ਲੋੜ ਹੈ।

# ਮਨੁੱਖੀ ਖੁਸ਼ਹਾਲੀ ਵਧੀਆ ਲੋਕਤੰਤਰ ’ਤੇ ਨਿਰਭਰ





-ਮਾਸਟਰ ਨਿਰਮਲ ਸਿੰਘ ਲਾਲੀ
ਯੂਬਾ ਸਿਟੀ
530-777-0955
ਪੰਜਾਬ ਮੇਲ USA


ਕਿਸੇ ਵੀ ਦੇਸ਼ ਦੀ ਉੱਨਤੀ ਉਸ ਦੇਸ਼ ਦੇ ਵਿਸ਼ੇਸ਼ ਵਿਅਕਤੀਆਂ ’ਤੇ ਨਿਰਭਰ ਕਰਦੀ ਹੈ। ਇਨ੍ਹਾਂ ਲੋਕਾਂ ਦਾ ਸਦਕਾ ਹੀ ਲੋਕਾਂ ਦਾ ਜੀਵਨ ਸੁਖਮਈ, ਸ਼ਾਂਤ ਤੇ ਖੁਸ਼ਹਾਲ ਹੋ ਸਕਦਾ ਹੈ। ਇਹ ਵਿਸ਼ੇਸ਼ ਵਿਅਕਤੀ ਹਨ, ਜਿਵੇਂ ਰਾਜਨੀਤਿਕ, ਪ੍ਰਬੰਧਕ, ਧਾਰਮਿਕ ਆਗੂ, ਅਧਿਆਪਕ, ਪੱਤਰਕਾਰ, ਨਿਆਂਪਾਲਿਕਾ, ਪੁਲਿਸ ਤੇ ਸਾਹਿਤਕਾਰ।

**ਰਾਜਨੀਤਿਕ:** ਪਹਿਲਾਂ ਗੱਲ ਰਾਜਨੀਤਿਕਾਂ ਦੀ ਕਰਦੇ ਹਾਂ। ਇਕ ਚੰਗਾ ਰਾਜਨੀਤਿਕ ਕਿਹੜਾ ਹੈ, ਜਿਹੜਾ ਆਪਣੇ ਫਰਜ਼ ਪ੍ਰਤੀ ਸੁਹਿਰਦ ਹੋਵੇ ਤੇ ਲੋਕਾਂ ਬਾਰੇ ਠੀਕ ਤਰ੍ਹਾਂ ਸੋਚ ਸਕੇ, ਭਾਵ ਉਨ੍ਹਾਂ ਦੀਆਂ ਮੁੱਢਲੀਆਂ ਲੋੜਾਂ ਅਤੇ ਸਮੱਸਿਆਵਾਂ ਬਾਰੇ ਸੋਚੇ। ਜਿਸ ਮਨੁੱਖ ਦੇ ਹਿਰਦੇ ਵਿਚ ਮਨੁੱਖਤਾ ਲਈ ਪਿਆਰ ਅਤੇ ਮਨੁੱਖੀ ਪੀੜਾ ਦਾ ਅਹਿਸਾਸ ਹੈ, ਭਾਵ ਰਾਜਨੀਤਿਕ ਮਾਨਵਵਾਦੀ ਹੋਣਾ ਚਾਹੀਦਾ ਹੈ। ਸੱਤਾ ਦਾ ਭੁੱਖਾ ਅਤੇ ਮਾਇਆਧਾਰੀ ਮਨੁੱਖ ਕਦੀ ਵੀ ਚੰਗਾ ਰਾਜਨੀਤਿਕ ਨਹੀਂ ਹੋ ਸਕਦਾ ਅਤੇ ਉਹ ਜਨਤਾ ਦਾ ਕੁੱਝ ਵੀ ਸੁਆਰ ਨਹੀਂ ਸਕਦਾ। ਅੱਜਕੱਲ੍ਹ ਰਾਜਨੀਤਿਕਾਂ ਵਿਚ ਨਿਘਾਰ ਆਉਣ ਦਾ ਕਾਰਨ ਵੀ ਇਹੋ ਹੈ ਕਿ ਯੋਗ ਮਨੁੱਖ ਰਾਜਨੀਤਿਕ ਖੇਤਰ ਵਿਚ ਨਹੀਂ ਆ ਰਹੇ। ਕਿੰਨੇ ਸੰਸਦ ਮੈਂਬਰ ਪੈਸੇ ਦੇ ਸਕੈਂਡਲ ਕਰਦੇ ਟਰਮੀਨੇਟ ਕੀਤੇ ਗਏ ਹਨ, ਕਿੰਨਿਆਂ ਨੂੰ ਸਜ਼ਾ ਹੋ ਚੁੱਕੀ ਹੈ ਅਤੇ ਸੰਸਦਾਂ ਤੇ ਵਿਧਾਇਕਾਂ ’ਤੇ ਕੋਰਟਾਂ ਅੰਦਰ ਕੇਸ ਚੱਲ ਰਹੇ ਹਨ। ਰਾਜਨੀਤਿਕ ਕਿਰਦਾਰ ਪੱਖੋਂ ਭਾਵ ਮਨੁੱਖੀ ਤੇ ਨੈਤਿਕ ਕਦਰਾਂ-ਕੀਮਤਾਂ ਦਾ ਵੀ ਧਾਰਨੀ ਹੋਣਾ ਚਾਹੀਦਾ ਹੈ, ਜਿਵੇਂ ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ:

‘ਸੱਚ ਹੂੰ ਉਰੇ ਸਭ ਕੋ, ਸੱਚ ਉਪਰ ਆਚਾਰ’॥

**ਪੁਲਿਸ, ਪ੍ਰਬੰਧਕ ਅਤੇ ਕਰਮਚਾਰੀ:** ਲੋਕ ਰਾਜ ਵਿਚ ਕਰਮਚਾਰੀ ਜਨਤਾ ਦੇ ਸੇਵਕ ਹੋਇਆ ਕਰਦੇ ਹਨ ਅਤੇ ਪ੍ਰਬੰਧਕ ਵੀ ਇਵੇਂ ਯੋਗ ਵਿਅਕਤੀ ਤੇ ਸੂਝ-ਬੂਝ ਵਾਲੇ ਹੋਣੇ ਚਾਹੀਦੇ ਹਨ। ਉਹ ਕੰਮ ਦੇ ਕਰਿੰਦੇ, ਮਿਹਨਤੀ ਤੇ ਇਮਾਨਦਾਰ ਹੋਣ।

ਸਾਨੂੰ ਯੂਰਪ ਦੇ ਦੇਸ਼ਾਂ ਤੋਂ ਸਿੱਖਿਆ ਲੈਣੀ ਚਾਹੀਦੀ ਹੈ, ਉਥੋਂ ਦੇ ਕਰਮਚਾਰੀ ਕਿੰਨੇ ਮਿਹਨਤੀ, ਇਮਾਨਦਾਰ ਤੇ ਕਿੰਨੇ ਸੱਭਿਅਕ ਤਰੀਕੇ ਨਾਲ ਜਨਤਾ ਨਾਲ ਪੇਸ਼ ਆਉਂਦੇ ਹਨ, ਜਿਸ ਕਰਕੇ ਇਨ੍ਹਾਂ ਦੇਸ਼ਾਂ ਨੇ ਉਨਤੀ ਕੀਤੀ ਹੈ।

**ਧਾਰਮਿਕ ਆਗੂ** : ਧਰਮ ਦਾ ਸਾਡੀ ਜ਼ਿੰਦਗੀ ਵਿਚ ਬਹੁਤ ਡੂੰਘਾ ਸਬੰਧ ਹੈ। ਧਰਮ ਨੇ ਮਨੁੱਖੀ ਜੀਵਨ ਲਈ ਸੇਧ ਦੇਣੀ ਹੁੰਦੀ ਹੈ। ਧਰਮ ਦਾ ਸਬੰਧ ਜਿੱਥੇ ਪ੍ਰਮਾਤਮਾ ਦੀ ਪ੍ਰਾਪਤੀ ਕਰਨ ਦਾ ਸਾਧਨ ਹੈ, ਉਥੇ ਹੀ ਧਰਮ ਦਾ ਸਬੰਧ ਸਾਡੀ ਰੋਜ਼ਾਨਾ ਜ਼ਿੰਦਗੀ ਨਾਲ ਵੀ ਹੈ। ਪਰ ਅੱਜਕੱਲ੍ਹ ਧਰਮ ਵਿਚ ਜੋ ਕਮਜ਼ੋਰੀਆਂ ਆ ਚੁੱਕੀਆਂ ਹਨ, ਜੇਕਰ ਅਸੀਂ ਇਨ੍ਹਾਂ ਤਰੁੱਟੀਆਂ ਨੂੰ ਦੂਰ ਨਾ ਕੀਤਾ, ਤਾਂ ਧਰਮ ਵਿਚ ਬਹੁਤ ਗਿਰਾਵਟ ਆ ਜਾਏਗੀ ਤੇ ਮਨੁੱਖ ਸਦਾਚਾਰਕ ਜੀਵਨ ਤੋਂ ਦੂਰ ਚਲੇ ਜਾਣਗੇ। ਦਾਰਸ਼ਨਿਕ ਅਗਿਆਤ ਦਾ ਕਹਿਣਾ ਹੈ ਕਿ ਧਰਮ ਦੇ ਹੁੰਦਿਆਂ ਵੀ ਦੁਨੀਆਂ ਵਿਚ ਕਿੰਨੇ ਕਮੀਨੇ ਲੋਕ ਹਨ, ਪਰ ਜੇਕਰ ਧਰਮ ਨਾ ਹੁੰਦਾ, ਤਾਂ ਫਿਰ ਦੁਨੀਆਂ ਦਾ ਕੀ ਬਣਦਾ।

ਅੱਜ ਅਸੀਂ ਗੁਰਬਾਣੀ ਤੋਂ ਬਹੁਤ ਦੂਰ ਜਾ ਰਹੇ ਹਾਂ ਤੇ ਧਾਰਮਿਕ ਖੇਤਰ ਵਿਚ ਵੀ ਬਹੁਤ ਨਿਘਾਰ ਆ ਚੁੱਕਾ ਹੈ। ਇਹ ਸਭ ਕੁੱਝ ਠੀਕ ਤਾਂ ਹੀ ਹੋ ਸਕਦਾ ਹੈ, ਜੇਕਰ ਸਾਡੇ ਧਾਰਮਿਕ ਆਗੂ ਸੱਚ-ਮੁੱਚ ਹੀ ਧਰਮੀ ਹੋਣ ਪਰ ਅਜਿਹਾ ਨਹੀਂ ਹੈ, ਉਨ੍ਹਾਂ ਦੀ ਕਹਿਣੀ ਤੇ ਕਰਨੀ ਇਕ ਨਹੀਂ, ਭਾਵ ਉਹ ਆਪਣੇ ਗੁਰੂਆਂ ਦੀ ਸਿੱਖਿਆ ਅਨੁਸਾਰ ਆਪਣਾ ਜੀਵਨ ਨਹੀਂ ਗੁਜ਼ਾਰ ਰਹੇ ਤੇ ਲੋਕਾਂ ’ਤੇ ਉਨ੍ਹਾਂ ਦਾ ਪ੍ਰਭਾਵ ਕੀ ਪੈਣਾ ਹੈ। ਇਸੇ ਤਰ੍ਹਾਂ ਹੀ ਪ੍ਰਚਾਰਕਾਂ, ਕਥਾਵਾਚਕਾਂ ਤੇ ਗ੍ਰੰਥੀਆਂ ਦਾ ਕਿਰਦਾਰ ਵੀ ਉੱਚਾ ਤੇ ਸੁੱਚਾ ਚਾਹੀਦਾ ਹੈ। ਪੱਤਰਕਾਰਾਂ ਸੱਚ ਤੇ ਇਨਸਾਫ ਦੀ ਖਾਤਿਰ ਜਾਨ ਦੀ ਬਾਜ਼ੀ ਵੀ ਲਾਉਣੀ ਪੈਂਦੀ ਹੈ। ਇਸ ਲਈ ਇਕ ਚੰਗਾ ਪੱਤਰਕਾਰ ਉਹੀ ਹੈ, ਜਿਹੜਾ ਹੱਕ-ਸੱਚ ਅਤੇ ਇਨਸਾਫ ਦੇ ਰਾਹ ’ਤੇ ਚੱਲੇ ਤੇ ਨਿਰਪੱਖ ਹੋ ਕੇ ਕਿਸੇ ਵੀ ਵਿਸ਼ੇ ਬਾਰੇ ਆਪਣੇ ਵਿਚਾਰ ਦੇਵੇ। ਅੱਜਕੱਲ੍ਹ ਪੱਤਰਕਾਰੀ ਵੀ ਦੋ ਭਾਗਾਂ ਵਿਚ ਵੰਡੀ ਹੋਈ ਹੈ। ਇੱਕ ਤਾਂ ਸੱਚ ’ਤੇ ਪਹਿਰਾ ਦੇ ਰਹੇ ਹਨ ਤੇ ਉਹ ਪੱਖਪਾਤ ਤੋਂ ਰਹਿਤ ਹਨ ਅਤੇ ਅਜਿਹਾ ਕਰਦੇ ਹੋਏ ਕਈਆਂ ਨੂੰ ਸ਼ਹਾਦਤਾਂ ਵੀ ਦੇਣੀਆਂ ਪਈਆਂ ਹਨ ਪਰ ਅਜਿਹੇ ਥੋੜ੍ਹੇ ਹਨ ਤੇ ਬਹੁਤੇ ਪੱਖਪਾਤੀ ਤੇ ਆਪਣੇ ਧੜੇ ਨਾਲ ਖੜ੍ਹਦੇ ਹਨ, ਨਾ ਕਿ ਸੱਚ ਨਾਲ। ਸੱਚੀ ਪੱਤਰਕਾਰੀ ਸਮਾਜ ਦਾ ਬਹੁਤ ਸੁਧਾਰ ਕਰ ਸਕਦੀ ਹੈ, ਜੇਕਰ ਪੱਤਰਕਾਰ ਮਾਨਵਵਾਦੀ ਹੋਣ, ਭਾਵ ਜਿਨ੍ਹਾਂ ਦੇ ਦਿਲ ਵਿਚ ਮਨੁੱਖਤਾ ਲਈ ਹਮਦਰਦੀ ਤੇ ਪਿਆਰ ਹੈ।

**ਨਿਆਂਪਾਲਿਕਾ:** ਕਿਸੇ ਵੀ ਦੇਸ਼ ਦੀ ਉੱਨਤੀ ਤੇ ਮਨੁੱਖਤਾ ਦੇ ਭਲੇ ਲਈ ਬਹੁਤ ਅਹਿਮ ਰੋਲ ਅਦਾ ਕਰ ਸਕਦੀ ਹੈ। ਆਰਥਿਕ ਪੱਖ ਇੰਨਾ ਜ਼ਰੂਰੀ ਨਹੀਂ, ਜੇਕਰ ਮਨੁੱਖ ਨੂੰ ਕੁੱਲੀ, ਗੁੱਲੀ, ਜੁੱਲੀ ਤੇ ਮਨੁੱਖ ਦੀ ਇੱਜ਼ਤ, ਜਾਨ ਮਹਿਫੂਜ਼ ਹੈ ਤੇ ਜਨਤਾ ਨੂੰ ਨਿਆਂਪਾਲਿਕਾ ਵੱਲੋਂ ਇਨਸਾਫ ਮਿਲ ਜਾਵੇ, ਤਾਂ ਮਨੁੱਖੀ ਜੀਵਨ ਬਹੁਤ ਹੱਕ ਤੱਕ ਸੁਹਾਵਣਾ ਹੋ ਸਕਦਾ ਹੈ। ਇਹ ਤਾਂ ਹੀ ਸਭ ਕੁੱਝ ਹੋ ਸਕਦਾ ਹੈ, ਜੇਕਰ ਜੱਜ ਵੀ ਇਮਾਨਦਾਰ ਤੇ ਮਾਨਵਵਾਦੀ ਹੋਣ ਅਤੇ ਉੱਚੇ ਤੇ ਸੁੱਚੇ ਕਿਰਦਾਰ ਦੇ ਮਾਲਕ ਹੋਣ, ਨਾ ਕਿ ਮਾਇਆਧਾਰੀ। ਮਾਇਆਧਾਰੀ ਮਨੁੱਖ ਕਦੀ ਵੀ ਇਨਸਾਫ ਨਹੀਂ ਦੇ ਸਕਦਾ।

ਪਰ ਖੁਸ਼ੀ ਦੀ ਗੱਲ ਇਹ ਹੈ ਕਿ ਜਿੱਥੇ ਅੱਜ ਤੱਕ ਭਾਰਤ ਦੀ ਨਿਆਂਪਾਲਿਕਾ ’ਤੇ ਉਂਗਲੀ ਉਠਦੀ ਰਹੀ ਹੈ ਕਿ ਲੋਕਾਂ ਨੂੰ ਇਨਸਾਫ ਨਹੀਂ ਮਿਲਦਾ, ਉਥੇ ਭਾਰਤ ਦੀ ਨਿਆਂਪਾਲਿਕਾ ਨੇ ਕੁੱਝ ਦੋਸ਼ਾਂ ਵਿਚ ਪੂਰਾ ਇਨਸਾਫ ਦੇ ਕੇ ਇਸ ਗੱਲ ਨੂੰ ਗਲਤ ਸਿੱਧ ਕਰ ਦਿੱਤਾ ਤੇ ਲੋਕਾਂ ਨੂੰ ਅਸਚਰਜ ਕਰ ਦਿੱਤਾ। ਜੇਕਰ ਇਸੇ ਤਰ੍ਹਾਂ ਹੀ ਨਿਆਂਪਾਲਿਕਾ ਲੋਕਾਂ ਨੂੰ ਇਨਸਾਫ ਦਿੰਦੀ ਰਹੀ, ਤਾਂ ਲੋਕਾਂ ਨੂੰ ਨਿਆਂਪਾਲਿਕਾ ’ਤੇ ਹੋਰ ਵੀ ਵਿਸ਼ਵਾਸ, ਇਨਸਾਫ ਪ੍ਰਤੀ ਪੱਕਾ ਹੋ ਜਾਏਗਾ, ਕਿਉਂਕਿ ਹੁਣ ਇਹ ਗੱਲ ਸਿੱਧ ਹੋ ਗਈ ਹੈ ਕਿ ਕੋਈ ਵੀ ਵੱਡੇ ਤੋਂ ਵੱਡਾ ਤੇ ਅਮੀਰ ਆਦਮੀ ਵੀ ਦੋਸ਼ ਤੋਂ ਮੁਕਤ ਨਹੀਂ ਹੋ ਸਕਦਾ।

**ਸਾਹਿਤਕਾਰ:** ਸਾਹਿਤ ਦੀ ਵੀ ਸਮਾਜ ਵਿਚ ਬੜੀ ਮਹਾਨਤਾ ਹੈ। ਚੰਗਾ ਸਾਹਿਤ ਵੀ ਸਮਾਜ ਵਿਚ ਬਹੁਤ ਪਰਿਵਰਤਨ ਲਿਆ ਸਕਦਾ ਹੈ, ਪਰ ਜੇਕਰ ਸਾਹਿਤ ਮਨੁੱਖੀ ਜੀਵਨ ਤੇ ਸਮਾਜ ਦੇ ਨੇੜੇ ਹੋਵੇ। ਚੰਗਾ ਸਾਹਿਤ ਸਮਾਜ ਲਈ ਬਹੁਤ ਹੀ ਕਲਿਆਣਕਾਰੀ ਤੇ ਗੁਣਕਾਰੀ ਹੁੰਦਾ ਹੈ ਤੇ ਸਮਾਜ ਤੋਂ ਦੂਰ ਦੇ ਸਾਹਿਤ ਦਾ ਕੋਈ ਲਾਭ ਨਹੀਂ ਹੁੰਦਾ। ਸਾਹਿਤ ਕਿਸੇ ਵੀ ਵਿਚਾਰਧਾਰਾ ਅਧੀਨ ਲਿਖਿਆ ਗਿਆ ਹੋਵੇ, ਜਿਹੜਾ ਸਾਹਿਤ ਇੰਨਾ ਲਾਭਦਾਇਕ ਨਹੀਂ ਹੁੰਦਾ, ਸਗੋਂ ਮਨੁੱਖ ਨੂੰ ਗੁੰਮਰਾਹ ਕਰਦਾ ਹੈ। ਘੱਟੋ-ਘੱਟ ਸਾਹਿਤ ਜਾਂ ਕੋਈ ਵੀ ਰਚਨਾ ਪੜ੍ਹਨਯੋਗ ਤਾਂ ਹੋਵੇ, ਭਾਵ ਮਨ ਨੂੰ ਟੁੰਬਦੀ ਹੋਵੇ ਪਰ ਕਈ ਰਚਨਾਵਾਂ ਤਾਂ ਇੰਨੀਆਂ ਲੱਚਰ ਤੇ ਅਸ਼ਲੀਲ ਹੁੰਦੀਆਂ ਹਨ ਕਿ ਉਨ੍ਹਾਂ ਨੂੰ ਪੜ੍ਹਨ ਲੱਗਿਆਂ ਤਾਂ ਮਨੁੱਖ ਨੂੰ ਉਲਟੀਆਂ ਆਉਣ ਲੱਗ ਪੈਂਦੀਆਂ ਹਨ। ਇਕ ਚੰਗਾ ਲੇਖਕ ਹੋਣਾ ਹੋਰ ਗੱਲ ਹੈ ਤੇ ਇੱਕ ਵਧੀਆ ਮਨੁੱਖ ਹੋਣਾ ਹੋਰ ਗੱਲ ਹੈ। ਕਹਾਣਕਾਰੀ ਸੁਜਾਨ ਸਿੰਘ ਨੇ ਨਾਵਲਕਾਰ ਨਾਨਕ ਸਿੰਘ ਨੂੰ ਉਨ੍ਹਾਂ ਦੀ ਸ਼ਰਧਾਂਜਲੀ ਸਮਾਗਮ ’ਤੇ ਕਿਹਾ ਸੀ ਕਿ ਲੇਖਕ ਬਣਨਾ ਸੌਖਾ ਹੈ ਪਰ ਇਕ ਚੰਗਾ ਇਨਸਾਨ ਬਣਨਾ ਔਖਾ ਹੈ। ਉਨ੍ਹਾਂ ਕਿਹਾ ਸੀ ਕਿ ਨਾਨਕ ਸਿੰਘ ਇੱਕ ਬਹੁਤ ਵਧੀਆ ਇਨਸਾਨ ਸਨ, ਕਿਉਂਕਿ ਉਹ ਕਹਿਣੀ ਤੇ ਕਰਨੀ ਦੇ ਧਾਰਨੀ ਸਨ। ਇਸ ਲਈ ਵਧੀਆ ਸਾਹਿਤਕਾਰ ਹੋਣ ਦੇ ਨਾਲ-ਨਾਲ ਜੇਕਰ ਸਾਹਿਤਕਾਰ ਉੱਚੇ ਤੇ ਸੁੱਚੇ ਕਿਰਦਾਰ ਦਾ ਮਾਲਕ ਵੀ ਹੋਵੇ, ਤਾਂ ਫਿਰ ਸੋਨੇ ’ਤੇ ਸੁਹਾਗੇ ਵਾਲੀ ਗੱਲ ਹੋ ਜਾਂਦੀ ਹੈ।

ਇਸ ਤਰ੍ਹਾਂ ਸੰਖੇਪ ਵਿਚ ਆਖ ਸਕਦੇ ਹਾਂ ਕਿ ਸਰਕਾਰੀ ਮਸ਼ੀਨਰੀ ਕਈ ਪੁਰਜਿਆਂ ਨਾਲ ਬਣੀ ਹੋਈ ਹੈ ਤੇ ਹਰ ਇੱਕ ਪਰਜਾ ਆਪਣੇ ਥਾਂ ਠੀਕ-ਠਾਕ ਕੰਮ ਕਰੇ, ਤਾਂ ਹੀ ਉਹ ਸਰਕਾਰ ਰੂਪੀ ਮਸ਼ੀਨ ਮਨੁੱਖਤਾ ਦਾ ਕੁੱਝ ਸੁਆਰ ਸਕਦੀ ਹੈ। ਜਿੱਥੇ ਰਾਜਨੀਤਿਕ, ਅਧਿਆਪਕ, ਧਾਰਮਿਕ ਆਗੂ, ਪੁਲਿਸ, ਨਿਆਂਪਾਲਿਕਾ, ਪ੍ਰਬੰਧਕ, ਪੱਤਰਕਾਰ ਤੇ ਸਾਹਿਤਕਾਰ ਯੋਗ ਤੇ ਉੱਚੇ ਤੇ ਸੁੱਚੇ ਕਿਰਦਾਰ ਵਾਲੇ ਹੋਣੇ ਚਾਹੀਦੇ ਹਨ, ਇਵੇਂ ਹੀ ਦੇਸ਼ ਦੇ ਪ੍ਰਧਾਨ ਤੇ ਪ੍ਰਧਾਨ ਮੰਤਰੀ ਕਦਰਾਂ-ਕੀਮਤਾਂ ਦੇ ਧਾਰਨੀ ਹੋਣੇ ਚਾਹੀਦੇ ਹਨ।

# ਜਰਮਨੀ ਵਿਚ ਨੌਜਵਾਨਾਂ ਦੀ ਗੂੰਜ ਲਾਜ਼ਮੀ ਫੌਜੀ ਸੇਵਾ ਖਿਲਾਫ਼ ਉਭਰਦਾ ਵਿਰੋਧ

## 8 ਮਈ, ਜਿਸ ਦਿਨ World War II Victory in Europe Day ਮਨਾਇਆ ਜਾਂਦਾ ਹੈ, ਨੂੰ ਅਗਲੇ ਵੱਡੇ ਪ੍ਰਦਰਸ਼ਨ ਲਈ ਚੁਣਿਆ ਗਿਆ ਹੈ






ਗੁਰਭਿੰਦਰ ਗੁਰੀ
ਪੰਜਾਬ ਮੇਲ USA


ਹਾਲ ਹੀ ਵਿਚ ਜਰਮਨੀ ਵਿਚ ਅਜਿਹਾ ਮਾਹੌਲ ਬਣਿਆ ਹੈ, ਜਿਸ ਨੇ ਪੂਰੇ ਯੂਰਪ ਦੀ ਸਿਆਸਤ ਨੂੰ ਹਿਲਾ ਦਿੱਤਾ ਹੈ। ਹਜ਼ਾਰਾਂ ਸਕੂਲੀ ਅਤੇ ਕਾਲਜੀ ਵਿਦਿਆਰਥੀ ਸੜਕਾਂ ’ਤੇ ਉਤਰ ਆਏ ਹਨ। ਕਲਾਸਾਂ ਛੱਡੀਆਂ ਗਈਆਂ, ਸ਼ਹਿਰਾਂ ਵਿਚ ਰੈਲੀਆਂ ਨਿਕਲੀਆਂ ਅਤੇ ਸਰਕਾਰ ਵੱਲੋਂ ਲਾਜਮੀ ਫੌਜੀ ਭਰਤੀ ਮੁੜ ਲਾਗੂ ਕਰਨ ਦੇ ਸੰਕੇਤਾਂ ਦਾ ਖੁੱਲ੍ਹਾ ਵਿਰੋਧ ਕੀਤਾ ਗਿਆ।

ਇਹ ਸਿਰਫ ਇੱਕ ਆਮ ਪ੍ਰਦਰਸ਼ਨ ਨਹੀਂ, ਇਹ ਇੱਕ ਪੂਰੀ ਪੀੜ੍ਹੀ ਦੀ ਆਵਾਜ਼ ਹੈ, ਜੋ ਆਪਣੇ ਭਵਿੱਖ ਨੂੰ ਜੰਗ ਦੇ ਸਾਏ ਹੇਠ ਨਹੀਂ ਦੇਖਣਾ ਚਾਹੁੰਦੀ। ਇਹ ਨੌਜਵਾਨ ਸਿਰਫ ਜੰਗ ਦਾ ਵਿਰੋਧ ਨਹੀਂ ਕਰ ਰਹੇ, ਸਗੋਂ ਸਿੱਖਿਆ, ਜਲਵਾਯੂ ਅਤੇ ਸਮਾਜਿਕ ਨਿਆਂ ਵਰਗੇ ਮੁੱਦਿਆਂ ’ਤੇ ਵੀ ਆਪਣਾ ਹੱਕ ਮੰਗ ਰਹੇ ਹਨ।

ਬਰਲਿਨ, ਹੈਮਬਰਗ, ਮਿਊਨਿਖ ਅਤੇ ਕੋਲੋਨ ਸਮੇਤ ਕਈ ਸ਼ਹਿਰਾਂ ਵਿਚ ਵਿਦਿਆਰਥੀਆਂ ਨੇ ਕਲਾਸਾਂ ਦਾ ਬਾਈਕਾਟ ਕੀਤਾ। ਬਰਲਿਨ ਦੀਆਂ ਸੜਕਾਂ ’ਤੇ ਉਠਦੇ ਨਾਅਰੇ ਇਸ ਲਹਿਰ ਦੀ ਰੂਹ ਨੂੰ ਬਿਆਨ ਕਰ ਰਹੇ ਸਨ:

“ਜੰਗ ਅਮੀਰਾਂ ਦੀ, ਕੀਮਤ ਨੌਜਵਾਨਾਂ ਦੀ—ਅਸੀਂ ਆਪਣਾ ਭਵਿੱਖ ਚਾਹੁੰਦੇ ਹਾਂ।”

ਇਹ ਸਿਰਫ ਨਾਅਰਾ ਨਹੀਂ, ਇਕ ਕੜੀ ਹਕੀਕਤ ਵੱਲ ਇਸ਼ਾਰਾ ਹੈ। ਇਤਿਹਾਸ ਦੱਸਦਾ ਹੈ ਕਿ ਜੰਗਾਂ ਵਿਚ ਮਰਦੇ ਆਮ ਘਰਾਂ ਦੇ ਬੱਚੇ ਹਨ, ਜਦਕਿ ਫਾਇਦਾ ਵੱਡੀਆਂ ਕੰਪਨੀਆਂ ਅਤੇ ਹਥਿਆਰ ਉਦਯੋਗ ਨੂੰ ਹੁੰਦਾ ਹੈ। ਸਰਕਾਰ ਵੱਲੋਂ ਫੌਜ ਨੂੰ ਮਜ਼ਬੂਤ ਕਰਨ ਲਈ ਵੱਡੇ ਪੱਧਰ ’ਤੇ ਯੋਜਨਾਵਾਂ ਬਣਾਈਆਂ ਜਾ ਰਹੀਆਂ ਹਨ। ਰੱਖਿਆ ਬਜਟ ਵਿਚ ਵੱਡਾ ਵਾਧਾ, ਨਵੇਂ ਹਥਿਆਰ, ਜਹਾਜ਼ ਅਤੇ ਡਰੋਨ—ਇਹ ਸਭ ਇਸ ਗੱਲ ਦਾ ਸੰਕੇਤ ਹਨ ਕਿ ਦੇਸ਼ ਇੱਕ ਵੱਡੇ ਫੌਜੀ ਢਾਂਚੇ ਵੱਲ ਵਧ ਰਿਹਾ ਹੈ। ਇਸ ਦੌਰਾਨ **Rheinmetall** ਵਰਗੀਆਂ ਕੰਪਨੀਆਂ ਨੂੰ ਭਾਰੀ ਲਾਭ ਹੋ ਰਿਹਾ ਹੈ ਅਤੇ ਕਈ ਉਦਯੋਗ ਹੁਣ ਹਥਿਆਰ ਬਣਾਉਣ ਵੱਲ ਮੁੜ ਰਹੇ ਹਨ।

ਇਥੇ ਸਵਾਲ ਖੜ੍ਹਦਾ ਹੈ, ਜੇਕਰ ਅਰਬਾਂ ਯੂਰੋ ਫੌਜ ਲਈ ਹਨ, ਤਾਂ ਸਿੱਖਿਆ, ਸਿਹਤ ਅਤੇ ਜਲਵਾਯੂ ਲਈ ਕਿਉਂ ਨਹੀਂ? ਨੌਜਵਾਨ ਇਸੀ ਗੱਲ ਦਾ ਜਵਾਬ ਮੰਗ ਰਹੇ ਹਨ। ਇਹ ਗੁੱਸਾ ਇੱਕ ਦਿਨ ਵਿਚ ਨਹੀਂ ਬਣਿਆ। ਸਾਲਾਂ ਤੋਂ ਚੱਲ ਰਹੀਆਂ ਸਮੱਸਿਆਵਾਂ—ਮਹਿੰਗਾਈ, ਰਹਿਣ ਦੀ ਕਮੀ, ਸਿੱਖਿਆ ’ਤੇ ਘੱਟ ਖਰਚ—ਇਹ ਸਭ ਮਿਲ ਕੇ ਅੱਜ ਵਿਰੋਧ ਦਾ ਰੂਪ ਲੈ ਚੁੱਕੀਆਂ ਹਨ।

ਇਸ ਅੰਦੋਲਨ ਦੀ ਖਾਸ ਗੱਲ ਇਹ ਹੈ ਕਿ ਇਹ ਸਿਰਫ “ਅਮਨ ਦੀ ਗੱਲ” ਨਹੀਂ ਕਰਦਾ, ਸਗੋਂ ਸਮਾਜਿਕ ਅਸਮਾਨਤਾ ਨੂੰ ਵੀ ਚੁਣੌਤੀ ਦਿੰਦਾ ਹੈ। ਵਿਦਿਆਰਥੀਆਂ ਦਾ ਕਹਿਣਾ ਹੈ ਕਿ ਜੰਗ ਦਾ ਬੋਝ ਹਮੇਸ਼ਾ ਆਮ ਲੋਕਾਂ ’ਤੇ ਪੈਂਦਾ ਹੈ, ਜਦਕਿ ਅਮੀਰ ਵਰਗ ਇਸ ਤੋਂ ਬਚ ਜਾਂਦਾ ਹੈ।

ਸਰਕਾਰ ਵੱਲੋਂ ਇਸ ਲਹਿਰ ਨੂੰ ਰੋਕਣ ਦੀ ਕੋਸ਼ਿਸ਼ ਵੀ ਕੀਤੀ ਗਈ ਹੈ। ਕੁਝ ਸਕੂਲਾਂ ਨੇ ਚੇਤਾਵਨੀਆਂ ਦਿੱਤੀਆਂ, ਕੁਝ ਥਾਵਾਂ ’ਤੇ ਪੁਲਿਸ ਨੇ ਹਸਤਖੇਪ ਕੀਤਾ, ਪਰ ਇਤਿਹਾਸ ਸਾਬਤ ਕਰਦਾ ਹੈ ਕਿ ਨੌਜਵਾਨਾਂ ਦੀ ਆਵਾਜ਼ ਨੂੰ ਦਬਾਉਣਾ ਆਸਾਨ ਨਹੀਂ ਹੁੰਦਾ।

ਜਰਮਨੀ ਵਿਚ ਵਿਦਿਆਰਥੀ ਅੰਦੋਲਨਾਂ ਦੀ ਲੰਮੀ ਰਿਵਾਇਤ ਰਹੀ ਹੈ। 1960 ਦੇ ਦਹਾਕੇ ਵਿਚ ਵੀ ਵੱਡੇ ਪੱਧਰ ’ਤੇ ਵਿਰੋਧ ਹੋਏ ਸਨ, ਅਤੇ 2019 ਵਿਚ ਜਲਵਾਯੂ ਲਈ ਸਕੂਲ ਹੜਤਾਲਾਂ ਨੇ ਦੁਨੀਆਂ ਦਾ ਧਿਆਨ ਖਿੱਚਿਆ। ਅੱਜ ਦੀ ਲਹਿਰ ਉਸੀ ਲੜੀ ਦੀ ਨਵੀਂ ਕੜੀ ਹੈ — ਪਰ ਇਸ ਵਾਰ ਮਾਮਲਾ ਜੰਗ ਅਤੇ ਫੌਜੀਕਰਨ ਦਾ ਹੈ।

ਇਸ ਅੰਦੋਲਨ ਦੀ ਗੂੰਜ ਸਿਰਫ ਜਰਮਨੀ ਤੱਕ ਸੀਮਿਤ ਨਹੀਂ ਰਹੀ। ਕਈ ਵਿਦਿਆਰਥੀਆਂ ਨੇ ਅੰਤਰਰਾਸ਼ਟਰੀ ਮੁੱਦਿਆਂ ’ਤੇ ਵੀ ਆਪਣੀ ਆਵਾਜ਼ ਉਠਾਈ, ਜੋ ਦਰਸਾਉਂਦਾ ਹੈ ਕਿ ਨਵੀਂ ਪੀੜ੍ਹੀ ਵਿਸ਼ਵ ਪੱਧਰ ’ਤੇ ਸੋਚ ਰਹੀ ਹੈ।

ਇਹ ਸਾਰੀ ਸਥਿਤੀ ਕੁਝ ਵੱਡੇ ਸਵਾਲ ਖੜ੍ਹਦੀ ਹੈ:

- ਜੰਗਾਂ ਦਾ ਅਸਲ ਲਾਭ ਕਿਸਨੂੰ ਹੁੰਦਾ ਹੈ?
- ਹਥਿਆਰ ਉਦਯੋਗ ਕਿਉਂ ਫਲਫੂਲ ਰਿਹਾ ਹੈ?
- ਸਮਾਜਿਕ ਖਰਚੇ ਕਿਉਂ ਘੱਟ ਰਹੇ ਹਨ?

ਵਿਦਿਆਰਥੀਆਂ ਨੇ ਐਲਾਨ ਕੀਤਾ ਹੈ ਕਿ ਇਹ ਸੰਘਰਸ਼ ਜਾਰੀ ਰਹੇਗਾ। 8 ਮਈ—ਜਿਸ ਦਿਨ **World War II Victory in Europe Day** ਮਨਾਇਆ ਜਾਂਦਾ ਹੈ, ਨੂੰ ਅਗਲੇ ਵੱਡੇ ਪ੍ਰਦਰਸ਼ਨ ਲਈ ਚੁਣਿਆ ਗਿਆ ਹੈ। ਇਹ ਇੱਕ ਸਪੱਸ਼ਟ ਸੰਦੇਸ਼ ਹੈ ਕਿ ਜੰਗ ਅਤੇ ਜ਼ੁਲਮ ਵਿਰੁੱਧ ਲੜਾਈ ਅਜੇ ਖਤਮ ਨਹੀਂ ਹੋਈ।

ਅੱਜ ਜਰਮਨੀ ਵਿਚ ਉਠ ਰਹੀ ਇਹ ਆਵਾਜ਼ ਸਿਰਫ ਇੱਕ ਦੇਸ਼ ਦੀ ਨਹੀਂ, ਸਗੋਂ ਦੁਨੀਆਂ ਭਰ ਦੇ ਨੌਜਵਾਨਾਂ ਦੀ ਸੋਚ ਨੂੰ ਦਰਸਾਉਂਦੀ ਹੈ। ਜੇ ਇਹ ਲਹਿਰ ਹੋਰ ਵਰਗਾਂ ਨਾਲ ਜੁੜਦੀ ਹੈ, ਤਾਂ ਇਹ ਸਿਰਫ ਇੱਕ ਨੀਤੀ ਦਾ ਵਿਰੋਧ ਨਹੀਂ ਰਹੇਗੀ, ਇਹ ਪੂਰੇ ਪ੍ਰਣਾਲੀ ਨੂੰ ਚੁਣੌਤੀ ਦੇ ਸਕਦੀ ਹੈ।

# ਪੰਜਾਬੀ ਲੋਕ ਗਾਇਕਾ ਨਰਿੰਦਰ ਬੀਬਾ

ਅੰਗਰੇਜ ਸਿੰਘ ਵਿਰਦੀ
ਅੰਮ੍ਰਿਤਸਰ
ਮੋਬਾਇਲ : 94646-28857
ਪੰਜਾਬ ਮੇਲ USA



ਨਰਿੰਦਰ ਬੀਬਾ ਪੰਜਾਬੀ ਲੋਕ ਗਾਇਕੀ ਦੀ ਐਸੀ ਮਾਣਮੱਤੀ ਸ਼ਖਸ਼ੀਅਤ ਸਨ, ਜਿਨ੍ਹਾਂ ਦੇ ਪੰਜਾਬੀ ਸੰਗੀਤ ਜਗਤ ਵਿਚ ਪਾਏ ਵਡਮੁੱਲੇ ਯੋਗਦਾਨ ਨੂੰ ਕਦੇ ਵੀ ਫ਼ਰਾਮੋਸ਼ ਨਹੀਂ ਕੀਤਾ ਜਾ ਸਕਦਾ। ਪੰਜਾਬੀ ਲੋਕ ਗਾਇਕੀ ਵਿਚ ਆਪਣੀ ਮਿੱਠੀ, ਸੁਰਬੱਧ ਅਤੇ ਬੁਲੰਦ ਆਵਾਜ ਵਿਚ ਗਾਏ ਗੀਤਾਂ ਦੀ ਬਦੌਲਤ ਇਨ੍ਹਾਂ ਨੇ ਪੰਜਾਬੀ ਸੰਗੀਤ ਜਗਤ ਵਿਚ ਆਪਣੀ ਵਿਲੱਖਣ ਪਹਿਚਾਣ ਬਣਾਈ।

ਇਨ੍ਹਾਂ ਦਾ ਜਨਮ ਲਹਿੰਦੇ ਪੰਜਾਬ (ਪਾਕਿਸਤਾਨ) ਦੇ ਮਸ਼ਹੂਰ ਜ਼ਿਲ੍ਹੇ ਸਰਗੋਧਾ ਦੀ ਤਹਿਸੀਲ ਸਿੱਲਾਂਵਾਲੀ ਜੋ ਕਿ ਸ਼ਹਿਰ ਸਰਗੋਧੇ ਦੇ ਦੱਖਣੀ ਬਾਹੀ ਵਾਲੇ ਪਾਸੇ 37 ਕੁ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ, ਵਿਚ ਪੈਂਦੇ ਪਿੰਡ ਚੱਕ ਨੰਬਰ 120 ਵਿਖੇ ਵਿਸਾਖੀ ਵਾਲੇ ਦਿਨ 13 ਅਪ੍ਰੈਲ, 1941 ਨੂੰ ਹੋਇਆ। ਮਾਂ ਮਹਿੰਦਰ ਕੌਰ ਅਤੇ ਪਿਤਾ ਫਤਿਹ ਸਿੰਘ ਦੀ ਲਾਡਲੀ ਧੀ ਨਰਿੰਦਰ ਬੀਬਾ ਦਾ ਪੂਰਾ ਨਾਂ ਨਰਿੰਦਰ ਕੌਰ ਸੀ ਪਰ ਪਿਤਾ ਲਾਡਾਂ ਨਾਲ ਆਪਣੀ ਧੀ ਨੂੰ ਬੀਬਾ ਨਰਿੰਦਰ ਕਹਿ ਕੇ ਪੁਕਾਰਦੇ ਸਨ, ਇਸੇ ਕਰਕੇ ਇਨ੍ਹਾਂ ਦਾ ਨਾਂ ਨਰਿੰਦਰ ਬੀਬਾ ਹੀ ਪੱਕ ਗਿਆ। ਚਾਰ ਭਰਾਵਾਂ ਅਤੇ ਤਿੰਨ ਭੈਣਾਂ ਵਿਚੋ ਇਨ੍ਹਾਂ ਦਾ ਸਥਾਨ ਤੀਸਰਾ ਸੀ। ਸੰਤਾਲੀ ਦੀ ਵੰਡ ਤੋਂ ਬਾਅਦ ਇਨ੍ਹਾਂ ਦੇ ਮਾਤਾ-ਪਿਤਾ ਆਪਣੇ ਬੱਚਿਆਂ ਨੂੰ ਲੈ ਕੇ ਏਧਰ ਆ ਗਏ ਅਤੇ ਕੁਝ ਸਮਾਂ ਫਰੀਦਕੋਟ ਰਹਿਣ ਤੋਂ ਬਾਅਦ ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ ਦੀ ਤਹਿਸੀਲ ਅਮਲੋਹ ਦੇ ਪਿੰਡ ਖੁੰਮਣਾਂ ਆ ਵੱਸੇ। ਬਚਪਨ ਤੋਂ ਹੀ ਇਨ੍ਹਾਂ ਦੀ ਸੰਗੀਤ ਵਿਚ ਰੁਚੀ ਨੂੰ ਦੇਖਦੇ ਹੋਏ ਇਨ੍ਹਾਂ ਦੇ ਪਿਤਾ ਜੀ ਨੇ ਇਨ੍ਹਾਂ ਨੂੰ ਹਾਰਮੋਨੀਅਮ ਸਿੱਖਣ ਲਈ ਆਪਣੇ ਮਾਮਾ ਜੀ ਜੋ ਰਾਗ ਵਿੱਦਿਆ ਦੇ ਚੰਗੇ ਗਿਆਤਾ ਰਾਗੀ ਸਿੰਘ ਸਨ ਦੇ ਕੋਲ ਭੇਜਿਆ। ਸਕੂਲ ਵਿਚ ਪੜ੍ਹਦਿਆਂ ਵੀ ਇਨ੍ਹਾਂ ਦਾ ਸੰਗੀਤ ਪ੍ਰਤੀ ਲਗਾਅ ਵੱਧਦਾ ਹੀ ਗਿਆ। ਸਕੂਲੀ ਪੜ੍ਹਾਈ ਦੇ ਦੌਰਾਨ ਇਨ੍ਹਾਂ ਨੇ ਬੱਚਿਆਂ ਦੇ ਧਾਰਮਿਕ ਸਮਾਗਮਾਂ 'ਤੇ ਹੁੰਦੇ ਸ਼ਬਦ ਕੀਰਤਨ ਮੁਕਾਬਲਿਆਂ ਵਿਚ ਹਿੱਸਾ ਲੈ ਕਈ ਇਨਾਮ ਜਿੱਤੇ। ਮੁੱਢਲੀ ਪੜ੍ਹਾਈ ਪਿੰਡ ਖੁੰਮਣਾਂ ਦੇ ਸਰਕਾਰੀ ਸਕੂਲ ਤੋਂ ਪ੍ਰਾਪਤ ਕਰ ਕੇ ਦਸਵੀਂ ਖੰਨੇ ਦੇ ਸਰਕਾਰੀ ਸਕੂਲ ਤੋਂ ਪਾਸ ਕੀਤੀ। ਦਸਵੀਂ ਕਰਨ ਉਪਰੰਤ ਲੁਧਿਆਣੇ ਦੇ ਸਰਕਾਰੀ ਕਾਲਜ ਫਾਰ ਵਿਮੈਨ ਵਿਚ ਦਾਖਲਾ ਲੈ ਲਿਆ। ਇਸੇ ਸਮੇਂ ਦੌਰਾਨ ਇਨ੍ਹਾਂ ਦੇ ਪਿਤਾ ਜੀ ਜੋ ਖੁਦ ਵੀ ਸੰਗੀਤ ਦੀ ਚੰਗੀ ਸਮਝ ਰੱਖਦੇ ਸਨ, ਹੋਰਾਂ ਨੇ ਇਨ੍ਹਾਂ ਨੂੰ ਕਲਾਸੀਕਲ ਸੰਗੀਤ ਦੇ ਉਸਤਾਦ ਮਾਸਟਰ ਹਰੀ ਦੇਵ ਕੋਲ ਕਲਾਸੀਕਲ ਸੰਗੀਤ ਦੀ ਸਿਖਲਾਈ ਲਈ ਭੇਜਿਆ। ਲੋਕ ਗਾਇਕੀ ਵਿਚ ਆਪਣੇ ਆਪ ਨੂੰ ਪਰਿਪੱਕ ਕਰਨ ਲਈ ਇਨ੍ਹਾਂ ਨੇ ਲੋਕ ਗਾਇਕੀ ਦੇ ਬਾਦਸ਼ਾਹ ਲਾਲ ਚੰਦ ਯਮਲਾਂ ਜੱਟ ਜੀ ਨੂੰ ਆਪਣਾ ਉਸਤਾਦ ਧਾਰਿਆ।

ਇਨ੍ਹਾਂ ਦੀ ਗਾਇਕੀ ਦੇ ਸਫ਼ਰ ਦਾ ਆਗਾਜ਼ ਕਾਲਜ ਪੜ੍ਹਨ ਦੇ ਦੌਰਾਨ ਸੰਨ 1958 ਵਿਚ ਹੋਇਆ। ਇਨ੍ਹਾਂ ਨੇ ਆਲ ਇੰਡੀਆ ਰੇਡੀਓ ਜਲੰਧਰ ਦੇ ਗੋਰਾਇਆਂ ਟਰਾਂਸਮੀਟਰ ਦੇ ਉਦਘਾਟਨੀ ਸਮਾਗਮ ਦੌਰਾਨ ਰੇਡੀਓ ਤੋਂ ਆਪਣਾ ਪਹਿਲਾ ਗੀਤ ਗਾਇਆ, ਜਿਸ ਦੇ ਬੋਲ ਸਨ "ਖੁਸ਼ੀ ਦੀਆਂ ਵੰਗਾ ਨੀਂ ਮੈਂ ਕੱਲ੍ਹ ਨੂੰ ਚੜ੍ਹਾਉਣੀਆਂ"। ਇਸ ਗੀਤ ਵਿਚ ਇਨ੍ਹਾਂ ਦੀ ਮਿੱਠੀ ਅਤੇ ਟੁਣਕਵੀਂ ਆਵਾਜ਼ ਸੰਗੀਤ ਪ੍ਰੇਮੀਆਂ ਨੂੰ ਬੇਹੱਦ ਪਸੰਦ ਆਈ। ਰੇਡੀਓ 'ਤੇ ਪਹਿਲੀ ਪੇਸ਼ਕਾਰੀ ਦੇਣ ਸਮੇਂ ਇਨ੍ਹਾਂ ਦੀ ਉਮਰ ਮਹਿਜ਼ 17 ਸਾਲ ਦੀ ਸੀ।






ਰੇਡੀਓ 'ਤੇ ਗਾਉਣ ਤੋਂ ਬਾਅਦ ਇਨ੍ਹਾਂ ਨੇ ਸਟੇਜ਼ ਦੀ ਗਾਇਕੀ ਵੱਲ ਰੁਖ ਕੀਤਾ। ਉਸਤਾਦ ਲਾਲ ਚੰਦ ਯਮਲਾ ਜੱਟ ਜੀ ਤੋਂ ਲੋਕ ਗਾਇਕੀ ਦੀਆਂ ਬਾਰੀਕੀਆਂ ਸਿੱਖ ਕੇ ਅਤੇ ਉਨ੍ਹਾਂ ਦੇ ਆਸ਼ੀਰਵਾਦ ਸਦਕਾ ਇਨ੍ਹਾਂ ਨੇ ਲੋਕਾਂ ਦੇ ਵਿਸ਼ਾਲ ਇਕੱਠਾਂ ਵਿਚ ਗਾਉਣਾ ਸ਼ੁਰੂ ਕੀਤਾ। ਸਭ ਤੋਂ ਪਹਿਲਾਂ ਸਟੇਜ਼ ਤੋਂ ਇਨ੍ਹਾਂ ਨੇ ਜਿਹੜਾ ਗੀਤ ਗਾਇਆ, ਉਸ ਦੇ ਬੋਲ ਸਨ "ਉਹਨੇ ਕਹੀਆ ਤੇ ਮੈਂ ਸੁਣੀਆਂ", ਜਿਸ ਨੂੰ ਸਰੋਤਿਆ ਦਾ ਭਰਵਾਂ ਹੁੰਗਾਰਾ ਮਿਲਿਆ। ਉਸਤਾਦ ਯਮਲਾ ਜੱਟ ਜੀ ਦੇ ਹੀ ਸ਼ਾਗਿਰਦ ਪ੍ਰਸਿੱਧ ਲੋਕ ਗਾਇਕ ਜਗਤ ਸਿੰਘ ਜੱਗਾ ਨਾਲ ਸਭ ਤੋਂ ਪਹਿਲਾਂ ਇਨ੍ਹਾਂ ਨੇ ਗਰੁੱਪ ਬਣਾ ਕੇ ਸਟੇਜ ਪ੍ਰੋਗਰਾਮ ਕਰਨੇ ਸ਼ੁਰੂ ਕੀਤੇ। ਰੋਅਬਦਾਰ ਚਿਹਰੇ ਅਤੇ ਬੁਲੰਦ ਆਵਾਜ਼ ਵਾਲੇ ਸੁਰੀਲੇ ਗਾਇਕ ਜਗਤ ਸਿੰਘ ਜੱਗਾ ਨਾਲ ਬੀਬਾ ਨੇ ਲਗਭਗ ਦਸ ਸਾਲ ਤੱਕ ਗਾਇਆ। ਬੀਬਾ ਤੇ ਜੱਗੇ ਦੀ ਦੋ ਗਾਣਾ ਗਾਇਕੀ ਦਾ ਆਪਣਾ ਵੱਖਰਾ ਲੁਤਫ਼ ਸੀ। ਹਾਲਾਂਕਿ ਇਨ੍ਹਾਂ ਦੇ ਅਤੇ ਜਗਤ ਸਿੰਘ ਜੱਗਾ ਦੇ ਦੋਗਾਣਾ ਗਾਇਕੀ ਦੇ ਰਿਕਾਰਡ ਗੀਤ ਬਹੁਤ ਘੱਟ ਮਿਲਦੇ ਹਨ ਪਰ ਇਨ੍ਹਾਂ ਦਾ ਗਾਇਆ ਪੰਜਾਬੀ ਕਿੱਸਾ ਮਿਰਜ਼ਾ ਸਾਹਿਬਾ ਰਿਕਾਰਡ ਸੁਨਣ ਵਾਲਾ ਹੈ। ਬੇਲੀਰਾਮ ਅਲਗੋਜ਼ਿਆਂ ਵਾਲਾ ਇਨ੍ਹਾਂ ਦੀ ਗਾਇਕੀ ਦੇ ਦੌਰਾਨ ਪ੍ਰਮੁੱਖ ਸਾਜੀ ਰਿਹਾ, ਜੋ ਹਰ ਵਕਤ ਇਨ੍ਹਾਂ ਦੇ ਨਾਲ ਰਹਿੰਦਾ ਸੀ।

27 ਜਨਵਰੀ 1960 ਨੂੰ 19 ਸਾਲ ਦੀ ਉਮਰ ਵਿਚ ਇਨ੍ਹਾਂ ਦਾ ਵਿਆਹ ਲੁਧਿਆਣਾ ਵਾਸੀ ਅਤੇ ਇੰਡੀਅਨ ਰੇਲਵੇ ਵਿਚ ਮੁਲਾਜ਼ਮਤ ਕਰਦੇ ਸ. ਜਸਪਾਲ ਸਿੰਘ ਪਾਲੀ ਨਾਲ ਹੋ ਗਿਆ। ਬੀਬਾ ਨੂੰ ਗਾਇਕੀ ਵਿਚ ਅਗਵਾਈ ਦੇਣ ਵਾਲੇ ਅਤੇ ਉਨ੍ਹਾਂ ਨੂੰ ਗਾਇਕੀ ਦੇ ਖੇਤਰ ਵਿਚ ਉਤਸ਼ਾਹਿਤ ਕਰਨ ਵਾਲੇ ਪਾਲੀ ਜੀ ਖੁਦ ਵੀ ਇਕ ਬਹੁਤ ਵਧੀਆ ਕਲਾਕਾਰ ਅਤੇ ਕਮਾਲ ਦੇ ਸਟੇਜ਼ ਅਨਾਊਂਸਰ ਸਨ। ਇਨ੍ਹਾਂ ਦੀ ਗਾਇਕੀ ਨੂੰ ਉੱਚੇ ਮੁਕਾਮ 'ਤੇ ਪਹੁੰਚਾਉਣ ਵਿਚ ਪਾਲੀ ਜੀ ਦਾ ਬਹੁਤ ਵੱਡਾ ਯੋਗਦਾਨ ਰਿਹਾ। ਇਨ੍ਹਾਂ ਦੇ ਗਾਏ ਉਪੇਰਿਆਂ ਵਿਚ ਪਾਲੀ ਜੀ ਨੇ ਇਕ ਸੂਤਰਧਾਰ ਵਜੋਂ ਆਪਣੀ ਆਵਾਜ਼ ਦਾ ਬਾਕਮਾਲ ਹੁਨਰ ਪੇਸ਼ ਕੀਤਾ। ਇਨ੍ਹਾਂ ਦੇ ਘਰ ਚਾਰ ਬੱਚਿਆਂ ਦਾ ਜਨਮ ਹੋਇਆ, ਦੋ ਲੜਕੇ ਅਤੇ ਦੋ ਲੜਕੀਆਂ।

ਰੇਡੀਓ ਅਤੇ ਸਟੇਜ 'ਤੇ ਚੰਗੀ ਪਹਿਚਾਣ ਬਣਾਉਣ ਤੋਂ ਬਾਅਦ ਪ੍ਰਸਿੱਧ ਸੰਗੀਤ ਕੰਪਨੀ ਐੱਚ.ਐੱਮ.ਵੀ. ਨੇ ਇਨ੍ਹਾਂ ਦਾ ਪਹਿਲਾ ਦੋਗਾਣਾ ਗੀਤਾਂ ਦਾ (ਪੱਥਰ ਦਾ) ਤਵਾ ਰਿਕਾਰਡ ਪੰਜਾਬੀ ਸੰਗੀਤ ਜਗਤ ਨੂੰ ਦਿੱਤਾ। ਸੰਨ 1962 ਵਿਚ ਇਨ੍ਹਾਂ ਦਾ ਪਹਿਲਾ ਦੋਗਾਣਾ ਗੀਤ ਗੀਤਕਾਰ ਗੁਰਦੇਵ ਮਾਨ ਦੁਆਰਾ ਲਿਖਿਤ ਤਵੇ ਰਿਕਾਰਡ ਦੇ ਰੂਪ ਵਿਚ ਸੰਗੀਤ ਪ੍ਰੇਮੀਆਂ ਨੂੰ ਸੁਨਣ ਨੂੰ ਮਿਲਿਆ। ਪ੍ਰਸਿੱਧ ਲੋਕ ਗਾਇਕ ਹਰਚਰਨ ਗਰੇਵਾਲ ਨਾਲ ਗਾਇਆ, ਇਨ੍ਹਾਂ ਦਾ ਪਹਿਲਾ ਦੋਗਾਣਾ ਗੀਤ ਜਿਸ ਦੇ ਬੋਲ ਸਨ "ਊੜਾ, ਆੜਾ, ਈੜੀ, ਸੱਸਾ ਹਾਹਾ, ਮੈਨੂੰ ਜਾਣ ਦੇ ਸਕੂਲੇ ਇਕ ਵਾਰ ਹਾੜਾ ਵੇ" ਏਨਾ ਮਸ਼ਹੂਰ ਹੋਇਆ ਕਿ ਰੇਡੀਓ ਤੇ ਪੰਜਾਬੀ ਸੰਗੀਤ ਪ੍ਰੋਗਰਾਮਾਂ ਵਿਚ ਸਰੋਤਿਆ ਵੱਲੋਂ ਇਸ ਗੀਤ ਨੂੰ ਸੁਣਾਉਣ ਦੀ ਸਭ ਤੋਂ ਵੱਧ ਫ਼ਰਮਾਇਸ ਆਇਆ ਕਰਦੀ ਸੀ। ਇਸ ਦੋਗਾਣਾ ਗੀਤ ਤੋਂ ਬਾਅਦ ਇਨ੍ਹਾਂ ਦੇ ਗਾਏ ਪਹਿਲੇ ਸੋਲੋ ਗੀਤਾਂ ਦੇ ਰਿਕਾਰਡ ਰਿਲੀਜ਼ ਕੀਤੇ ਗਏ, ਜਿਨ੍ਹਾਂ ਦੇ ਬੋਲ ਸਨ "ਰਾਤੀ ਸੀ ਉਡੀਕਾਂ ਤੇਰੀਆਂ" ਅਤੇ "ਲਾਗੇ ਬੈਠ ਦਿਲਾਂ ਦੀਆਂ ਫੋਲ"। ਇਨ੍ਹਾਂ ਗੀਤਾਂ ਦੀ ਕਾਮਯਾਬੀ ਤੋਂ ਬਾਅਦ ਐੱਚ.ਐੱਮ.ਵੀ. ਕੰਪਨੀ ਨੇ ਇਨ੍ਹਾਂ ਦੀ ਆਵਾਜ਼ ਵਿਚ ਅਣਗਿਣਤ ਗੀਤ ਰਿਕਾਰਡ ਕੀਤੇ।



ਆਪਣੇ ਚਾਰ ਦਹਾਕੇ ਦੀ ਗਾਇਕੀ ਦੇ ਸਫ਼ਰ ਦੌਰਾਨ ਇਨ੍ਹਾਂ ਨੇ ਲਗਭਗ 7000 ਦੇ ਕਰੀਬ ਗੀਤ ਗਾਏ। ਇਨ੍ਹਾਂ ਨੇ ਦੋਗਾਣਾ ਗਾਇਕੀ, ਸੋਲੋ ਗਾਇਕੀ, ਧਾਰਮਿਕ ਗਾਇਕੀ, ਲੋਕ ਦਾਸਤਾਨਾਂ ਅਤੇ ਵਾਰਾਂ ਨੂੰ ਇੰਨੀ ਸਹਿਜਤਾ ਨਾਲ ਗਾਇਆ ਕਿ ਹਰ ਸ਼ਕਸ ਆਪ ਦੀ ਗਾਇਕੀ ਦਾ ਮੁਰੀਦ ਹੋ ਗਿਆ। ਦੋ ਗਾਣਾ ਗਾਇਕੀ ਵਿਚ ਇਨ੍ਹਾਂ ਨੇ ਚੋਟੀ ਦੇ ਅਤੇ ਨਵੇਂ ਉਭਰਦੇ ਗਾਇਕਾਂ ਨਾਲ ਸੈਂਕੜਿਆਂ ਦੀ ਗਿਣਤੀ ਵਿਚ ਦੋਗਾਣਾ ਗੀਤ ਰਿਕਾਰਡ ਕਰਵਾਏ।

ਇਨ੍ਹਾਂ ਦੇ ਗਾਏ ਮਸ਼ਹੂਰ ਦੋਗਾਣਾ ਗੀਤਾਂ ਦੇ ਮੁਖੜੇ ਕੁਝ ਇੰਝ ਹਨ:-

(**ਗਾਇਕ ਹਰਚਰਨ ਗਰੇਵਾਲ ਨਾਲ**): "ਢੋਲ ਸਿਪਾਹੀਆ ਵੇ, ਮੇਰਿਆ ਮਾਹੀਆ ਵੇ", "ਮੇਰਾ ਡਿੱਗਿਆ ਰੁਮਾਲ ਫੜਾਵੀ", (**ਗਾਇਕ ਕਰਨੈਲ ਗਿੱਲ ਨਾਲ**) : "ਗੋਡੇ ਗੋਡੇ ਦਿਨ ਆਇਆ", "ਸੋਨੇ ਦੇ ਤਵੀਤ ਵਾਲੀਏ", (**ਗਾਇਕ ਕਰਮਜੀਤ ਧੂਰੀ ਨਾਲ**): "ਉਠ ਨੀ ਕੁੜੀਏ ਜਾ ਨੀ ਕੁੜੀਏ", "ਉਠ ਕੇ ਨੱਚ ਪਤਲੋ ਮੈਂ ਜੀਜਾ ਤੂੰ ਸਾਲੀ", (**ਗਾਇਕ ਜਗਤ ਸਿੰਘ ਜੱਗਾ ਨਾਲ**): "ਵੇ ਜੱਟਾ ਨਾ ਬਹਿ ਹੇਠਾਂ ਜੰਡ ਦੇ", (**ਗਾਇਕ ਫ਼ਕੀਰ ਸਿੰਘ ਫ਼ਕੀਰ ਨਾਲ**) : "ਮੈਨੂੰ ਸਾਲ ਸੋਲਵਾਂ ਚੜ੍ਹਿਆ", "ਕੱਲ ਮਕੱਲੀ ਤੋੜਾਂ ਮੈਂ ਕਰੀਰਾ ਨਾਲੋ ਡੇਲੇ", (**ਗਾਇਕ ਮੁਹੰਮਦ ਸਦੀਕ ਨਾਲ**): "ਆਹ ਲੈ ਲੋਂਗ ਤੂੰ ਬਿਸ਼ਨੀਏ ਤੇਰਾ ਨੀ ਨਰਮੇ 'ਚੋਂ ਸਾਨੂੰ ਲੱਭਿਆ", "ਕੀਹਦੀ ਖਾਤਿਰ ਜੀਊਣ ਜੋਗਿਆ", (**ਗਾਇਕ ਬੀਰ ਚੰਦ ਗੋਪੀ ਨਾਲ**): "ਮੈਂ ਤਾਂ ਸੜਕ ਤੇ ਨਹਿਰ ਕਿਨਾਰੇ ਉੱਚਾ ਚਬਾਰਾ ਪਾਉਣਾ", (**ਗਾਇਕ ਅਮੀਰ ਸਿੰਘ ਰਾਣਾ ਨਾਲ**): "ਰਾਂਝੇ ਮੱਝੀਆਂ ਚਰਾਈਆਂ ਬਾਰਾਂ ਸਾਲ ਵੇ", (**ਗਾਇਕ ਰਣਬੀਰ ਸਿੰਘ ਰਾਣਾ ਨਾਲ**): "ਸਾਧਣੀ ਹੋ ਜਾਊਂਗੀ", "ਨਿੱਕੀ ਨਿੱਕੀ ਕਣੀ ਦਾ ਮੀਹ ਬਾਲਮਾ ਸੱਚ ਦੱਸਦੀ", "ਹਸ ਬੱਲੀਏ ਨੀ ਕੁਝ ਦੱਸ ਬੱਲੀਏ", (**ਗਾਇਕ ਕੇ.ਦੀਪ ਨਾਲ**): "ਕਿੱਕਰ ਤੇ ਕਾਟੋ ਰਹਿੰਦੀ", "ਹੱਥੀਂ ਤੇਰੇ ਛਾਪਾਂ ਛੱਲੇ", (**ਗਾਇਕ ਸਾਬਰ ਹੁਸੈਨ ਸਾਬਰ ਨਾਲ**): "ਵੇ ਚੱਕ ਲਿਆ ਮੋਰ ਬਣ ਕੇ, ਮੇਰੀ ਡਿੱਗ ਪਈ ਚਰ੍ਹੀ ਦੇ ਵਿਚ ਗਾਨੀ", (**ਗਾਇਕ ਸਰੂਪ ਸਿੰਘ ਸਰੂਪ ਨਾਲ**): "ਪੰਜ ਪਾਂਜੇ ਪੂਰੇ ਵੀ ਨਾ ਹੋਣ ਨੀ ਨਸੀਬ ਕੁਰੇ।"

**ਨਰਿੰਦਰ ਬੀਬਾ ਦੇ ਕੁੱਝ ਸੋਲੋ ਗੀਤ** :- ਆਪ ਚੌਧਰੀ ਸ਼ੌਕੀਨ, ਮੇਰਾ ਦਿਲ ਧੜਕੇ, ਦਿਲ ਕਰਦੇ ਉੱਡ ਜਾਵਣ ਨੂੰ, ਹਾਸੇ ਦੀਆਂ ਗੱਲਾਂ ਦਾ ਗੁੱਸਾ ਨਹੀ ਮਨਾਈ ਦਾ, ਕਿਹੜੀ ਗੱਲੋਂ ਰੁਸੀਆਂ ਸਰਕਾਰਾਂ, ਕਾਹਨੂੰ ਮਾਰਦਾ ਚੰਦਰਿਆ ਛਮਕਾਂ, ਇਹ ਦੁਨੀਆਂ ਮਤਲਬ ਦੇ ਠੇਕੇਦਾਰਾਂ ਦੀ, ਮੁੰਡਾ ਲੱਭੇ ਹਾਣ ਦਾ, ਤੇਰੇ ਵੱਸਦੇ ਰਹਿਣ ਗਰਾਂ ਮੇਰੇ ਪਿਆਰੇ ਬਾਬਲਾ, ਕੋਈ ਅੰਮਾ ਜਾਇਆ ਵੀਰ ਰੱਬਾ, ਕਲਗੀਧਰ ਪੰਥ ਪਿਆਰੇ ਨੂੰ, ਤੂੰ ਇੱਕ ਵਾਰੀ ਆਂਵੀਂ ਦਾਤਿਆ, ਨੀਲਾ ਪੌਣ ਦਾ ਸਵਾਰ।

ਧਾਰਮਿਕ ਓਪੇਰਿਆ ਵਿਚ ਇਨ੍ਹਾਂ ਦਾ ਗਾਇਆ ਬੇਮਿਸਾਲ ਓਪੇਰਾ ਸਾਕਾ ਸਰਹੰਦ ਸੀ, ਜਿਸ ਵਿਚ ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜ਼ਰੀ ਜੀ ਦੇ ਸਰਸਾ ਨਦੀ ਤੋਂ ਵਿਛੜ ਕੇ ਮੁਗਲ ਸਰਕਾਰ ਦੀ ਕੈਦ ਵਿਚ ਅਤੇ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਵਖਿਆਨ ਹੈ। ਸਾਕਾ ਸਰਹੰਦ ਨੂੰ ਇਨ੍ਹਾਂ ਨੇ ਜਿੰਨੀ ਸ਼ਰਧਾ ਭਾਵਨਾ, ਪਿਆਰ ਅਤੇ ਰਸਭਿੰਨੀ ਆਵਾਜ਼ ਵਿਚ ਗਾਇਆ ਹੈ, ਉਸ ਨੂੰ ਸ਼ਬਦਾਂ 'ਚ ਬਿਆਨ ਕਰਨਾ ਨਾਮੁਮਕਿਨ ਹੈ। ਸਾਕਾ ਸਰਹੰਦ ਤੋਂ ਬਾਅਦ ਇਨ੍ਹਾਂ ਦੇ ਹੋਰ ਵੀ ਓਪੇਰੇ ਜਿਨ੍ਹਾਂ ਵਿਚ ਸਾਕਾ ਚਾਂਦਨੀ ਚੌਂਕ, ਸਾਕਾ ਗੜ੍ਹੀ ਚਮਕੌਰ ਸਾਹਿਬ, ਧਾਰਮਿਕ ਦੀਵਾਨ, ਸਿੰਘਾਂ ਦੀਆਂ ਕੁਰਬਾਨੀਆਂ, ਏਕਤਾ ਦਾ ਪੁਜਾਰੀ ਅਤੇ ਜੀਵਨ ਕਥਾ ਗੁਰੂ ਰਵਿਦਾਸ ਜੀ ਵੀ ਬੇਹੱਦ ਮਕਬੂਲ ਹੋਏ। ਧਾਰਮਿਕ ਗੀਤਾਂ ਵਿਚ ਚੰਨ ਮਾਤਾ ਗੁਜ਼ਰੀ ਦਾ, ਧੰਨ ਧੰਨ ਗੁਰੂ ਗੋਬਿੰਦ ਸਿੰਘ ਜੀ, ਦਾਦੀ ਪੋਤਿਆਂ ਦਾ ਦਿਲ, ਦਸ ਵੇ ਜਲਾਦਾ, ਆਰੇ ਦੀਆਂ ਦੰਦੀਆਂ, ਗਿਆ ਹੈ ਅਜੀਤ ਹੁਣ ਜਾਏਗਾ ਜੁਝਾਰ ਅਤੇ ਵਾਰਾਂ ਵਿਚ ਵਾਰ ਮਹਾਰਾਜਾ ਰਣਜੀਤ ਸਿੰਘ, ਵਾਰ ਹਰੀ ਸਿੰਘ ਨਲੂਆ, ਵਾਰ ਭਾਈ ਬਚਿੱਤਰ ਸਿੰਘ ਨੂੰ ਪੰਜਾਬੀਆਂ ਦਾ ਅਥਾਹ ਪਿਆਰ ਮਿਲਿਆ।

ਪੰਜਾਬੀ ਗਾਇਕੀ ਦੀ ਹਰ ਵੰਨਗੀ ਨੂੰ ਗਾਉਣ ਤੋਂ ਬਾਅਦ ਇਨ੍ਹਾਂ ਨੂੰ ਪੰਜਾਬੀ ਫ਼ਿਲਮਾਂ ਵਿਚ ਬਤੌਰ ਪਿੱਠ ਵਰਤੀ ਗਾਇਕਾ ਵਜੋਂ ਗੀਤ ਗਾਉਣ ਦਾ ਮੌਕਾ ਮਿਲਿਆ। ਫ਼ਿਲਮ ਛੜ੍ਹਿਆ ਦੀ ਡੋਲੀ (1963) ਇਨ੍ਹਾਂ ਦੀ ਪਹਿਲੀ ਫ਼ਿਲਮ ਸੀ, ਜਿਸ ਵਿਚ ਇਨ੍ਹਾਂ ਦਾ ਅਤੇ ਜਗਤ ਸਿੰਘ ਜੱਗਾ ਦਾ ਗਾਇਆ ਗੀਤ 'ਵੇ ਜੱਟਾ ਨਾ ਬਹਿ ਹੇਠਾਂ ਜੰਡ ਦੇ' ਸ਼ਾਮਲ ਕੀਤਾ ਗਿਆ ਸੀ। ਫ਼ਿਲਮ ਤੇਰੀ ਮੇਰੀ ਇਕ ਜਿੰਦੜੀ ਵਿਚ ਇਨ੍ਹਾਂ ਨੇ ਪੰਜ ਗੀਤ ਗਾਏ ਤੇ ਪੰਜੇ ਗੀਤ ਤੇਰੀ ਮੇਰੀ ਇਕ ਜਿੰਦੜੀ, ਤੇਰੀਆਂ ਮੁਹੱਬਤਾਂ ਨੇ ਮਾਰ ਸੁੱਟਿਆ, ਪਿਆਰ ਇੰਜ ਪਾਈ ਦਾ, ਐਨੇ ਜ਼ੋਰ ਦੀ ਮਰੋੜੀ ਮੇਰੀ ਬਾਂਹ ਜੱਟ ਨੇ ਅਤੇ ਊਈ ਮੈਂ ਮਰ ਗਈ ਬੇਹੱਦ ਪਸੰਦ ਕੀਤੇ ਗਏ। ਇਸ ਫ਼ਿਲਮ ਤੋਂ ਬਾਅਦ ਜਿਨ੍ਹਾਂ ਹੋਰ ਫ਼ਿਲਮਾਂ ਵਿਚ ਇਨ੍ਹਾਂ ਨੇ ਗਾਇਆ ਉਹ ਸਨ ਫ਼ਿਲਮ ਧਰਮਜੀਤ, ਦਾਜ, ਸੰਤੋ ਬੰਤੋ ਅਤੇ ਪੁੱਤ ਜੱਟਾਂ ਦੇ।

ਸੰਨ 1976 ਵਿਚ ਪਤੀ ਜਸਪਾਲ ਸਿੰਘ ਪਾਲੀ ਦੇ ਬੇਵਕਤ ਇਸ ਦੁਨੀਆਂ ਤੋਂ ਚਲੇ ਜਾਣ ਨੇ ਇਨ੍ਹਾਂ ਨੂੰ ਗਹਿਰਾ ਸਦਮਾ ਦਿੱਤਾ। ਇਨ੍ਹਾਂ ਨੇ ਆਪਣੀ ਗਾਇਕੀ ਦੇ ਸਫ਼ਰ ਦੌਰਾਨ ਗਾਇਕੀ ਦਾ ਸੁਨਹਿਰੀ ਦੌਰ ਵੀ ਵੇਖਿਆ ਅਤੇ ਪੰਜਾਬ ਦੇ ਮਾੜੇ ਹਾਲਾਤਾਂ ਦੇ ਵੇਲੇ ਦਮ ਤੋੜ ਰਹੀ ਪੰਜਾਬੀ ਗਾਇਕੀ ਦੀ ਪੀੜ ਨੂੰ ਵੀ ਆਪਣੇ ਪਿੰਡੇ 'ਤੇ ਹੰਢਾਇਆ। ਗਾਇਕੀ ਦੇ ਚਲਦੇ ਸਫ਼ਰ ਵਿਚ ਹੀ ਅਖੀਰ 27 ਜੂਨ ਸੰਨ 1997 ਨੂੰ ਸਿਰਫ 56 ਸਾਲ ਦੀ ਉਮਰ ਵਿਚ ਪੰਜਾਬੀ ਲੋਕ ਗਾਇਕੀ ਦਾ ਮਾਣ, ਲੋਕਾਂ ਦੇ ਦਿਲਾਂ 'ਤੇ ਰਾਜ ਕਰਨ ਵਾਲੀ ਮਹਾਨ ਹਸਤੀ ਦਿਲ ਦੀ ਧੜਕਣ ਰੁਕਣ ਕਾਰਣ ਇਸ ਫ਼ਾਨੀ ਸੰਸਾਰ ਨੂੰ ਸਦਾ ਲਈ ਅਲਵਿਦਾ ਆਖ ਗਈ।

## ਵਿਸ਼ਵ ਦੇ ਮਹਾਨ ਖਿਡਾਰੀ

# ਸੁਰ ਸਿੰਘ ਦਾ ਕੋਹੇਨੂਰ ਕਰਤਾਰ ਸਿੰਘ

-ਪ੍ਰਿੰ. ਸਰਵਣ ਸਿੰਘ
principalsarwansingh@gmail.com
ਪੰਜਾਬ ਮੇਲ USA



ਕਰਤਾਰ ਦੇ ਨਾਂ ਵਿਚ ਹੀ ਬਖ਼ਸ਼ ਹੈ। ਪਹਿਲਵਾਨ ਕਰਤਾਰ ਸਿੰਘ ਕੁਸ਼ਤੀ ਦਾ ਵਿਸ਼ਵ ਵੈਟਰਨ ਚੈਂਪੀਅਨ ਭਾਵ ਰੁਸਤਮੇ-ਜ਼ਮਾਂ ਹੈ। ਉਸ ਨੇ ਤਿੰਨ ਓਲੰਪਿਕ ਖੇਡਾਂ, ਇਕ ਪ੍ਰੀ ਓਲੰਪਿਕ, ਤਿੰਨ ਏਸ਼ਿਆਈ ਖੇਡਾਂ, ਤਿੰਨ ਕਾਮਨਵੈਲਥ ਖੇਡਾਂ, ਤਿੰਨ ਏਸ਼ਿਆਈ ਚੈਂਪੀਅਨਸ਼ਿਪਾਂ ਤੇ ਸਤਾਰਾਂ ਵਰਲਡ ਵੈਟਰਨ ਚੈਂਪੀਅਨਸ਼ਿਪਾਂ 'ਚ ਭਾਗ ਲਿਆ, ਜਿਨ੍ਹਾਂ 'ਚੋਂ ਸੋਨੇ, ਚਾਂਦੀ ਤੇ ਕਾਂਸੀ ਦੇ 25 ਤਗਮੇ ਜਿੱਤੇ। ਉਹ ਮਾਝੇ ਦਾ ਮਾਣ ਹੈ ਤੇ ਸੁਰ ਸਿੰਘ ਦੀ ਸ਼ਾਨ। ਪੰਜਾਬ ਕੇਸਰੀ ਤੋਂ ਲੈ ਕੇ ਭਾਰਤ ਕੁਮਾਰ, ਭਾਰਤ ਕੇਸਰੀ, ਮਹਾਂਪੌਰ ਕੇਸਰੀ, ਭਾਰਤ ਮੱਲ ਸਮਰਾਟ, ਰੁਸਤਮੇ ਹਿੰਦ ਤੇ ਰੁਸਤਮੇ ਜ਼ਮਾਂ ਤੱਕ ਦੇ ਖ਼ਿਤਾਬ ਉਹਦੇ ਨਾਂ ਚੜ੍ਹ ਚੁੱਕੇ ਹਨ। ਪੰਜਾਬ ਸਰਕਾਰ ਨੇ ਉਸ ਨੂੰ ਮਹਾਰਾਜਾ ਰਣਜੀਤ ਸਿੰਘ ਅਵਾਰਡ ਤੇ ਭਾਰਤ ਸਰਕਾਰ ਨੇ ਅਰਜਨ ਅਵਾਰਡ ਅਤੇ ਪਦਮ ਸ਼੍ਰੀ ਪੁਰਸਕਾਰ ਨਾਲ ਨਿਵਾਜਿਆ ਹੈ। ਉਹਨੂੰ ਪ੍ਰੈਜ਼ੀਡੈਂਟ ਪੁਲਿਸ ਮੈਡਲ, ਫੀਲਾ ਦਾ ਫੇਅਰ ਪਲੇਅ ਅਵਾਰਡ ਅਤੇ ਫੀਲਾ ਵੱਲੋਂ ਅੰਤਰਰਾਸ਼ਟਰੀ ਕੁਸ਼ਤੀਆਂ 'ਚ ਸ਼ਾਨਦਾਰ ਯੋਗਦਾਨ ਪਾਉਣ ਲਈ 'ਲਾਈਫ ਟਾਈਮ ਅਚੀਵਮੈਂਟ ਅਵਾਰਡ' ਦਿੱਤਾ ਗਿਆ। ਉਹ ਭਾਰਤੀ ਕੁਸ਼ਤੀ ਫੈਡਰੇਸ਼ਨ ਦਾ ਆਨਰੇਰੀ ਸਕੱਤਰ ਜਨਰਲ ਤੇ ਪੰਜਾਬ ਕੁਸ਼ਤੀ ਸੰਘ ਦਾ ਪ੍ਰਧਾਨ ਰਿਹਾ। ਉਸ ਨੇ 2012 ਵਿਚ ਹੋਈ ਸਤਾਰ੍ਹਵੀਂ ਵਿਸ਼ਵ ਵੈਟਰਨ ਕੁਸ਼ਤੀ ਚੈਂਪੀਅਨਸ਼ਿਪ 'ਚੋਂ ਸੋਲ੍ਹਵੀਂ ਵਾਰ ਗੋਲਡ ਮੈਡਲ ਜਿੱਤਿਆ ਸੀ, ਜੋ ਵਿਲੱਖਣ ਰਿਕਾਰਡ ਹੈ। ਇੰਜ ਉਹ ਸੋਲਾਂ ਸਾਲ ਸਾਰੀ ਦੁਨੀਆਂ 'ਤੇ ਲੱਤ ਫੇਰਦਾ ਰਿਹਾ!

ਉਹਦਾ ਜਨਮ ਹਿੰਦ-ਪਾਕਿ ਬਾਰਡਰ ਨੇੜਲੇ ਪਿੰਡ ਸੁਰ ਸਿੰਘ ਵਿਚ ਹੋਇਆ ਸੀ। ਦੇਸ਼ ਵੰਡ ਤੋਂ ਪਹਿਲਾਂ ਇਹ ਪਿੰਡ ਜ਼ਿਲ੍ਹਾ ਲਾਹੌਰ ਦੀ ਤਹਿਸੀਲ ਕਸੂਰ ਵਿਚ ਪੈਂਦਾ ਸੀ। ਵੰਡ ਪਿੱਛੋਂ ਇਸ ਨੂੰ ਜ਼ਿਲ੍ਹਾ ਅੰਮ੍ਰਿਤਸਰ ਤੇ ਹੁਣ ਜ਼ਿਲ੍ਹਾ ਤਰਨਤਾਰਨ ਲੱਗਦੈ। ਢਾਡੀਆਂ, ਰਾਗੀਆਂ, ਕਵੀਸ਼ਰਾਂ, ਯੋਧਿਆਂ, ਦੇਸ਼ਭਗਤਾਂ, ਭਲਵਾਨਾਂ ਤੇ ਲੇਖਕਾਂ ਨੇ ਸੁਰ ਸਿੰਘ ਦੀ ਬੜੀ ਵਡਿਆਈ ਕਰਵਾਈ ਹੈ। ਗੁਰੂ ਹਰਗੋਬਿੰਦ ਸਾਹਿਬ ਸਮੇਂ ਲਾਹੌਰ ਦੇ ਕਿਲ੍ਹੇ 'ਚੋਂ ਘੋੜਿਆਂ ਦੀਆਂ ਰਾਵੀ 'ਚ ਛਾਲਾਂ ਲੁਆ ਕੇ ਲੈ ਆਉਣ ਵਾਲਾ ਭਾਈ ਬਿਧੀ ਚੰਦ ਇਸੇ ਪਿੰਡ ਦਾ ਸੀ। ਪੰਜਾਬੀ ਕਹਾਣੀ ਦਾ ਸ਼ਾਹਸਵਾਰ ਵਰਿਆਮ ਸਿੰਘ ਸੰਧੂ ਵੀ ਉਥੋਂ ਦਾ ਹੀ ਹੈ, ਜਿਸ ਨੇ ਕਰਤਾਰ ਸਿੰਘ ਦੀ ਜੀਵਨੀ 'ਕੁਸ਼ਤੀ ਦਾ ਧਰੂ-ਤਾਰਾ ਕਰਤਾਰ' ਲਿਖੀ। ਜੀਹਨੇ ਪਹਿਲਵਾਨ ਕਰਤਾਰ ਸਿੰਘ ਨੂੰ ਅੰਦਰੋਂ ਬਾਹਰੋਂ ਜਾਨਣਾ ਹੋਵੇ, ਉਹ ਇਹ ਪੁਸਤਕ ਪੜ੍ਹ ਲਵੇ।

ਵਰਿਆਮ ਸੰਧੂ ਨੇ ਲਿਖਿਆ: ਕਰਤਾਰ ਭਲਵਾਨ ਮੇਰਾ ਗਰਾਈਂ ਹੈ। ਅੰਮ੍ਰਿਤਸਰ ਜ਼ਿਲ੍ਹੇ ਦੇ ਇਤਿਹਾਸਕ ਪਿੰਡ ਸੁਰ ਸਿੰਘ ਦਾ ਜੰਮ-ਪਲ। ਸਿੱਖ ਗੁਰੂਆਂ, ਸਿੱਖ ਸੂਰਮਿਆਂ ਅਤੇ ਗ਼ਦਰੀ ਯੋਧਿਆਂ ਦੀਆਂ ਇਤਿਹਾਸਕ ਯਾਦਾਂ ਸੰਭਾਲੀ ਬੈਠਾ ਪਿੰਡ। 1978 ਵਿਚ ਜਦੋਂ ਕਰਤਾਰ ਪਹਿਲੀ ਵਾਰ ਏਸ਼ੀਅਨ ਖੇਡਾਂ ਬੈਂਕਾਕ ਤੋਂ ਸੋਨ-ਤਮਗਾ ਜਿਤ ਕੇ ਲਿਆਇਆ ਸੀ, ਤਾਂ ਪੂਰੇ ਪਿੰਡ ਵੱਲੋਂ ਉਹਦੇ ਮਾਣ-ਸਤਿਕਾਰ ਵਿਚ ਭਰਪੂਰ ਸਮਾਗਮ ਕੀਤਾ ਗਿਆ। ਕਰਤਾਰ ਤੇ ਉਹਦੇ ਨਾਲ ਆਏ ਭਲਵਾਨਾਂ ਤੇ ਕੋਚਾਂ ਨੂੰ ਸਵਾਗਤੀ ਕਮੇਟੀ ਵੱਲੋਂ ਤੁਛ ਭੇਟਾ ਦਿੰਦਿਆਂ ਮੈਂ ਇੱਕ ਗੱਲ ਸੁਣਾਈ ਸੀ:

ਮੇਰਾ ਇੱਕ ਮਾਮਾ ਆਪਣੇ ਵੇਲਿਆਂ ਦਾ ਚੰਗਾ ਭਲਵਾਨ ਸੀ। ਇੱਕ ਵਾਰ ਉਹ ਆਪਣੇ ਪਿੰਡੋਂ ਵੀਹ-ਤੀਹ ਕੋਹ ਦੂਰ ਕਿਸੇ ਪਿੰਡ ਛਿੰਝ 'ਤੇ ਘੁਲਣ ਲਈ ਗਿਆ। ਉਹਦੇ ਹੀ ਪਿੰਡ ਦਾ ਕੋਈ ਹੋਰ ਬੰਦਾ, ਜਿਹੜਾ ਛਿੰਝ ਵਾਲੇ ਪਿੰਡ ਦੇ ਨੇੜੇ ਕਿਸੇ ਰਿਸ਼ਤੇਦਾਰੀ 'ਚ ਮਿਲਣ ਗਿਲਣ ਗਿਆ ਸੀ, ਘੋਲ ਵੇਖਣ ਲਈ ਉੱਥੇ ਆਇਆ। ਜਦੋਂ ਮੇਰਾ ਮਾਮਾ ਦੂਜੇ ਭਲਵਾਨ ਨਾਲ ਘੁਲ ਰਿਹਾ ਸੀ, ਤਾਂ ਉਹਦੇ ਪਿੰਡ ਦਾ ਵਸਨੀਕ ਵੀ ਆਪਣੇ ਮਨ ਵਿਚ ਨਾਲ ਦੀ ਨਾਲ ਘੁਲ ਰਿਹਾ ਸੀ। ਆਖ਼ਰ ਜਦੋਂ ਮੇਰੇ ਮਾਮੇ ਨੇ ਵਿਰੋਧੀ ਭਲਵਾਨ ਨੂੰ ਧਰਤੀ 'ਤੇ ਪਿਠ ਪਰਨੇ ਸੁੱਟ ਲਿਆ, ਤਾਂ ਉਹਦੇ ਗਰਾਈਂ ਨੇ ਛਾਲ ਮਾਰੀ ਤੇ ਸੰਤੋੜ ਮੇਰੇ ਮਾਮੇ ਵੱਲ ਭੱਜ ਉੱਠਾ। ਜਾ ਕੇ ਮੇਰੇ ਮਾਮੇ ਨੂੰ ਹਿੱਕ ਨਾਲ ਘੁੱਟ ਕੇ ਧਰਤੀ ਤੋਂ ਉੱਚਾ ਚੁੱਕ ਲਿਆ। ਪਿੱਛੋਂ ਆਪਣੀ ਜੇਬ ਵਿਚ ਹੱਥ ਮਾਰਿਆ। ਗਰੀਬ ਜੱਟ ਸੀ। ਉਦੋਂ ਲੋਕਾਂ ਕੋਲ ਪੈਸੇ ਹੁੰਦੇ ਵੀ ਕਿੱਥੇ ਸਨ! ਜੇਬ ਵਿਚੋਂ ਸਿਰਫ਼ ਇੱਕ ਅਠਿਆਨੀ ਨਿਕਲੀ। ਉਸ ਨੇ ਉਹੀ ਅਠਿਆਨੀ ਮੇਰੇ ਮਾਮੇ ਦੀ ਮੁੱਠ ਵਿਚ ਦਿੱਤੀ ਤੇ ਫਿਰ ਉਹਦੀ ਮੁੱਠ ਮੀਚਦਿਆਂ ਕਹਿਣ ਲੱਗਾ, "ਬਘੇਲ ਸਿਆਂ! ਇਹ ਮੁੱਠ ਤੂੰ ਮੀਟੀ ਰੱਖ! ਇਹ ਨਾ ਵੇਖ! ਇਹਦੇ ਵਿਚ ਹੈ ਕੀ... ਮੇਰੇ ਕੋਲ ਹੈ ਈ ਇਹੋ ਕੁੱਝ ਸੀ ਵੀਰ ਮੇਰਿਆ... ਮੇਰੇ ਕੋਲੋਂ ਤੇਰੇ ਜਿੱਤਣ ਦਾ ਚਾਅ ਠੱਲ੍ਹਿਆ ਨਹੀਂ ਗਿਆ... ਬੱਸ ਇਸ ਚਾਅ 'ਚ ਈ ਭੱਜਾ ਆਇਆਂ... ਇਸ ਲਈ ਤੂੰ ਇਹ ਮੁੱਠੀ ਬੰਦ ਹੀ ਰੱਖ... ਤੇ ਮੇਰੇ ਖੁੱਲ੍ਹੇ ਦਿਲ ਵੱਲ ਵੇਖ...।"



ਇਹ ਕਹਾਣੀ ਸੁਣਾ ਕੇ ਮੈਂ ਕਰਤਾਰ ਨੂੰ ਕਿਹਾ ਸੀ, "ਭਲਵਾਨ ਜੀ ਮੈਂ ਅਤੇ ਮੇਰੇ ਪਿੰਡ ਵਾਲੇ ਤੁਹਾਡੀ ਏਡੀ ਮਹਾਨ ਜਿੱਤ ਦੀ ਖ਼ੁਸ਼ੀ ਵਿਚ ਮਾਣ-ਸਨਮਾਨ ਵਜੋਂ ਜੋ ਕੁੱਝ ਤੁਹਾਨੂੰ ਭੇਟ ਕਰ ਰਹੇ ਹਾਂ... ਉਹ ਤਾਂ ਤੁਸੀਂ ਮੁੱਠੀ ਵਿਚ ਬੰਦ ਹੀ ਰੱਖੋ... ਉਹਨੂੰ ਖੋਲ੍ਹ ਕੇ ਨਾ ਵੇਖੋ ਕਿ ਇਸ ਵਿਚ ਕੀ ਹੈ? ਵੇਖਣਾ ਹੈ ਤਾਂ ਸਾਡੇ ਪਿਆਰ ਨਾਲ ਨੱਕੋ-ਨੱਕ ਭਰੇ ਦਿਲ ਵੇਖੋ... ਸਾਡਾ ਚਾਅ ਵੇਖੋ... ਸਾਡਾ ਮਾਣ ਵੇਖੋ...।"

ਅੱਜ ਉਸੇ ਹੀ ਪਿਆਰ ਤੇ ਮਾਣ ਵਿਚ ਭਰ ਕੇ ਮੈਂ ਇਹ ਪੁਸਤਕ ਕਰਤਾਰ ਦੇ ਹੱਥਾਂ ਵਿਚ ਦੇ ਕੇ ਕਹਿਣਾ ਚਾਹੁੰਦਾ ਹਾਂ, "ਭਲਵਾਨ ਜੀ! ਅੱਜ ਆਪਣੀਆਂ ਉਨ੍ਹਾਂ ਬੰਦ ਮੁੱਠਾਂ ਨੂੰ ਖੋਲ੍ਹੋ... ਤੇ ਇਸ ਪੁਸਤਕ ਨੂੰ ਵੇਖੋ ਤੇ ਵਿਖਾਓ ਵੀ... ਜਿਸ ਵਿਚ ਤੁਹਾਡੇ ਗਰਾਈਂ, ਤੁਹਾਡੇ ਵੱਡੇ ਭਰਾ ਦਾ ਪਿਆਰ ਉਲੱਦਿਆ ਪਿਆ ਹੈ!"

ਅਖ਼ੀਰ ਵਿਚ ਮੈਂ ਆਪਣੇ ਮਹਾਨ ਪਿੰਡ ਸੁਰ ਸਿੰਘ ਅੱਗੇ ਆਪਣਾ ਸੀਸ ਨਿਵਾਉਂਦਾ ਹਾਂ, ਜਿਸ ਦੀ ਮੁਹੱਬਤ ਨੇ ਆਪਣੇ ਇਸ ਮਹਾਨ ਪੁੱਤ ਬਾਰੇ ਆਪਣੇ ਇਸ ਲੇਖਕ ਪੁੱਤ ਕੋਲੋਂ ਕੁੱਝ ਸ਼ਬਦ ਲਿਖਵਾਏ ਹਨ।

ਮੇਰੇ ਪਿਆਰੇ ਤੇ ਮਾਣ-ਮੱਤੇ ਪਿੰਡ! ਮੇਰੇ ਪਿੰਡ ਦੇ ਪਿਆਰੇ ਤੇ ਮੋਹ-ਭਿੱਜੇ ਲੋਕੋ! ਇਤਿਹਾਸ ਬਣਾਉਣ ਵਾਲੇ ਤੇ ਇਤਿਹਾਸ ਲਿਖਣ ਵਾਲੇ ਤੁਹਾਡੇ ਬੱਚੇ ਤੁਹਾਡੇ ਵਿਹੜਿਆਂ ਵਿਚ ਪਲਦੇ ਤੇ ਖੇਡਦੇ ਰਹਿਣ ਤੇ ਫਿਰ ਇੱਕ ਦਿਨ ਇੰਜ ਹੀ ਚਮਕ ਉੱਠਣ... ਉੱਚੇ ਨੀਲੇ ਅੰਬਰਾਂ ਵਿਚ ਧਰੂ ਤਾਰਾ ਬਣ ਕੇ... ਤੁਹਾਡੇ ਕਰਤਾਰ ਵਾਂਗ।

'ਕਰਤਾਰ ਦਾ ਜਨਮ ਸਾਧਾਰਨ ਕਿਸਾਨ ਕਰਨੈਲ ਸਿੰਘ ਦੇ ਘਰ ਮਾਤਾ ਪ੍ਰੀਤਮ ਕੌਰ ਦੀ ਕੁੱਖੋਂ ਹੋਇਆ। ਸਕੂਲ ਦੇ ਸਰਟੀਫਿਕੇਟ ਮੁਤਾਬਿਕ ਉਹਦੀ ਜਨਮ ਤਾਰੀਖ 7 ਅਕਤੂਬਰ 1953 ਲਿਖੀ ਹੈ, ਜਦ ਕਿ ਅਸਲੀ ਜਨਮ ਮਿਤੀ 15 ਜਨਵਰੀ 1953 ਹੈ। ਲੋਹੜੀ ਤੋਂ ਦੋ ਦਿਨ ਪਿੱਛੋਂ ਜੰਮਿਆ ਹੋਣ ਕਰਕੇ ਉਹਦੀ ਲੋਹੜੀ ਮਨਾਉਣ ਲਈ ਸਾਲ ਭਰ ਉਡੀਕ ਕਰਨੀ ਪਈ ਸੀ। ਉਸ ਦੇ ਪਿਤਾ ਮਾਝੇ ਦੇ ਆਮ ਬਜ਼ੁਰਗਾਂ ਵਾਂਗ ਕੁਸ਼ਤੀਆਂ ਦੇ ਸ਼ੌਂਕੀ ਸਨ। ਕਰਤਾਰ ਹੋਰੀਂ ਪੰਜ ਭਰਾ ਹਨ ਤੇ ਦੋ ਭੈਣਾਂ, ਜਿਨ੍ਹਾਂ 'ਚੋਂ ਤਿੰਨ ਭਰਾਵਾਂ ਨੇ ਕੁਸ਼ਤੀਆਂ 'ਚ ਨਾਂ ਚਮਕਾਇਆ। ਉਨ੍ਹਾਂ ਦੇ ਤਾਏ ਦਾ ਪੁੱਤਰ ਜੋਗਿੰਦਰ ਸਿੰਘ ਵੀ ਤਕੜਾ ਭਲਵਾਨ ਸੀ। ਕਰਤਾਰ ਸਿੰਘ ਦੇ ਛੋਟੇ ਭਰਾ ਸਰਵਣ ਸਿੰਘ ਤੇ ਭਤੀਜੇ ਰਣਧੀਰ ਸਿੰਘ ਨੇ



ਵੀ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਮੈਡਲ ਜਿੱਤੇ। ਵੱਡਾ ਭਰਾ ਗੁਰਚਰਨ ਸਿੰਘ ਢਿੱਲੋਂ ਕੁਸ਼ਤੀ ਕੋਚ ਰਿਹਾ। ਉਹਤੋਂ ਵੱਡੇ ਅਮਰ ਸਿੰਘ ਨੂੰ ਵੀ ਘੋਲਾਂ ਦਾ ਸ਼ੌਂਕ ਸੀ। ਕਰਤਾਰ ਉਤੇ ਕੁਦਰਤ ਏਨੀ ਬਲਿਹਾਰ ਰਹੀ ਕਿ ਉਹ ਫਤਿਹ 'ਤੇ ਫਤਿਹ ਹਾਸਲ ਕਰਦਾ ਗਿਆ। ਉਹ ਸਕੂਲਾਂ ਕਾਲਜਾਂ ਤੋਂ ਏਸ਼ਿਆਈ ਤੇ ਕਾਮਨਵੈੱਲਥ ਖੇਡਾਂ ਅਤੇ ਵਿਸ਼ਵ ਵੈਟਰਨ ਕੁਸ਼ਤੀ ਚੈਂਪੀਅਨਸ਼ਿਪਾਂ ਤੱਕ ਦੀਆਂ ਗੁਰਜਾਂ ਸਾਂਭੀ ਬੈਠਾ ਹੈ। ਬੈਠਾ ਕਿਥੇ! ਅਜੇ ਵੀ ਰੋਜ਼ਾਨਾ ਕਸਰਤ ਕਰਦਾ ਨਵੀਂ ਪੀੜ੍ਹੀ ਨੂੰ ਕੁਸ਼ਤੀਆਂ ਦੇ ਲੜ ਲਾਈ ਜਾ ਰਿਹੈ।

ਉਹ ਸੁਰ ਸਿੰਘ ਤੋਂ ਕੁਸ਼ਤੀ ਸਿੱਖ ਕੇ 1970 'ਚ ਸਕੂਲਾਂ ਦਾ ਨੈਸ਼ਨਲ ਚੈਂਪੀਅਨ ਬਣਿਆ ਸੀ। ਫਿਰ ਖ਼ਾਲਸਾ ਕਾਲਜ ਅੰਮ੍ਰਿਤਸਰ ਦਾਖਲਾ ਲੈ ਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਭਾਰਤ ਦੀਆਂ ਕੁੱਲ ਯੂਨੀਵਰਸਿਟੀਆਂ ਦਾ ਚੈਂਪੀਅਨ ਬਣਿਆ। 1973 'ਚ ਮਾਸਕੋ ਦੇ ਵਿਸ਼ਵ ਯੂਨੀਵਰਸਿਟੀ ਕੁਸ਼ਤੀ ਮੁਕਾਬਲਿਆਂ ਵਿਚ ਗਿਆ। 1974 'ਚ ਗੁਰੂ ਹਨੂਮਾਨ ਜੀ ਨੂੰ ਉਸਤਾਦ ਧਾਰਿਆ ਤੇ ਸਬਜ਼ੀ ਮੰਡੀ ਦਿੱਲੀ ਦੇ ਅਖਾੜੇ ਵਿਚ ਕੁਸ਼ਤੀਆਂ ਦੀ ਕਰੜੀ ਸਿਖਲਾਈ ਲਈ। 1976 'ਚ ਉਹ ਕੁਸ਼ਤੀ ਦੇ ਸਿਰ 'ਤੇ ਬੀ.ਐੱਸ.ਐੱਫ. ਵਿਚ ਇੰਸਪੈਕਟਰ ਭਰਤੀ ਹੋ ਗਿਆ। 1978 'ਚੋਂ ਏਸ਼ਿਆਈ ਖੇਡਾਂ ਦੇ ਗੋਲਡ ਮੈਡਲ ਨੇ ਉਸ ਨੂੰ ਡੀ.ਐੱਸ.ਪੀ. ਬਣਵਾ ਦਿੱਤਾ। 1981 'ਚ ਉਹ ਪੰਜਾਬ ਪੁਲਿਸ ਵਿਚ ਚਲਾ ਗਿਆ ਤੇ ਡੀ.ਐੱਸ.ਪੀ. ਤੋਂ ਤਰੱਕੀ ਕਰਦਾ ਆਈ.ਜੀ. ਦੇ ਅਹੁਦੇ ਤੋਂ ਰਿਟਾਇਰ ਹੋਇਆ। ਵਿਚੋਂ ਉਹ ਪੰਜਾਬ ਦੇ ਖੇਡ ਵਿਭਾਗ ਦਾ ਡਾਇਰੈਕਟਰ ਵੀ ਰਿਹਾ।

ਉਸ ਨੇ ਪਿੰਡਾਂ ਦੀਆਂ ਛਿੰਝਾਂ ਤੋਂ ਕੁਸ਼ਤੀ ਮੁਕਾਬਲੇ ਸ਼ੁਰੂ ਕੀਤੇ ਸਨ ਤੇ ਰਵਾਇਤੀ ਦਾਅ ਢਾਕ ਮਾਰਨਾ, ਹਫ਼ਤਾ ਚਾੜ੍ਹਨਾ, ਧੋਬੀ ਪਾਟ, ਨਕਾਲ, ਬਗਲ ਡੁੱਬ, ਗਾਧਾਲੋਟ, ਪੁਠੀ ਸਿਧੀ ਸਾਲਤੋ ਤੇ ਮੋੜਾ ਮਾਰਨ ਦੀ ਮੁਹਾਰਤ ਹਾਸਲ ਕੀਤੀ ਸੀ। ਬਾਅਦ ਵਿਚ ਉਸ ਨੇ ਗੱਦੇ ਦੇ ਦਾਅ ਭਾਰਨਦਾਜ, ਪੱਟ ਖਿਚਣਾ, ਫਿਤਲੇ ਤੇ ਟੰਗੀ ਆਦਿ ਵੀ ਸਿੱਖੇ ਤੇ ਰਵਾਂ ਕੀਤੇ। ਕਰਤਾਰ ਦੀਆਂ ਜਿੱਤਾਂ ਦਾ ਦੌਰ 1968 ਤੋਂ ਸ਼ੁਰੂ ਹੁੰਦੈ। ਉਸ ਨੇ ਪਹਿਲੀ ਕੁਸ਼ਤੀ ਸੁਰ ਸਿੰਘ ਦੀ ਛਿੰਝ 'ਚ ਜਿੱਤੀ। 1978 'ਚ ਏਸ਼ਿਆਈ ਖੇਡਾਂ 'ਚੋਂ ਗੋਲਡ ਮੈਡਲ ਜਿੱਤਿਆ, ਤਾਂ ਕੁਸ਼ਤੀ ਕੋਚਾਂ ਨੂੰ ਲੱਗਣ ਲੱਗਾ ਕਿ ਉਹ ਓਲੰਪਿਕ ਖੇਡਾਂ ਨੂੰ ਵੀ ਪਵੇਗਾ।

ਪਹਿਲਾਂ ਉਸ ਨੇ ਪਹਿਲਵਾਨ ਦਾਰਾ ਸਿੰਘ ਨੂੰ ਉਸਤਾਦ ਧਾਰਿਆ, ਜਿਸ ਨੇ ਉਸ ਨੂੰ ਗੁਰੂ ਹਨੂਮਾਨ ਜੀ ਦੇ ਲੜ ਲਾ ਦਿੱਤਾ। ਗੁਰੂ ਹਨੂਮਾਨ ਦੇ ਸਬਜ਼ੀ ਮੰਡੀ ਦਿੱਲੀ ਦੇ ਅਖਾੜੇ ਵਿਚ ਉਸ ਨੇ ਬੜੀ ਸਖ਼ਤ ਮਿਹਨਤ ਕੀਤੀ। ਉਥੇ ਹੀ ਮੇਰਾ ਉਸ ਨਾਲ ਪਹਿਲੀ ਵਾਰ ਮੇਲ ਹੋਇਆ। ਸਵੇਰੇ ਸਵੱਖਤੇ ਹੀ ਮੈਂ ਗੁਰੂ ਹਨੂਮਾਨ ਦੇ ਅਖਾੜੇ ਪਹੁੰਚ ਗਿਆ ਸਾਂ। ਅਖਾੜੇ ਦਾ ਦਰ ਨੀਵਾਂ ਸੀ। ਨਿਓਂ ਕੇ ਲੰਘਣ ਸਾਰ ਮੈਨੂੰ ਘੋਨ-ਮੋਨ ਪਹਿਲਵਾਨਾਂ ਦੀਆਂ ਟੋਲੀਆਂ ਨਜ਼ਰੀਂ ਪਈਆਂ। ਹਾਤਾ ਭਲਵਾਨਾਂ ਨਾਲ ਭਰਿਆ ਹੋਇਆ ਸੀ। ਅਲੂੰਏਂ ਪੱਠੇ ਕੂੰਡਿਆਂ ਵਿਚ ਸ਼ਰਦਾਈਆਂ ਰਗੜ ਰਹੇ ਸਨ। ਕਿਧਰੇ ਡੰਡ ਬੈਠਕਾਂ ਲੱਗ ਰਹੀਆਂ ਸਨ ਤੇ ਕਿਧਰੇ ਮੱਲਾਂ ਦੇ ਜੋੜ ਅਖਾੜੇ ਦੀ ਮਿੱਟੀ ਵਿਚ ਲਥਪਥ ਸਨ। ਕੁਝ ਪਹਿਲਵਾਨ ਰੱਸੇ ਉਤੇ ਚੜ੍ਹਨ ਦੀਆਂ ਕਸਰਤਾਂ ਕਰ ਰਹੇ ਸਨ ਤੇ ਕੁਝ ਅੰਦਰ ਗੱਦੇ ਉਤੇ ਕੁਸ਼ਤੀ ਦੇ ਨਵੇਂ ਦਾਅਪੇਚ ਸਿੱਖ ਰਹੇ ਸਨ। ਅਖਾੜਾ ਮੁੜ੍ਹਕੇ 'ਚ ਭਿੱਜਿਆ ਪਿਆ ਸੀ, ਜਿਸ 'ਚੋਂ ਹੁੰਮਸ ਭਰੀ ਤੇਲੀਆ ਮਹਿਕ ਆ ਰਹੀ ਸੀ।

ਗੁਰੂ ਹਨੂਮਾਨ ਜੀ ਦੀ ਉਸ ਟਕਸਾਲ ਵਿਚ ਹੱਡ ਮਾਸ ਦੇ ਪਠੀਰ ਫੌਲਾਦੀ ਜੁੱਸਿਆਂ 'ਚ ਢਾਲੇ ਜਾ ਰਹੇ ਸਨ। ਮੈਂ ਗੁਰੂ ਜੀ ਨੂੰ ਨਮਸਕਾਰ ਕੀਤੀ ਤੇ ਕਰਤਾਰ ਸਿੰਘ ਬਾਰੇ ਪੁਛਿਆ। ਉਨ੍ਹਾਂ ਮੈਨੂੰ ਬੈਂਚ 'ਤੇ ਬਿਠਾ ਕੇ ਇੱਕ ਪੱਠੇ ਨੂੰ ਦੁੱਧ ਲਿਆਉਣ ਲਈ ਕਿਹਾ ਤੇ ਪੁੱਛਣ ਲੱਗੇ, "ਕਿਆ ਆਪ ਕਰਤਾਰ ਸਿੰਘ ਕੇ ਭਾਈ ਹੈਂ?"

ਜਦੋਂ ਮੈਂ ਦੱਸਿਆ ਕਿ ਮੈਨੂੰ ਖੇਡਾਂ ਤੇ ਖਿਡਾਰੀਆਂ ਬਾਰੇ ਲਿਖਣ ਦਾ ਸ਼ੌਂਕ ਹੈ, ਤਾਂ ਉਨ੍ਹਾਂ ਨੇ ਮੈਨੂੰ ਕਰਤਾਰ ਦੀਆਂ ਗੱਲਾਂ ਦੱਸਣੀਆਂ ਸ਼ੁਰੂ ਕਰ ਦਿੱਤੀਆਂ। ਕਰਤਾਰ ਉਦੋਂ ਹਾਲ ਅੰਦਰ ਕੁਸ਼ਤੀ ਦੇ ਗੱਦੇ ਉਤੇ ਕੋਚ ਕੋਲੋਂ ਕੁਝ ਸਿੱਖ ਰਿਹਾ ਸੀ ਤੇ ਗੁਰੂ ਜੀ ਉਹਦੀ ਸਿਖਲਾਈ ਵਿਚ ਵਿਘਨ ਨਹੀਂ ਸੀ ਪਾਉਣਾ ਚਾਹੁੰਦੇ। ਉਹਦੇ ਵਿਹਲੇ ਹੋਣ ਤੱਕ ਉਨ੍ਹਾਂ ਨੇ ਮੈਨੂੰ ਗੱਲੀਂ ਬਾਤੀਂ ਪਰਚਾਈ ਰੱਖਿਆ। ਇਸ ਦੌਰਾਨ ਉਨ੍ਹਾਂ ਨੇ ਕਰਤਾਰ ਦੀ ਸਾਦਗੀ, ਨਿਮਰਤਾ, ਨੇਕਚਲਣੀ, ਭਲਮਾਣਸੀ ਤੇ ਭਲਵਾਨੀ ਲਗਨ ਦੀਆਂ ਗੱਲਾਂ ਕੀਤੀਆਂ। ਉਹਦੇ ਭੋਲੇਪਨ ਦੀ ਇਕ ਹਾਸੇ ਵਾਲੀ ਗੱਲ ਵੀ ਸੁਣਾ ਦਿੱਤੀ ਕਿ ਕਰਤਾਰ ਨੂੰ ਪਿੰਡੋਂ ਆਏ ਦੋਸਤਾਂ ਨੇ ਸਿਨਮੇ ਦੀਆਂ ਟਿਕਟਾਂ ਲਿਆਉਣ ਲਈ ਕਿਹਾ, ਤਾਂ ਉਹ ਸਬਜ਼ੀ ਮੰਡੀ ਰੇਲਵੇ ਸਟੇਸ਼ਨ ਤੋਂ ਟਿਕਟਾਂ ਲੈਣ ਵਾਲੀ ਕਤਾਰ ਵਿਚ ਜਾ ਲੱਗਾ ਸੀ! ਸਿਨਮਾ ਫੇਰ ਕਿੱਥੋਂ ਵੇਖ ਲੈਂਦੇ?

ਕਰਤਾਰ ਭਲਵਾਨ ਹਾਲ ਅੰਦਰੋਂ ਬਾਹਰ ਆਇਆ, ਤਾਂ ਉਹਦੇ ਗੋਰੇ ਬਦਨ ਤੋਂ ਪਸੀਨਾ ਵਹਿ ਰਿਹਾ ਸੀ ਅਤੇ ਭਖਿਆ ਹੋਇਆ ਤਾਂਬੇਰੰਗੀ ਭਾਅ ਮਾਰ ਰਿਹਾ ਸੀ। ਉਦਣ ਸ਼ਾਮ ਤੱਕ ਮੈਂ ਕਰਤਾਰ ਹੋਰਾਂ ਕੋਲ ਰਿਹਾ ਤੇ ਖੁੱਲ੍ਹ ਕੇ ਗੱਲਾਂਬਾਤਾਂ ਹੋਈਆਂ। ਉਹਦਾ ਬਚਪਨ ਡੰਗਰ ਚਾਰਦਿਆਂ ਤੇ ਖੇਤਾਂ 'ਚ ਕੰਮ ਕਰਦਿਆਂ ਆਮ ਕਿਸਾਨ ਮੁੰਡਿਆਂ ਵਾਂਗ ਬੀਤਿਆ ਸੀ। ਉਹਦੇ ਅੰਦਰ ਛੁਪੇ ਰੁਸਤਮ ਦਾ ਉਦੋਂ ਕਿਸੇ ਨੂੰ ਖ਼ਾਬ ਖਿਆਲ ਵੀ ਨਹੀਂ ਸੀ। ਸਾਡੇ ਅਜੋਕੇ ਬੱਚਿਆਂ ਅੰਦਰ ਕੀ ਕੁਝ ਛੁਪਿਐ, ਉਹਦਾ ਵੀ ਸਾਨੂੰ ਕਿੰਨਾ ਕੁ ਪਤਾ ਹੈ?

ਕਰਤਾਰ ਮਿੱਟੀ ਦੇ ਅਖਾੜੇ, ਓਲੰਪਿਕ ਸਟਾਈਲ ਤੇ ਫਰੀ ਸਟਾਈਲ ਤਿੰਨੇ ਕਿਸਮਾਂ ਦੀਆਂ ਕੁਸ਼ਤੀਆਂ ਦਾ ਮਾਹਿਰ ਹੈ। ਉਸ ਨੇ 1970 ਤੋਂ 2012 ਤੱਕ ਕੁਲ ਦੁਨੀਆਂ ਗਾਹੀ ਤੇ ਸੈਂਕੜੇ ਕੁਸ਼ਤੀਆਂ ਲੜੀਆਂ। ਉਹ ਸਿਓਲ ਦੀਆਂ ਏਸ਼ਿਆਈ ਖੇਡਾਂ-1986 'ਚੋਂ ਗੋਲਡ ਮੈਡਲ ਜਿੱਤਣ ਵਾਲਾ ਭਾਰਤ ਦਾ ਇਕੋ ਇਕ ਮਰਦ ਖਿਡਾਰੀ ਸੀ। ਜਦੋਂ ਉਹ ਏਸ਼ੀਆ ਦਾ ਚੈਂਪੀਅਨ ਬਣ ਕੇ ਚੰਡੀਗੜ੍ਹ ਮੁੜਿਆ, ਤਾਂ ਪੰਜਾਬ ਦੀ ਕੈਬੀਨਿਟ ਮੀਟਿੰਗ ਚੱਲ ਰਹੀ ਸੀ। ਵਜ਼ੀਰਾਂ ਨੇ ਖੜ੍ਹੇ ਹੋ ਕੇ ਏਸ਼ੀਆ ਦੇ ਰੁਸਤਮ ਦਾ ਸਵਾਗਤ ਕੀਤਾ। ਫਿਰ ਪੰਜਾਬ ਸਰਕਾਰ ਨੇ ਕਰਤਾਰ ਸਿੰਘ ਨੂੰ ਕਾਰ ਭੇਟ ਕੀਤੀ। ਮੁੱਖ ਮੰਤਰੀ ਨੇ ਲੁਧਿਆਣੇ ਦੇ ਗੁਰੂ ਨਾਨਕ ਸਟੇਡੀਅਮ ਵਿਚ ਉਸ ਨੂੰ ਕਾਰ ਦੀਆਂ ਚਾਬੀਆਂ ਸੌਂਪੀਆਂ, ਤਾਂ ਦਰਸ਼ਕਾਂ ਦੀ ਮੰਗ ਉਤੇ ਕਰਤਾਰ ਸਿੰਘ ਨੇ ਕਾਰ 'ਤੇ ਚੜ੍ਹ ਕੇ ਸਟੇਡੀਅਮ ਦਾ ਚੱਕਰ ਲਾਇਆ। ਉਹ ਨਜ਼ਾਰਾ ਤੇ ਜਲੰਧਰ ਦੇ ਗੁਰੂ ਗੋਬਿੰਦ ਸਿੰਘ ਸਟੇਡੀਅਮ ਵਿਚ ਉਹਦਾ ਇਰਾਨ ਦੇ ਓਲੰਪੀਅਨ ਪਹਿਲਵਾਨ ਨੂੰ ਢਾਹ ਕੇ ਉਹਦੀ ਹਿੱਕ 'ਤੇ ਬੁੱਕਣ ਦਾ ਨਜ਼ਾਰਾ ਮੇਰੇ ਚੇਤਿਆਂ 'ਚ ਅਜੇ ਵੀ ਤਰੋਤਾਜ਼ਾ ਹਨ।

ਉਸ ਨੇ ਦੁਨੀਆਂ ਦੇ ਦਰਜਨਾਂ ਦੇਸ਼ ਤੇ ਸੈਂਕੜੇ ਸ਼ਹਿਰ ਵੇਖੇ ਹਨ ਅਤੇ ਕੌਮੀ ਤੇ ਕੌਮਾਂਤਰੀ ਕੁਸ਼ਤੀਆਂ 'ਚੋਂ ਸੋਨੇ, ਚਾਂਦੀ ਤੇ ਤਾਂਬੇ ਦੇ ਵੀਹਾਂ ਤਗ਼ਮੇ ਜਿੱਤੇ ਹਨ। ਉਹ ਏਸ਼ਿਆਈ ਖੇਡਾਂ ਤੇ ਓਲੰਪਿਕ ਖੇਡਾਂ 'ਚ ਭਾਰਤੀ ਦਲਾਂ ਦਾ ਝੰਡਾਬਰਦਾਰ ਰਿਹਾ। ਦੇਸ਼-ਵਿਦੇਸ਼ ਵਸਦੇ ਪੰਜਾਬੀਆਂ ਦੇ ਅਨੇਕ ਅਦਾਰਿਆਂ ਨੇ ਪਹਿਲਵਾਨ ਕਰਤਾਰ ਸਿੰਘ ਦਾ ਮਾਨ-ਸਨਮਾਨ ਕੀਤਾ ਹੈ।

ਕਰਤਾਰ ਦਾ ਕੱਦ ਪੰਜ, ਫੁਟ ਦਸ ਇੰਚ ਹੈ ਤੇ ਵਜ਼ਨ ਨੱਬੇ ਕਿਲੋ ਤੋਂ ਸੌ ਕਿਲੋ ਵਿਚਾਲੇ ਰਿਹਾ। ਛਾਤੀ ਦਾ ਘੇਰਾ ਅਠਤਾਲੀ ਇੰਚ। ਰੰਗ ਗੋਰਾ, ਠੋਡੀ 'ਚ ਪੈਂਦਾ ਟੋਆ, ਨੈਣ ਨਕਸ਼ ਮਨਮੋਹਣੇ, ਜੁੱਸਾ ਸਡੌਲ ਤੇ ਚਿਹਰਾ ਮੰਦ ਮੰਦ ਮੁਸਕਰਾਉਂਦਾ। 70ਵਿਆਂ 'ਚ ਪੁੱਜ ਕੇ ਵੀ ਉਹ 50ਵਿਆਂ ਦਾ ਜੁਆਨ ਵਿਖਾਈ ਦਿੰਦਾ ਹੈ। ਸੋਹਣਾ ਸੁਨੱਖਾ ਯੂਸਫ਼ ਵਰਗਾ ਹੈ। ਦਰਸ਼ਕ ਉਹਦੇ ਦਰਸ਼ਨਾਂ ਨੂੰ ਤਾਂਘਦੇ ਰਹਿੰਦੇ ਹਨ। ਉਹਦਾ ਵਿਆਹ 1985 'ਚ ਬੀਬੀ ਗੁਰਿੰਦਰ ਕੌਰ ਨਾਲ ਹੋਇਆ। ਉਨ੍ਹਾਂ ਦੇ ਇਕ ਪੁੱਤਰ ਤੇ ਦੋ ਧੀਆਂ ਹਨ। ਅਜੋਕਾ ਟਿਕਾਣਾ 210 ਚੀਮਾ ਨਗਰ, ਜਲੰਧਰ ਵਿਚ ਹੈ।

ਉਹਦੇ ਸਮੁੱਚੇ ਜੀਵਨ 'ਤੇ ਝਾਤ ਮਾਰੀਏ, ਤਾਂ ਪਤਾ ਲੱਗਦੈ ਕਿ ਇਕ ਸਾਧਾਰਨ ਪਰਿਵਾਰ ਦਾ ਬੱਚਾ ਆਪਣੀ ਮਿਹਨਤ ਦੇ ਬਲਬੂਤੇ ਕੁਛ ਦਾ ਕੁਛ ਕਰ ਸਕਦੈ। ਉਹਦਾ ਆਲਾ-ਦੁਆਲਾ ਪਹਿਲਵਾਨੀ ਵਾਲਾ ਹੋਣ ਕਰਕੇ ਉਹ ਬਚਪਨ ਵਿਚ ਹੀ ਘੁਲਣ ਲੱਗ ਪਿਆ ਸੀ, ਜਿਸ ਨਾਲ ਉਸ ਦਾ ਜੁੱਸਾ ਹੋਰ ਤਕੜਾ ਹੁੰਦਾ ਗਿਆ। ਉਹਦੇ ਤਾਏ ਦਾ ਪੁੱਤਰ ਜੋਗਿੰਦਰ ਸਿੰਘ ਤੇ ਕਰਤਾਰ ਦਾ ਵੱਡਾ ਭਰਾ ਅਮਰ ਸਿੰਘ ਬਾਹਰਲੀ ਹਵੇਲੀ ਵਿਚ ਅਖਾੜਾ ਪੁੱਟ ਕੇ ਜ਼ੋਰ ਕਰਿਆ ਕਰਦੇ ਸਨ। ਉਨ੍ਹਾਂ ਦੀ ਰੀਸੇ ਛੋਟੇ ਭਰਾ ਗੁਰਚਰਨ ਤੇ ਕਰਤਾਰ ਵੀ ਇਕ ਦੂਜੇ ਨਾਲ ਖਹਿਣ ਲੱਗ ਪਏ ਤੇ ਪਹਿਲਵਾਨੀ ਦੇ ਰਾਹ ਪੈ ਗਏ। ਇਸ ਲਈ ਲੋੜ ਹੈ, ਪੰਜਾਬ ਦਾ ਮਾਹੌਲ ਜੁੱਸੇ ਸਿਹਤਮੰਦ ਤੇ ਤਕੜੇ ਬਣਾਉਣ ਵਾਲਾ ਬਣਾਇਆ ਜਾਵੇ, ਤਾਂ ਕਿ ਮਾਰੂ ਨਸ਼ਿਆਂ ਦੇ ਕੋਹੜ ਤੋਂ ਪਠੀਰਾਂ ਤੇ ਨੌਜੁਆਨਾਂ ਨੂੰ ਜਾ ਸਕੇ।

ਜਿਹੜੇ ਕਹਿੰਦੇ ਹਨ ਕਿ ਖੇਡਾਂ ਵਿਚ ਕੁਝ ਨਹੀਂ ਪਿਆ ਉਹ ਕਰਤਾਰ ਸਿੰਘ ਦੀ ਰੀਸ ਕਰ ਲੈਣ। ਉਸ ਨੂੰ ਤੜਕੇ ਚਾਰ ਵਜੇ ਉਠਦਾ ਤੇ ਤਿੰਨ ਘੰਟੇ ਦੀ ਸਖ਼ਤ ਮਿਹਨਤ ਮਾਰਦਾ ਵੇਖਣ। ਤਕਾਲੀਂ ਦੋ ਘੰਟੇ ਫਿਰ ਮਿੱਟੀ ਨਾਲ ਮਿੱਟੀ ਹੁੰਦਾ ਜਾਚਣ। ਵੇਖ ਲਓ ਉਹਦੇ ਪਹਿਲਵਾਨ ਬਣਨ ਨਾਲ ਸਮੁੱਚੇ ਪਰਿਵਾਰ ਨੂੰ ਰੰਗ ਭਾਗ ਲੱਗੇ। ਤਿੰਨ ਭਰਾ ਤੇ ਦੋ ਭਤੀਜੇ ਕੁਸ਼ਤੀਆਂ 'ਚ ਪੈ ਕੇ ਉੱਚੇ ਅਹੁਦਿਆਂ 'ਤੇ ਪੁੱਜੇ। ਇਕ ਆਈ.ਜੀ. ਦੂਜਾ ਐੱਸ.ਪੀ. ਤੇ ਤੀਜਾ ਕੌਮਾਂਤਰੀ ਕੁਸ਼ਤੀ ਕੋਚ। ਭਤੀਜਾ ਕਸਟਮ ਅਫਸਰ। ਹੁਣ ਉਹ ਜਿਧਰ ਵੀ ਜਾਂਦਾ ਹੈ ਕਰਤਾਰ ਕਰਤਾਰ ਹੁੰਦੀ ਹੈ।

# ਗੁਰਬਾਣੀ : ਭਾਵਨਾ ਤੇ ਭਰਮ



ਡਾ. ਸਤਿੰਦਰ ਪਾਲ ਸਿੰਘ
ਲਖਨਊ
akaalpurkh.7@gmail.com
ਪੰਜਾਬ ਮੇਲ USA



ਗੁਰੂ ਅਮਰਦਾਸ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ 918 ’ਤੇ ਸੁਸ਼ੋਭਿਤ ਆਪਣੇ ਵਚਨ ਵਿਚ ਗੁਰਸਿੱਖ ਨੂੰ ਵਿਲੱਖਣ ਅੰਤਰ ਅਵਸਥਾ ਦਾ ਸੁਆਮੀ ਕਿਹਾ, ਜੋ ਧਰਮ ਦੇ ਬਿਖਮ ਮਾਰਗ ’ਤੇ ਸਹਿਜ ਚੱਲਣ ਦੀ ਸਮਰੱਥਾ ਰੱਖਦਾ ਹੈ। ਉਹ ਲੋਭ, ਮੋਹ, ਹੰਕਾਰ ਆਦਿਕ ਵਿਕਾਰ ਤਿਆਗ ਕੇ ਅੰਤਰ ਮਨ ਦੀ ਨਿਰਮਲਤਾ ਪ੍ਰਾਪਤ ਕਰ ਲੈਂਦਾ ਹੈ ਪਰ ਆਪਣੀ ਆਤਮਿਕ ਸ੍ਰੇਸ਼ਟਤਾ ਦਾ ਵਿਖਾਵਾ ਨਹੀਂ ਕਰਦਾ। ਇਸ ਵਿਧੀ ਨਾਲ ਹੀ ਗੁਰਸਿੱਖ ਧਰਮ ਦੇ ਤੇਗ ਦੀ ਧਾਰ ਤੋਂ ਵੀ ਤਿੱਖੇ ਤੇ ਵਾਲ ਤੋਂ ਵੀ ਬਾਰੀਕ ਮਾਰਗ ’ਤੇ ਚੱਲਣ ਯੋਗ ਬਣਦਾ ਹੈ। ਧਰਮ ਦੀ ਸੱਚੀ ਦ੍ਰਿਸ਼ਟੀ , ਭਗਤੀ ਦੀ ਪਾਵਨ ਭਾਵਨਾ ਧਾਰਨ ਕਰਨਾ ਦੋਧਾਰੀ ਤੇਗ ਦੀ ਤਿੱਖੀ ਧਾਰ ’ਤੇ ਚੱਲਣ ਜਿਹਾ ਹੈ। ਧਰਮ ਦੀ ਦ੍ਰਿਸ਼ਟੀ, ਭਾਵਨਾ ਨੂੰ ਵਾਲ ਤੋਂ ਵੀ ਬਾਰੀਕ ਬੁੱਧੀ ਤੇ ਚੇਤਨਾ ਨਾਲ ਹੀ ਸਮਝਿਆ ਜਾ ਸਕਦਾ ਹੈ। ਗੁਰਸਿੱਖੀ ਨਿਰਮਲ ਅੰਤਰ ਅਵਸਥਾ ਸਿਰਜਣ ਦਾ ਮਾਰਗ ਹੈ। ਇਸ ਦੀ ਜਾਚ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਪ੍ਰਾਪਤ ਹੁੰਦੀ ਹੈ। ਇਹ ਗਿਆਨ ਦਾ ਸਾਗਰ ਹੈ, ਜੀਵਨ ਦਾ ਦਿਸ਼ਾ ਵਾਹਕ ਹੈ, ਪ੍ਰਮਾਤਮਾ ਨਾਲ ਮੇਲ ਦਾ ਰੱਥ ਹੈ। ਗੁਰਸਿੱਖ ਗੁਰਬਾਣੀ ਪੜ੍ਹਦਾ ਹੈ, ਸੁਣਦਾ ਹੈ, ਗੁਰਬਾਣੀ ਦੇ ਹੁਕਮ ਮੰਨਦਾ ਹੈ ਤੇ ਇਸ ਰਾਹ ’ਤੇ ਚੱਲ ਕੇ ਹੀ ਪ੍ਰਮਾਤਮਾ ਦੀ ਮਿਹਰ ਪ੍ਰਾਪਤ ਕਰਦਾ ਹੈ। ਗੁਰਬਾਣੀ ਸੰਸਾਰ ਦਾ ਸਭ ਤੋਂ ਸਰਲ, ਸਹਿਜ ਧਾਰਮਿਕ ਦਰਸ਼ਨ ਹੈ ਪਰ ਇਸ ਦਾ ਪਾਲਨ ਸਭ ਤੋਂ ਕਠਿਨ ਹੈ। ਲੋਭ, ਮੋਹ, ਹੰਕਾਰ, ਕਾਮ, ਕ੍ਰੋਧ ਤਿਆਗਨਾ, ਮਨ ਅੰਦਰ ਸਹਿਜ, ਸੰਜਮ, ਸੰਤੋਖ ਧਾਰਨ ਕਰਨਾ ਜਨਮਾਂ-ਜਨਮਾਂ ਤੋਂ ਆਪਣਾ ਘਰ ਬਣੀ ਹੋਈ ਹਨੇਰੀ ਗੁਫਾ ਤੋਂ ਚਾਨਣ ਦੇ ਖੁੱਲ੍ਹੇ ਆਕਾਸ਼ ਹੇਠ ਆ ਜਾਣਾ ਹੈ। ਜਦੋਂ ਤੱਕ ਗੁਰੂ ਨਹੀਂ ਸੀ, ਹਨੇਰਾ ਵਿਆਪ ਰਿਹਾ ਸੀ। ਸੁਭਾਗ ਨਾਲ ਗੁਰੂ ਮਿਲਿਆ ਹੈ, ਤਾਂ ਹਨੇਰੇ ਦੇ ਬਿਨਸਨ ’ਤੇ ਚਾਨਣ ਦੀ ਆਮਦ ਦਾ ਆਰੰਭ ਹੋ ਗਿਆ ਹੈ। ਗੁਰਬਾਣੀ ਗੁਰਸਿੱਖ ਅੰਦਰ ਭਾਵਨਾ ਪੈਦਾ ਕਰਦੀ ਹੈ, ਹਨੇਰੇ ਤੋਂ ਚਾਨਣ ਵੱਲ ਤੁਰਨ ਦੀ।

ਚਾਨਣ ਅੰਦਰ ਸੱਚ ਹੈ, ਸਪੱਸ਼ਟਤਾ ਹੈ, ਸਮ ਦ੍ਰਿਸ਼ਟੀ ਹੈ। ਗੁਰਬਾਣੀ ਦਾ ਚਾਨਣ ਆਨੰਦ ਵੰਡਣ ਵਾਲਾ ਹੈ। ਗੁਰੂ ਅਮਰਦਾਸ ਜੀ ਦਾ ਵਚਨ ਹੋਇਆ “ਮਨ ਰੇ ਸਦਾ ਅਨੰਦੁ ਗੁਣ ਗਾਇ॥” ਗੁਰਬਾਣੀ ਗਾਉਣਾ, ਸੁਣਨਾ ਮਨ ਅੰਦਰ ਆਨੰਦ ਪੈਦਾ ਕਰਦਾ ਹੈ। ਮਨ ਦਾ ਆਨੰਦ ਨਾਲ ਭਰ ਜਾਣਾ ਗੁਰਬਾਣੀ ਨਾਲ ਜੁੜ ਜਾਣ ਦੀ ਗਵਾਹੀ ਦਿੰਦਾ ਹੈ। ਇਹ ਆਨੰਦ ਇਸ ਕਾਰਨ ਹੈ ਕਿ ਗੁਰਬਾਣੀ ਸੱਚ ਦਾ ਬੋਧ ਕਰਾਉਂਦੀ ਹੈ, ਸਾਰੇ ਭਰਮ ਜੋ ਦ੍ਰਿਸ਼ਮਾਨ ਸੰਸਾਰ ਨੇ ਪੈਦਾ ਕੀਤੇ ਹਨ, ਦੂਰ ਹੋ ਜਾਂਦੇ ਹਨ। ਭਰਮ ਹੀ ਤਾਂ ਦੁੱਖਾਂ ਦਾ ਮੂਲ ਹਨ। ਭਰਮ ਨਾ ਰਹਿਣ ਤਾਂ ਦੁੱਖ ਆਪ ਹੀ ਬਿਨਸ ਜਾਂਦੇ ਹਨ। ਦੁੱਖਾਂ ਦਾ ਨਾ ਰਹਿਣਾ ਹੀ ਆਨੰਦ ਹੈ। ਗੁਰਸਿੱਖ ਦਾ ਆਨੰਦ ਗੁਰਬਾਣੀ ਰਾਹੀਂ ਪ੍ਰਮਾਤਮਾ ਦੀ ਸ਼ਰਣ ਪ੍ਰਾਪਤ ਕਰ ਲੈਣਾ ਹੈ, “ਸਚੀ ਬਾਣੀ ਹਰਿ ਪਾਈਐ ਹਰਿ ਸਿਉ ਰਹੈ ਸਮਾਇ॥” ਗੁਰਬਾਣੀ ਨਾਲ ਪ੍ਰੀਤ ਕਰਨਾ, ਗੁਰਬਾਣੀ ਅਨੁਸਾਰ ਜੀਵਨ ਢਾਲਣਾ ਦਰਅਸਲ ਪ੍ਰਮਾਤਮਾ ਵਿਚ ਲੀਨ ਹੋਣਾ ਹੈ, ਜੋ ਆਨੰਦ ਦਾ ਸੋਮਾ ਹੈ “ਅਨਦ ਮੂਲੁ ਧਿਆਇਆ ਪੁਰਖੋਤਮੁ ਅਨਦਿਨੁ ਅਨਦ ਅਨੰਦੇ॥” ਆਨੰਦ ਦੀ ਇਹ ਅਵਸਥਾ ਗੁਰਬਾਣੀ ਪੜ੍ਹਨ, ਸੁਣਨ ਸਮੇਂ ਬਣਨੀ ਆਰੰਭ ਹੁੰਦੀ ਹੈ ਤੇ ਸਦੀਵੀ ਬਣ ਜਾਂਦੀ ਹੈ, ਜਦੋਂ ਗੁਰਬਾਣੀ ਨੂੰ ਪੂਰਨ ਤੌਰ ’ਤੇ ਧਾਰਨ ਕਰ ਮਨ ਦੀ ਲਿਵ ਪ੍ਰਮਾਤਮਾ ਵਿਚ ਲੱਗ ਜਾਂਦੀ ਹੈ। ਇਹ ਵਿਕਾਰਾਂ ਤੋਂ ਰਹਿਤ ਅਵਸਥਾ ਹੈ “ਆਪੁ ਤਜਹੁ ਗੋਬਿੰਦ ਭਜਹੁ ਸਰਨਿ ਪਰਹੁ ਹਰਿ ਰਾਇ॥” ਗੁਰਬਾਣੀ ਸੰਸਾਰ ਦਾ ਜੀਵਨ ਦਾ ਸੱਚ ਸਾਹਮਣੇ ਰੱਖ ਦਿੰਦੀ ਹੈ ਕਿ ਜੋ ਦ੍ਰਿਸ਼ਟੀਮਾਨ ਹੈ, ਉਹ ਸਭ ਕੁੱਝ ਨਾਸ਼ਵਾਨ ਹੈ। ਕਿਸੇ ’ਤੇ ਵੀ ਭਰੋਸਾ ਨਹੀਂ ਕੀਤਾ ਜਾ ਸਕਦਾ। ਆਪਣਾ ਜੀਵਨ ਵੀ ਇੱਕ ਦਮ ਦਾ ਹੈ “ਹਮ ਆਦਮੀ ਹਾਂ ਇਕ ਦਮੀ ਮੁਹਲਤਿ ਮੁਹਤੁ ਨ ਜਾਣਾ॥” ਸੰਸਾਰ ਵਿਚ ਆਉਣਾ ਇਕ ਮਹਿਮਾਨ ਵੱਜੋਂ ਹੀ ਹੈ “ਏਕ ਰੈਣ ਕੇ ਪਾਹੁਨ ਤੁਮ ਆਏ ਬਹੁ ਜੁਗ ਆਸ ਬਧਾਏ॥” ਜਿਸ ਗੁਰਸਿੱਖ ਨੇ ਗੁਰਬਾਣੀ ਨੂੰ ਧਾਰਨ ਕਰ ਲਿਆ, ਉਸ ਅੰਦਰ ਜੀਵਨ ਦਾ ਮੋਹ ਖਤਮ ਹੋ ਜਾਏਗਾ। ਸੰਸਾਰ ਅੰਦਰ ਉਸ ਦਾ ਵਿਵਹਾਰ ਇੱਕ ਮਹਿਮਾਨ ਦੀ ਤਰ੍ਹਾਂ ਹੋਵੇਗਾ, ਜੋ ਆਪਣੇ ਫਰਜ਼ ਪੂਰੇ ਕਰਨ ’ਤੇ ਧਿਆਨ ਦਿੰਦਾ ਹੈ ਤੇ ਅਸਥਾਨ, ਪਦਾਰਥਾਂ, ਸਬੰਧਾਂ ਦਾ ਮੋਹ ਨਹੀਂ ਕਰਦਾ ਕਿਉਂਕਿ ਸਮਾਂ ਪੂਰਾ ਹੁੰਦੀਆਂ ਹੀ ਇਹ ਸਾਰੇ ਇੱਥੇ ਹੀ ਛੱਡ ਜਾਣੇ ਹਨ। ਫਿਰ ਗੁਮਾਨ ਕਿਸ ਗੱਲ ਦਾ, ਹੰਕਾਰ ਕਿਸ ’ਤੇ। ਗੁਰਬਾਣੀ ਗੁਰਸਿੱਖ ਦੇ ਅੰਦਰ ਵੱਸ ਰਹੇ ਹੰਕਾਰ, ਲੋਭ, ਮੋਹ, ਕ੍ਰੋਧ, ਕਾਮ ਦਾ ਨਾਸ਼ ਕਰ ਦਿੰਦੀ ਹੈ। ਪਰ ਉਸ ਗੁਰਸਿੱਖ ਨੂੰ ਇਹ ਅਵਸਥਾ ਪ੍ਰਾਪਤ ਹੁੰਦੀ ਹੈ, ਜੋ ਗੁਰਬਾਣੀ ਨੂੰ ਭਲੀ-ਭਾਂਤੀ ਵਿਚਾਰਦਾ ਹੈ ਤੇ ਉਸ ਦੇ ਮਰਮ ਨੂੰ ਆਪਣੇ ਜੀਵਨ ਵਿਚ ਸੱਚ ਤੇ ਸਮਰਪਣ ਨਾਲ ਉਤਾਰਦਾ ਹੈ। ਗੁਰੂ ਨਾਨਕ ਸਾਹਿਬ ਨੇ ਵਚਨ ਕੀਤਾ ਕਿ ਅਜਿਹਾ ਗੁਰਸਿੱਖ ਕੋਈ ਵਿਰਲਾ ਹੀ ਹੈ “ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ॥” ਗੁਰੂ ਅਮਰਦਾਸ ਜੀ ਨੇ ਕਿਹਾ ਕਿ ਗੁਰਬਾਣੀ ਦਾ ਚਾਨਣ ਉਸ ਦੇ ਅੰਤਰ ਨੂੰ ਪ੍ਰਕਾਸ਼ਮਾਨ ਕਰਦਾ ਹੈ, ਜਿਸ ’ਤੇ ਆਪ ਵਾਹਿਗੁਰੂ ਮਿਹਰ ਕਰਦਾ ਹੈ “ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ॥”

ਗੁਰੂ ਨਾਨਕ ਸਾਹਿਬ ਜਾਣਦੇ ਸਨ ਕਿ ਗੁਰਬਾਣੀ ਦੇ ਮਾਰਗ ’ਤੇ ਚੱਲਣਾ ਔਖਾ ਹੈ। ਗੁਰਬਾਣੀ ਕਿਤੇ ਵਿਚਾਰ, ਆਚਾਰ ਦੀ ਥਾਂ ਕਰਮਕਾਂਡ ਨਾ ਬਣ ਜਾਏ, ਇਸ ਤੋਂ ਸੁਚੇਤ ਕਰਨ ਲਈ ਗੁਰੂ ਸਾਹਿਬ ਨੇ ਸਮਕਾਲੀ ਵਿਵਹਾਰ ਦੀ ਮਿਸਾਲ ਦਿੱਤੀ।

ਵਾਚਹਿ ਪੁਸਤਕ ਵੇਦ ਪੁਰਾਨਾਂ॥
ਇਕ ਬਹਿ ਸੁਨਹਿ ਸੁਨਾਵਹਿ ਕਾਨਾਂ॥
ਅਜਗਰ ਕਪਟੁ ਕਹਹੁ ਕਿਉ ਖੁਲੈ ਬਿਨੁ ਸਤਿਗੁਰ ਤਤੁ ਨ ਪਾਇਆ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੦੪੩)

ਲੋਕ ਧਰਮ ਗ੍ਰੰਥਿ ਪੜ੍ਹ ਰਹੇ ਹਨ। ਕੋਈ ਇੱਕ ਸੁਣਾ ਰਿਹਾ ਹੈ, ਲੋਕ ਸੁਣ ਰਹੇ ਹਨ। ਪੜ੍ਹਨ, ਸੁਣਨ ਨਾਲ ਮਨ ਅੰਦਰ ਸੱਪ ਵਾਂਗੂੰ ਕੁੰਡਲੀ ਮਾਰ ਕੇ ਬੈਠੇ ਵਿਕਾਰਾਂ ਤੋਂ ਮੁਕਤੀ ਨਹੀਂ ਹੋ ਸਕਦੀ। ਜੀਵਨ ਦੁੱਖਾਂ ਵਿਚ ਹੀ ਬੀਤ ਜਾਂਦਾ ਹੈ। ਗੁਰੂ ਦੇ ਗਿਆਨ ਤੋਂ ਬਿਨਾ ਜੀਵਨ ਸਾਰਥਕ ਨਹੀਂ ਹੁੰਦਾ। ਆਪਣੇ ਆਲੇ-ਦੁਆਲੇ ਵੇਖੋ ਤੇ ਜਾਨਣ ਦਾ ਜਤਨ ਕਰੋ ਕਿ ਅਸੀਂ ਵੀ ਕਿਤੇ ਉੱਸੇ ਮਾਰਗ ਉੱਤੇ ਤਾਂ ਨਹੀਂ ਚੱਲ ਪਏ, ਜਿਸ ਦਾ ਸੰਕੇਤ ਗੁਰੂ ਨਾਨਕ ਸਾਹਿਬ ਨੇ ਸੁਚੇਤ ਰਹਿਣ ਲਈ ਕੀਤਾ ਸੀ। ਬਾਣੀ ਕੰਠ ਕਰ ਲੈਣਾ, ਬਾਣੀ ਦੇ ਕਥਿਤ ਸ਼ੁੱਧ ਉਚਾਰਨ ਜੋਗ ਹੋ ਜਾਣਾ, ਨਿਤਨੇਮ ਕਰਨਾ ਜੇ ਮਨ ਅੰਦਰ ਹੰਕਾਰ ਪੈਦਾ ਕਰ ਰਿਹਾ ਹੈ, ਤਾਂ ਮਨ ਅੰਦਰ ਦੇ ਅਜਗਰ ਦੀ ਕੁੰਡਲੀ ਖੁੱਲ੍ਹਣ ਦੀ ਥਾਂ ਹੋਰ ਕੱਸਦੀ ਜਾ ਰਹੀ ਹੈ। ਗੁਰਬਾਣੀ ਦਾ ਪਾਠਨ, ਸਰਵਣ ਜੇ ਆਪਣੇ ਆਪ ਨੂੰ ਹੋਰਨਾਂ ਗੁਰਸਿੱਖਾਂ ਤੋਂ, ਵੱਖ, ਸ੍ਰੇਸ਼ਟ ਹੋਣ ਦਾ ਭਾਵ ਪੈਦਾ ਕਰ ਰਿਹਾ ਹੈ, ਤਾਂ ਇਹ ਗੁਰੂ ਤੋਂ ਬੇਮੁਖ ਹੋਣਾ ਹੈ “ਆਪਸ ਕਉ ਬਹੁ ਭਲਾ ਕਰਿ ਜਾਣਹਿ ਮਨਮੁਖਿ ਮਤਿ ਨ ਕਾਈ॥” ਆਪਣੇ ਆਪ ਨੂੰ ਬਾਣੀ ਦਾ ਵਿਦਵਾਨ, ਹੋਰਨਾਂ ਦਾ ਉਪਦੇਸ਼ਕ ਸਮਝ ਲੈਣਾ ਮਨਮੁਖ ਹੋਣਾ ਹੈ, ਮਤਿ ਤੋਂ ਵਿਹੂਣਾ ਹੋਣਾ ਹੈ। ਹੋਇਆ ਇਹ ਹੈ ਕਿ ਇਸ ਹੰਕਾਰ ਨੇ ਬਾਣੀ ਪੜ੍ਹਨ ਦਾ ਢੰਗ, ਸ਼ੁੱਧ ਬਾਣੀ - ਅਸ਼ੁੱਧ ਬਾਣੀ, ਬਾਣੀ ਦੀ ਮਰਿਆਦਾ ਆਦਿਕ ਸਵਾਲ ਚੁੱਕ ਕੇ ਪੰਥ ਅੰਦਰ ਭਾਰੀ ਭਰਮ ਪੈਦਾ ਕਰ ਦਿੱਤੇ ਹਨ। ਗੁਰੂ ਨੂੰ ਬਾਣੀ ਦੇ ਵਿਦਵਾਨ ਨਹੀਂ ਬਾਣੀ ਦੀ ਪ੍ਰੇਰਣਾ ਨਾਲ ਮਨ ਅੰਦਰ ਪੈਦਾ ਹੋਈ ਸੱਚੀ ਭਾਵਨਾ ਵਾਲੇ ਜਨ ਪਿਆਰੇ ਲੱਗਦੇ ਹਨ “ਲਾਲੁ ਚੋਲਨਾ ਤੈ ਤਨਿ ਸੋਹਿਆ॥ ਸੁਰਿਜਨ ਭਾਨੀ ਤਾਂ ਮਨੁ ਮੋਹਿਆ॥” ਮਨ ਅੰਦਰ ਭਾਵਨਾ ਹੈ, ਤਾਂ ਹੀ ਗੁਰੂ ਪਾਰਬ੍ਰਹਮ ਦੀ ਮਿਹਰ ਹੁੰਦੀ ਹੈ “ਤੁਮ ਹੀ ਸੁੰਦਰਿ ਤੁਮਹਿ ਸੁਹਾਗੁ॥ ਤੁਮ ਘਰਿ ਲਾਲਨੁ ਤੁਮ ਘਰਿ ਭਾਗੁ॥” ਮਨ ਅੰਦਰ ਕਿਸੇ ਵੀ ਤਰਹ ਦਾ ਹੰਕਾਰ ਹੈ, ਤਾਂ ਭਟਕਣ ਬਣੀ ਰਹਿੰਦੀ ਹੈ “ਜਬ ਇਹੁ ਮਨ ਮਹਿ ਧਰਤ ਗੁਮਾਨਾ॥ ਤਬ ਇਹੁ ਬਾਵਰੁ ਫਿਰਤ ਬਿਗਾਨਾ॥” ਉਪਦੇਸ਼ਕ, ਪ੍ਰੇਰਕ, ਸੋਧਕ ਇੱਕ ਗੁਰੂ ਹੀ ਹੈ, ਜੋ ਸਾਰੀਆਂ ਨੂੰ ਮਤਿ ਦੇ ਰਿਹਾ ਹੈ। ਗੁਰਸਿੱਖੀ ਆਪਣੇ ਆਤਮਿਕ ਵਿਕਾਸ ਦਾ ਵਿਸ਼ਾ ਹੈ। ਕਿਸੇ ਦੂਜੇ ਦੇ ਮੰਦਾ-ਚੰਗਾ ਹੋਣ ਦਾ ਨਿਰਣਾ ਸੱਚਾ ਗੁਰਸਿੱਖ ਨਹੀਂ ਕਰਦਾ “ਜਬ ਕਿਸ ਕਉ ਇਹੁ ਜਾਨਸਿ ਮੰਦਾ॥ ਤਬ ਸਗਲੇ ਇਸੁ ਮੇਲਹਿ ਫੰਦਾ॥” ਗੁਰਬਾਣੀ ਗੁਰੂ ਨੇ ਗੁਰਸਿੱਖ ਲਈ ਉਚਾਰੀ ਹੈ। ਇਹ ਗੁਰੂ ਤੇ ਸਿੱਖ ਦੇ ਵਿਚਕਾਰ ਦਾ ਸੰਦਰਭ ਹੈ। ਇਸ ਵਿਚ ਵਿਦਵਤਾ ਦੇ ਨਾਂ ’ਤੇ ਹੀ ਸਹੀ ਕਿਸੇ ਤੀਜੇ ਦਾ ਦਖਲ ਗੁਰੂ ਤੇ ਸਿੱਖ ਦੇ ਸਬੰਧ ਵਿਚ ਅੜਿੱਕਾ ਬਣਨਾ ਹੈ। ਇਹ ਸਮਝਣ ਦੀ ਲੋੜ ਹੈ ਕਿ ਗੁਰੂ ਆਪਣੇ ਸਿੱਖ ਨਾਲ ਕਿਹੋ ਜਿਹਾ ਪ੍ਰੇਮ ਸਬੰਧ ਰੱਖਦਾ ਹੈ।

ਜਿਉ ਜਨਨੀ ਸੁਤੁ ਜਣਿ ਪਾਲਤੀ ਰਾਖੈ ਨਦਰਿ ਮਝਾਰਿ॥
ਅੰਤਰਿ ਬਾਹਰਿ ਮੁਖਿ ਦੇ ਗਿਰਾਸੁ ਖਿਨੁ ਖਿਨੁ ਪੋਚਾਰਿ॥
ਤਿਉ ਸਤਿਗੁਰੁ ਗੁਰਸਿਖ ਰਾਖਤਾ ਹਰਿ ਪ੍ਰੀਤਿ ਪਿਆਰਿ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੬੮)

ਜਿਵੇਂ ਮਾਤਾ ਸੰਤਾਨ ਨੂੰ ਜਨਮ ਦੇ ਕੇ ਉਸ ਦੀ ਪਿਆਰ ਨਾਲ ਸੰਭਾਲ ਕਰਦੀ ਹੈ, ਹਰ ਪਲ ਧਿਆਨ ਰੱਖਦੀ ਹੈ, ਉਸ ਨੂੰ ਅੰਦਰ ਬਾਹਰ ਪ੍ਰੇਮ ਸਹਿਤ ਭੋਜਨ ਦੇ ਕੇ ਤ੍ਰਿਪਤ ਰੱਖਦੀ ਹੈ, ਗੁਰੂ ਵੀ ਆਪਣੇ ਸਿੱਖ ਦੀ ਉਵੇਂ ਹੀ ਪ੍ਰੇਮ ਨਾਲ ਸੰਭਾਲ ਕਰਦਾ ਹੈ, ਉਸ ਨੂੰ ਆਤਮਿਕ ਤ੍ਰਿਪਤੀ ਪ੍ਰਦਾਨ ਕਰਦਾ ਹੈ। ਦੂਜਿਆਂ ਨੂੰ ਗੁਰਬਾਣੀ ਸਬੰਧੀ ਉਪਦੇਸ਼ ਦੇਣ ਵਾਲੇ ਬਹੁ ਗਿਣਤੀ ਵਿਚ ਮਿਲ ਜਾਣਗੇ ਪਰ ਇਹ ਗੁਰੂ ਦੀ ਉਪਰੋਕਤ ਮਹਿਮਾ ਦਾ ਨਿਰਾਦਰ ਹੈ। ਸਹਿਜ ਭਾਵ ਨਾਲ ਪੜ੍ਹੀ, ਸੁਣੀ ਜਾਣ ਵਾਲੀ ਗੁਰਬਾਣੀ ਨੂੰ ਕਠਿਨ ਅਭਿਆਸ ਜਿਹਾ ਬਣਾ ਦਿੱਤਾ ਗਿਆ ਹੈ। ਆਮ ਸਿੱਖ ਅੰਦਰ ਸਤਿਕਾਰ, ਭਾਵਨਾ ਤੋਂ ਜ਼ਿਆਦਾ ਆਲੋਚਨਾ, ਨਿੰਦਾ ਦਾ ਭੈ ਪੈਦਾ ਹੋਇਆ ਹੈ। ਇਸ ਰੁਝਾਨ ਨੂੰ ਰੋਕਣ ਦੀ ਲੋੜ ਹੈ। ਗੁਰਬਾਣੀ ਪੜ੍ਹਨ, ਸੁਣਨ ਦੀ ਪ੍ਰੇਰਣਾ ਕਰਨਾ ਵੱਖ ਗੱਲ ਹੈ ਪਰ ਗੁਰਬਾਣੀ ਪੜ੍ਹਨ ਦਾ ਢੰਗ, ਮਰਿਆਦਾ ਦੱਸਣੀ, ਗੁਰਬਾਣੀ ਦੇ ਭੇਦ ਕਰਨੇ ਗੁਰਮਤਿ ਦੀ ਮੂਲ ਭਾਵਨਾ ਨਾਲ ਮੇਲ ਨਹੀਂ ਖਾਂਦੇ।

ਗੁਰਬਾਣੀ ਗੁਰਸਿੱਖ ਨੂੰ ਗੁਰੂ ਦੀ ਬਖਸ਼ੀ ਅਨਮੋਲ ਦਾਤ ਹੈ। ਇਸ ਦਾਤ ਨੂੰ ਭਾਵਨਾ ਨਾਲ ਮਨ ਵਿਚ ਵਸਾ ਕੇ ਕੋਈ ਵੀ ਨਿਹਾਲ ਹੋ ਸਕਦਾ ਹੈ।

ਜਿਨਾ ਗੁਰਬਾਣੀ ਮਨਿ ਭਾਈਆ ਅੰਮ੍ਰਿਤਿ ਛਕਿ ਛਕੇ॥
ਗੁਰ ਤੁਠੈ ਹਰਿ ਪਾਇਆ ਚੂਕੇ ਧਕ ਧਕੇ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ੪੪੯)

ਗੁਰਬਾਣੀ ਪੜ੍ਹਨ, ਸਮਝਣ, ਧਾਰਨ ਕਰਨ ਲਈ ਮਨ ਅੰਦਰ ਗੁਰ ਸ਼ਬਦ ਦੀ ਪ੍ਰੀਤ ਹੋਵੇ। ਪ੍ਰੀਤ ਇੰਨੀ ਗੂੜ੍ਹੀ ਹੋਵੇ ਕਿ ਗੁਰੂ ਪ੍ਰਸੰਨ ਹੋ ਕੇ ਆਪਣੀ ਕਿਰਪਾ ਨਾਲ ਆਤਮਿਕ ਨਿਰਮਲਤਾ ਪ੍ਰਦਾਨ ਕਰ ਦੇਵੇ ਤੇ ਪ੍ਰਮਾਤਮਾ ਨਾਲ ਮੇਲ ਕਰ ਦੇਵੇ। ਗੁਰੂ ਕਿਵੇਂ ਕਿਰਪਾ ਕਰੇਗਾ ਇਹ ਕੇਵਲ ਗੁਰੂ ਹੀ ਜਾਣਦਾ ਹੈ। ਗੁਰਸਿੱਖ ਗੁਰਬਾਣੀ ਸਬੰਧੀ ਪੈਦਾ ਕੀਤੇ ਭਰਮ ਤਿਆਗ ਕੇ ਪ੍ਰਮਾਤਮਾ ਦੀ ਮਿਹਰ ਦਾ ਜਾਚਕ ਬਣੇ। ਉਸ ਦੀ ਕਿਰਪਾ ਨਾਲ ਹੀ ਮਨ ਗੁਰਬਾਣੀ ਧਾਰਨ ਕਰਨ ਜੋਗ ਬਣਦਾ ਹੈ “ਜਿਨ ਕਉ ਕ੍ਰਿਪਾਲੁ ਹੋਆ ਪ੍ਰਭੁ ਮੇਰਾ ਸੇ ਲਾਗੇ ਗੁਰ ਕੀ ਬਾਣੀ॥” ਸਵਾਲ ਕਿਸੇ ਜਾਚ, ਕਿਸੇ ਢੰਗ ਦਾ ਨਹੀਂ, ਗੁਰੂ ਦੀ ਕਿਰਪਾ ਦਾ ਹੈ।

ਗੁਰਸਿੱਖ ਦਾ ਆਨੰਦ ਗੁਰਬਾਣੀ ਰਾਹੀਂ ਪ੍ਰਮਾਤਮਾ ਦੀ ਸ਼ਰਣ ਪ੍ਰਾਪਤ ਕਰ ਲੈਣਾ ਹੈ, “ਸਚੀ ਬਾਣੀ ਹਰਿ ਪਾਈਐ ਹਰਿ ਸਿਉ ਰਹੈ ਸਮਾਇ॥” ਗੁਰਬਾਣੀ ਨਾਲ ਪ੍ਰੀਤ ਕਰਨਾ, ਗੁਰਬਾਣੀ ਅਨੁਸਾਰ ਜੀਵਨ ਢਾਲਣਾ ਦਰਅਸਲ ਪ੍ਰਮਾਤਮਾ ਵਿਚ ਲੀਨ ਹੋਣਾ ਹੈ, ਜੋ ਆਨੰਦ ਦਾ ਸੋਮਾ ਹੈ “ਅਨਦ ਮੂਲੁ ਧਿਆਇਆ ਪੁਰਖੋਤਮੁ ਅਨਦਿਨੁ ਅਨਦ ਅਨੰਦੇ॥” ਆਨੰਦ ਦੀ ਇਹ ਅਵਸਥਾ ਗੁਰਬਾਣੀ ਪੜ੍ਹਨ, ਸੁਣਨ ਸਮੇਂ ਬਣਨੀ ਆਰੰਭ ਹੁੰਦੀ ਹੈ ਤੇ ਸਦੀਵੀ ਬਣ ਜਾਂਦੀ ਹੈ, ਜਦੋਂ ਗੁਰਬਾਣੀ ਨੂੰ ਪੂਰਨ ਤੌਰ ’ਤੇ ਧਾਰਨ ਕਰ ਮਨ ਦੀ ਲਿਵ ਪ੍ਰਮਾਤਮਾ ਵਿਚ ਲੱਗ ਜਾਂਦੀ ਹੈ।

# ਸੁਰੀਲੀ ਆਵਾਜ਼ ਵਾਲਾ ਗੀਤ

(ਸ. ਜਸਵੰਤ ਸਿੰਘ ਘੁੰਮਣ ਦੇ ਸਦੀਵੀ ਵਿਛੋੜੇ 'ਤੇ)



ਕਈ ਦਿਨਾਂ ਤੋਂ
ਸਭਾ ਵਿਚ ਕੋਈ ਗੀਤ ਨਹੀਂ ਲੱਭਾ
ਨਾ ਹੀ ਕੋਈ ਹੇਕ ਧਾਹਾਂ ਮਾਰਦੀ
ਕਿਸੇ ਪਾਸਿਉਂ ਆਈ

ਮਹਿਫ਼ਿਲਾਂ ਨੂੰ
ਗੀਤਾਂ ਨਾਲ ਸਜਾਉਣ ਵਾਲਾ
ਆਪਣੇ ਗ਼ਮਾਂ ਨੂੰ ਲੁਕੋ ਕੇ
ਰਾਹਾਂ ਨੂੰ ਰੌਣਕਾਂ ਨਾਲ ਭਰਨ ਵਾਲਾ
ਸੁਰੀਲੀ ਆਵਾਜ਼ ਵਾਲਾ ਗੀਤ
ਪਤਾ ਨਹੀਂ ਕਿੱਥੇ ਛੁਪ ਗਿਆ ਹੈ

ਯਾਰ ਮੈਂ ਤਾਂ ਤੈਨੂੰ ਕਦ ਦਾ
ਉਡੀਕ ਰਿਹਾ ਸੀ
ਕਿ ਕਿਤੇ ਪਹਾੜਾਂ ਬੀਚਾਂ 'ਤੇ ਘੁੰਮਣ ਜਾਵਾਂਗੇ

ਤੂੰ ਤਾਂ 26 ਅਪ੍ਰੈਲ ਨੂੰ
ਵਾਪਸ ਆ ਜਾਣਾ ਸੀ

ਬੈਗ ਤੇਰਾ ਤਿਆਰ ਪਿਆ ਹੈ
ਪਾਸਪੋਰਟ ਤੇ ਹੋਰ ਡਾਕੂਮੈਂਟਸ
ਬੈਗ ਵਿਚ ਸਾਂਭੇ ਪਏ ਹਨ
ਤੇ ਅਸੀਂ ਤੈਨੂੰ ਲੱਭਦੇ ਫਿਰਦੇ ਹਾਂ

ਕਿੱਧਰ ਚਲਾ ਗਿਆ ਏਂ ਤੂੰ

ਗੀਤ ਗਾਉਣ ਵਾਲੇ ਕਦੇ
ਰਾਗ ਤੋਂ ਵੈਰਾਗੀ ਨਹੀਂ ਹੁੰਦੇ

ਤੂੰ ਯਾਰਾਂ ਵਿਚ ਚਰਚਾ ਸੀ
ਨਿੱਘੀ ਆਵਾਜ਼
ਸਾਹਾਂ ਦੀਆਂ ਪਰਤਾਂ 'ਚ
ਗੂੜ੍ਹੇ ਰੰਗ ਵਾਂਗ ਘੁਲਣ ਵਰਗੀ

ਹਉਕਾ ਭਰ ਕੇ ਵੀ
ਤੂੰ ਨਹੀਂ ਸੀ ਦੱਸਦਾ ਦਿਲ ਦਾ ਗ਼ਮ

ਮੈਂ ਉਹਨੂੰ ਆਖ਼ਰ ਵੇਲੇ ਵੀ ਕਿਹਾ ਸੀ ਕਿ ਰਾਖ਼ 'ਚੋਂ ਉੱਗ ਆਵੀਂ
ਖਿੜ ਪਵੀਂ ਗੁਲਾਬ ਦੇ ਫੁੱਲ ਵਾਂਗ
ਕਿਸੇ ਰਾਹ ਵਿਚ
ਸੱਜਰੇ ਬੋਲ ਦੀ ਹੇਕ ਬਣ ਕੇ

ਤੂੰ ਪਰਤ ਕੇ ਆ ਤਾਂ ਸਹੀ
ਮੈਂ ਤੇਰੇ ਮੱਥੇ 'ਤੇ ਤਾਰੇ ਸਜਾਵਾਂਗਾ

ਗੀਤਾਂ ਦੇ ਬੋਲ
ਕਦੇ ਡੁੱਬਦੇ ਨਹੀਂ ਹੁੰਦੇ
ਤੇ ਫਿਰ ਸੂਰਜ ਨੂੰ ਕਿਉਂ ਲੱਭੀਏ
ਰੁਮਕਦੇ ਬੋਲ ਕਦੇ ਬੁੱਤ ਨਹੀਂ ਬਣਦੇ ਹੁੰਦੇ

ਚੱਲ ਮੇਰਾ ਵਾਅਦਾ ਰਿਹਾ
ਚੰਦ ਤਾਰਿਆਂ ਨੂੰ ਨਰਦਾਂ ਬਣਾ
ਸ਼ਤਰੰਜ ਖੇਡਾਂਗੇ
ਸਾਈਕਲਾਂ 'ਤੇ ਸਿਡਨੀ ਗਾਹਵਾਂਗੇ

ਅਜੇ ਤਾਂ ਆਪਾਂ ਤੇਰੀ ਨਵੀਂ ਕਾਰ 'ਤੇ
ਝੂਟੇ ਲੈਣੇ ਸੀ
ਲੱਡੂ ਖਾਣੇ ਸੀ ਤੇਰੇ ਵੱਟੇ ਹੋਏ ਸਵਾਦੀ

ਤੂੰ ਤਾਂ ਫੋਨ ਹੀ ਬੰਦ ਕਰ ਗਿਆ
ਗਲੀਆਂ ਰਾਹਾਂ 'ਚੋਂ ਛੁਪ ਗਿਆ
ਬੂਹੇ ਢੋਹ ਲਏ ਜੰਦਰਾ ਮਾਰ ਲਿਆ

ਹੁਣ ਦੱਸ
ਅਸੀਂ ਕਿਹਦੇ ਨਾਲ ਮਹਿਫ਼ਲ ਸਜਾਈਏ
ਤੈਨੂੰ ਹੁਣ ਕਿੱਥੋਂ ਸੱਦਣ ਜਾਈਏ

ਤੂੰ ਤਾਂ ਆਪਣੀ ਨੇਮ ਪਲੇਟ ਦਾ
ਨਿਸ਼ਾਨ ਵੀ ਮਿਟਾ ਗਿਆ
ਨੀਹਾਂ ਛੱਡ ਗਿਆ ਭਰੀਆਂ ਭਰਾਈਆਂ ਨਵੇਂ ਉਸਰ ਰਹੇ ਚਾਵਾਂ ਵਾਲੇ
ਮਕਾਨ ਦੀਆਂ

ਉਦਣ ਦੇ ਅਸੀਂ ਤੇਰੇ ਸਾਰੇ ਦੋਸਤ?
ਤੈਨੂੰ ਢਾਣੀ ਵਿਚ ਬੈਠੇ ਉਡੀਕ ਰਹੇ ਹਾਂ
ਕਿ ਆ ਕੇ ਫਿਰ
ਸੁਰੀਲੀ ਆਵਾਜ਼ ਵਿਚ ਇੱਕ ਗੀਤ ਸੁਣਾਵੇਂਗਾ

ਸੋਹਣਿਆ ਏਦਾਂ ਨਹੀਂ ਨਾਰਾਜ਼ ਹੋਈਦਾ ਬੂਹੇ ਨਹੀਂ ਢੋਹੀਦੇ
ਰਾਹ ਨਹੀਂ ਬੰਦ ਕਰੀਦੇ
ਯਾਰਾਂ ਦੇ ਉਮਰਾਂ ਲਈ

ਯਾਦਾਂ ਚੇਤਿਆਂ 'ਚ ਤੈਨੂੰ ਰੱਖਾਂਗੇ
ਸੁਣਦੇ ਰਹਾਂਗੇ ਤੇਰੇ ਗੀਤ

ਅਲਵਿਦਾ ਜਸਵੰਤ...

-ਅਮਰਜੀਤ ਟਾਂਡਾ



ਪੰਜਾਬ ਮੇਲ USA

# ਨਫ਼ਰਤਾਂ ਦੇ ਕੰਡੇ

ਸਿਰ ਉੱਤੇ ਚੁੰਨੀ, ਦਸਤਾਰ ਕਾਹਤੋਂ ਚੁੱਭਦੇ
ਵੈਰੀਆਂ ਨੂੰ ਪਹਿਨਿਓ, ਕਕਾਰ ਕਾਹਤੋਂ ਚੁੱਭਦੇ

ਝੁਠਿਆਂ ਦੇ ਸਿਰਾਂ ਨੂੰ, ਸਲਾਮਾਂ ਨਿੱਤ ਹੁੰਦੀਆਂ
ਖਾਲਸੇ ਦੇ ਸੱਚੇ, ਕਿਰਦਾਰ ਕਾਹਤੋਂ ਚੁੱਭਦੇ

ਕੀਤੇ ਆ ਰਿਕਾਰਡ ਪੈਦਾ, ਹਿੱਕਾਂ ਦਿਆਂ ਜ਼ੋਰਾਂ 'ਤੇ
ਮਿਹਨਤਾਂ ਮਸ਼ੱਕਤਾਂ, ਮਿਆਰ, ਕਾਹਤੋਂ ਚੁੱਭਦੇ

ਚਿਹਰਿਆਂ 'ਤੇ ਖਿੜਿਓ ਜਲਾਲ, ਜ਼ਰ ਹੁੰਦੇ ਨਾ
ਖਾਲਸਾਈ ਚੜ੍ਹਤਾਂ, ਦੀਦਾਰ ਕਾਹਤੋਂ ਚੁੱਭਦੇ

ਪਿੰਡਾਂ 'ਚੋਂ ਭਜਾਏ ਪਹਿਲਾਂ, ਅੱਤਵਾਦੀ ਆਖ ਕੇ
ਹੁਣ, ਵੱਸਦੇ ਸਮੁੰਦਰਾਂ ਤੋਂ, ਪਾਰ ਕਾਹਤੋਂ ਚੁੱਭਦੇ

ਧੱਕੇਸ਼ਾਹੀਆਂ ਠੋਕਰਾਂ ਤੇ, ਵੈਰਾਂ ਦੇ ਲਤਾੜਿਓ
ਡਿੱਗ ਡਿੱਗ ਹੋਏ ਖੱਬਾਂ, ਭਾਰ ਕਾਹਤੋਂ ਚੁੱਭਦੇ

ਜਿਨ੍ਹਾਂ ਨੇ ਬਚਾਏ ਜੰਞੂ, ਧੋਤੀਆਂ ਤੇ ਟੋਪੀਆਂ
ਓਹੀ ਮੁੱਛ ਦਾਹੜੀ, ਦਸਤਾਰ ਕਾਹਤੋਂ ਚੁੱਭਦੇ

ਹਾਰਲੀ ਬੁਲਟ ਉੱਤੇ, ਨੀਲਾ ਚੋਲਾ ਖਿੰਡਦਾ
ਘੋੜਿਆਂ ਤੇ ਸਜਿਓ ਸਵਾਰ, ਕਾਹਤੋਂ ਚੁੱਭਦੇ

ਕੁੜਤੇ ਪਜਾਮੇ ਚਿੱਟੇ, ਜੁੱਤੀ ਪਾਈ ਕੱਢਵੀਂ
ਸਿੰਘ ਹੋ ਕੇ ਨਿਕਲੇ, ਤਿਆਰ ਕਾਹਤੋਂ ਚੁੱਭਦੇ

ਵੱਖਰੀ ਡਰੈੱਸ ਪਾ ਕੇ, ਨਿੱਕਲੇ ਸਜੇਤਿਆ
ਸੋਹਣੇ ਤੇ ਸੁਨੱਖੇ, ਸਰਦਾਰ ਕਾਹਤੋਂ ਚੁੱਭਦੇ

-ਕੁਲਵੀਰ ਸਿੰਘ ਡਾਨਸੀਵਲ, ਸਰ੍ਹੀ, ਬੀ.ਸੀ. ਕੈਨੇਡਾ
778 863 2472



ਪੰਜਾਬ ਮੇਲ USA

# ਨਕਲੀ ਚਿਹਰੇ

ਨਕਲੀ ਚਿਹਰੇ ਵਿੱਚੋਂ ਹੋਰ
ਠਿੱਬੀ ਲਾਉਣ ਨੂੰ ਲਾਉਂਦੇ ਜ਼ੋਰ
ਸਾਹਮਣੇ ਕਰਨ ਉਹ ਜੈ ਜੈਕਾਰ
ਪਿੱਛੋਂ ਕਰਨ ਹੋਰ ਦੀ ਹੋਰ

ਮੂੰਹ ਦੇ ਮਿੱਠੜੇ ਕਲਾਵੇ ਲੈਣ
ਦਿਲ ਦੇ ਵਿਚ ਕੋਈ ਖੋਟ ਹੋਰ
ਕਹਿਣ ਭਾਵੇਂ ਉਹ ਅਸੀਂ ਹਾਂ ਤੇਰੇ
ਅੰਦਰੋਂ ਨੇ ਉਹ ਵੱਡੇ ਚੋਰ

ਮੁਖੌਟਾ ਲਾ ਕੇ ਵਿਚਰਨ ਉਹ
ਕੀਤਾ ਨਾ ਕਦੇ ਇਸ 'ਤੇ ਗੌਰ
ਭੇਤ ਨ ਪਵੇ ਕਦੇ ਕਿਸੇ ਦਾ
ਲਾ ਲਓ ਭਾਵੇਂ ਜਿੰਨਾ ਜ਼ੋਰ
'ਰੰਧਾਵਾ' ਨਹੀਂ ਹੈ ਇੰਡਾ ਭੋਲਾ
ਰਹਿੰਦਾ ਹਰ ਦਮ ਆਪਣੀ ਟੌਰ
ਦੁਨੀਆਂ ਦੇਖੀ ਹੰਡੀ ਵਰਤੀ
ਤੂੰ ਨਹੀਂ ਤਾਂ ਬਥੇਰੇ ਹੋਰ

-ਗੁਰਜਤਿੰਦਰ ਸਿੰਘ ਰੰਧਾਵਾ
ਸੈਕਰਾਮੈਂਟੋ, ਕੈਲੀਫੋਰਨੀਆ
ਫੋਨ: +1 (916) 320-9444



ਪੰਜਾਬ ਮੇਲ USA

# ਬਿਚਾਰਾ ਰੱਬ

ਲੁਕਦਾ ਫਿਰਦਾ ਅੱਜ ਰੱਬ ਬੰਦੇ ਕੋਲੋਂ,
ਮੱਥੇ ਲੱਗਿਆ ਤਾਂ ਸਵਾਲ ਇਲਹਾਮ ਪਾਊ।

ਪੁੱਛੂਗਾ ਉਹ ਹੋਈ ਬੇਇਨਸਾਫ਼ੀ ਬਾਰੇ,
ਕਿਉਂ ਹੋਇਆ ਹੈ ਪੱਖਪਾਤ ਇਲਜ਼ਾਮ ਲਾਊ?

ਜੰਮਣ ਮਰਨ 'ਚ ਹੈ ਨ ਫਰਕ ਕੋਈ,
ਕਾਣੀ ਵੰਡ ਵਾਲਾ ਰਾਗ ਸ਼ਰ੍ਹੇਆਮ ਗਾਊ।

ਭਾਂਡਾ ਕਰਤੂਤ ਦਾ ਭੰਨੂੰ ਵਿਚ ਚੁਰਾਹੇ,
ਜਾਤ-ਪਾਤ ਨਾਬਰਾਬਰੀ ਤਮਾਮ ਸੁਣਾਊ।

ਦੈਂਤ ਮਜ਼੍ਹਬੀ ਜਨੂੰਨ, ਫਿਰਕਾਪ੍ਰਸਤੀ ਦਾ,
ਦਨਦਨਾਉਂਦਾ ਕਿਉਂ ਲਸ਼ਕਰੇ ਲਾਮ ਲਾਊ।

ਕਿਤੇ ਭੁੱਖ ਦੁੱਖ ਦਿੱਤੇ ਕਿਤੇ ਸੁੱਖ ਸਾਰੇ,
ਸਾਂਭ ਹੁੰਦਾ ਨਹੀਂ ਨਾਕਸ ਨਿਜ਼ਾਮ ਸੁਣਾਊ?

ਜੇ ਬੇਵੱਸ ਹੈਂ ਕਿਉਂ ਬਣ ਕੇ 'ਰੱਬ' ਬੈਠਾਂ,
ਮਾਰੂਗਾ ਧਰਨੇ ਖਿਲਾਫ਼ ਚੱਕਾ ਜਾਮ ਲਾਊ।

ਹੱਥੋਪਾਈ ਵੀ ਹੋ ਸਕਦਾ ਹੈ ਨਾਲ਼ ਉਹਦੇ,
ਕਿਉਂ ਹੋ ਗਏ ਨੇ ਦੇਵਤੇ ਬੇਲਗਾਮ ਸੁਣਾਊ?

ਠੇਕੇਦਾਰ ਸਮਾਜ ਦੇ ਜੋ ਨੇ ਥਾਪ ਰੱਖੇ,
ਕਾਰਨਾਮੇ ਭੈੜੇ ਵਾਰ 2 ਲੈ ਕੇ ਨਾਮ ਸੁਣਾਊ।

ਕਿਉਂ ਧਰਮ ਦੇ ਬੂਹੇ ਰਲ਼ ਬੰਦ ਕੀਤੇ,
ਵੱਜੇ ਸੰਖ, ਦੇਵੇ ਬਾਂਗ ਤੇ ਟੱਲ ਆਮ ਖੜਕਾਊ?

ਹੋਇਆ ਇਹੋ ਕਿਰਦਾਰ ਹੈ ਹਾਕਮਾਂ ਦਾ,
ਇੱਕ ਮੁੱਢੋਂ ਕੱਟੇ ਫਾਕੇ, ਦੂਜਾ ਕਿਉਂ ਜਾਮ ਪਾਊ?

ਦਿੱਤੇ ਜਾਣੇ ਨਾ 'ਨੂਰਪੁਰੀ'' ਜਵਾਬ ਸਾਰੇ,
ਨੇਤਾਵਾਂ ਵਾਂਗਰਾਂ ਲੁੱਕਕੇ ਹੀ ਖੁਸ਼ਫਾਹਮ ਪਾਊ।

-ਸੇਵਾ ਸਿੰਘ ''ਨੂਰਪੁਰੀ''



ਪੰਜਾਬ ਮੇਲ USA

# ਮੁਹੱਬਤ: ਇਕ ਜਣਨੀ

ਮੁਹੱਬਤ ਬਣ ਕੇ ਆਈ ਏਂ,
ਤਾਂ,
ਮੁਹੱਬਤ ਬਣ ਕੇ ਦਿਖਾ!

ਗਿਲੇ ਸ਼ਿਕਵੇ ਨਹੀਂ -

ਹੁਣ ਦੀ ਘੜੀ,
ਸਿੱਪੀ ਵਾਂਗ ਖੁੱਲ੍ਹ ਜਾ!!!

ਪ੍ਰੇਮੀ ਵੀ ਇਕ ਆਸਮਾਨ ਹੁੰਦਾ ਹੈ,
ਉਸ ਨੂੰ ਆਪਣੇ ਅੰਦਰ ਸਮਾਅ,
ਜਣਨੀ ਬਣ ਜਾ!!!

-ਰਵਿੰਦਰ ਰਵੀ, ਕੈਨੇਡਾ
250-635-4455



ਪੰਜਾਬ ਮੇਲ USA

# PUNJAB MAIL USA

TV Channel, Newspaper, Radio

24 Hours 7 Days




## All over America, Canada, Australia & Europe

- IP TV (24 Hours)
- App: Punjab Mail USA (24 Hours)
- Youtube : Punjab Mail USA
- Facebook Page : Punjab Mail USA
- Instagram : Punjab Mail USA
- Website: punjabmailusa.com
- E-mail: punjabmailtv@gmail.com

*Gold # 2867, Gem # 375, TV Zon # 6888, Glow TV # 1828, Tashan # 131, Real TV etc.*

For any Information & Advertisement Call at

**+1-916-320-9444**



## FOR SALE & PURCHASE OF ANY KIND OF PROPERTY

RE/MAX



RE/MAX®
Outstanding Agents
Outstanding Results®
DRE Lic. # 01215931 (Broker)

# Gurjatinder S. Randhawa

REALTOR CA DRE licence # 01490567

**916-320-9444**